# ਵਿਗਿਆਨ ਜੋਤ

***ਸਾਲ 8, ਅੰਕ 3***

ਮਈ-ਜੂਨ, 2013

**PUNPUN/2006/17457**

ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ :ਅਜਮੇਰ ਸਿੱਧੂ
ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ

**ਸੰਪਾਦਕੀ ਬੋਰਡ**

- ❊ ਮੇਘ ਰਾਜ ਰੱਲਾ
- ❊ ਰਾਜਾ ਰਾਮ ਹੰਢਿਆਇਆ
- ❊ ਹਰਪਿੰਦਰ ਬਰਾੜ (ਕੈਨੇਡਾ)
- ❊ ਡਾ. ਹਰੀਸ਼ ਮਲਹੋਤਰਾ ਬਰਮਿੰਘਮ
- ❊ ਸੁਖਵੀਰ ਰੈਣਾ
- ❊ ਡਾ. ਗੁਰਵਿੰਦਰ ਸਿੰਘ ਐਮ. ਡੀ.
- ❊ ਡਾ. ਵਿਸ਼ਾਲ ਭਾਰਤੀ ਐਮ.ਡੀ.
- ❊ ਡਾ. ਪਵਿੱਤਰ ਅਮਰਗੜ੍ਹ
- ❊ ਤਲਵਿੰਦਰ ਸੱਭਰਵਾਲ
- ❊ ਪਵਨ ਕੁਮਾਰ ਰੱਤੋ

**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@yahoo.com

***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।

ਸੰਪਾਦਕੀ

## ਦੁਨੀਆਂ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ




ਅੱਜ ਦੋਂ 195 ਕੁ ਵਰ੍ਹੇ ਪਹਿਲਾ ਅਮਰੀਕਾ ਦੇ ਸ਼ਹਿਰ ਸ਼ਿਕਾਗੋਂ 'ਚ ਹੱਕ ਮੰਗਦੇ ਮਜ਼ਦੂਰਾਂ ਨੂੰ ਸਾਮਰਾਜੀ ਲਾਬੀ ਨੇ ਗੋਲੀਆਂ ਨਾਲ ਭੁੰਨ ਸੁੱਟਿਆ ਸੀ। ਉਨ੍ਹਾਂ ਗੋਲੀਆਂ ਦੀ ਗੜਗੜਾਹਟ ਨੇ ਹੀ ਸੰਸਾਰ ਭਰ 'ਚ ਸਾਮਰਾਜ ਦੇ ਹੰਕਾਰੀ ਕਵਚ ਨੂੰ ਛੱਲਣੀ ਕਰ ਸੁੱਟਿਆ ਸੀ। ਪਹਿਲੀ ਮਈ ਦਾ ਇਹ ਖੂਨੀ ਦਿਨ ਮਨੁੱਖੀ ਇਤਿਹਾਸ ਦਾ ਉਹ ਸੁਨਹਿਰੀ ਦਿਨ ਹੋ ਨਿਬੜਿਆ ਜਦ ਦੁਨੀਆਂ ਭਰ ਦੇ ਮਜ਼ਦੂਰ ਸ਼ਿਕਾਰ ਸ਼ਹਿਰ ਦੀ ਧਰਤੀ ਤੇ ਸ਼ਹਾਦਤ ਦਾ ਜਾਮ ਪੀ ਗਏ ਆਪਨੇ ਸਾਥੀਆਂ ਨੂੰ ਹਰ ਵਰ੍ਹੇ ਫ਼ਖ਼ਰ ਨਾਲ ਯਾਦ ਕਰਦੇ ਹਨ। ਇਤਿਹਾਸ ਇਸ ਗੱਲ ਦੀ ਵੀ ਗਵਾਹੀ ਭਰਦਾ ਹੈ ਕਿ ਸਾਮਰਾਜ ਇਸ ਦਿਨ ਤੋਂ ਕਦੇ ਮੁਕਤ ਨਹੀਂ ਹੋ ਸਕੇਗਾ।

ਸੰਸਾਰ ਦਾ ਅਰਥਚਾਰਾ ਅਤੇ ਮਨੁੱਖੀ ਤਰੱਕੀ ਇਨ੍ਹਾਂ ਮਜ਼ਦੂਰਾਂ ਦੁਆਰਾ ਵਹਾਏ ਪਸੀਨੇ ਦੀ ਮਹਿਕ 'ਤੇ ਟਿਕੀ ਹੁੰਦੀ ਹੈ। ਸ਼ਰਮਾਏਦਾਰੀ ਜਮਾਤ, ਹਕੂਮਤਾਂ ਅਤੇ ਆਦਮ-ਬੋ-ਆਦਮ-ਬੋ ਕਰਦਾ ਸਾਮਰਾਜ ਇੰਨ੍ਹਾਂ ਹੀ ਘਿਨਾਉਣੀਆਂ ਆਦਤਾਂ ਦਾ ਸ਼ਿਕਾਰ ਹੁੰਦੇ ਹਨ ਕਿ ਕਿਵੇਂ ਨਾ ਕਿਵੇਂ ਮਜ਼ਦੂਰਾਂ ਦੇ ਹੱਕਾਂ ਨੂੰ ਸੰਨ ਲਾਈ ਜਾ ਸਕੇ। ਪਰ ਮਿੱਟੀ ਨਾਲ ਮਿੱਟੀ ਹੋਕੇ ਸੋਨਾ ਉਗਾਉਣ ਵਾਲੀ ਮਜ਼ਦੂਰ ਜਮਾਤ 'ਚ ਟੱਕਰ ਲਵੋ ਦੀ ਇਹ ਸਮਰੱਥਾ ਬਰਕਰਾਰ ਰਹੇਗੀ ਸਾਮਰਾਜ ਦਾ ਬੋਅ ਮਾਰਦਾ ਰਾਜ ਪ੍ਰਬੰਧ ਸਮੇਂ-ਸਮੇਂ ਤੇ ਰਾਸ ਖਾ ਕੇ ਅਧਮੋਇਆ ਹੁੰਦਾ ਰਹੇਗਾ। ਸਮਾਜਵਾਦ ਦੇ ਪਿਤਾਮਾ ਦੇ ਇਹ ਸ਼ਬਦ "ਦੁਨੀਆਂ" ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ ਮਜ਼ਦੂਰ ਬਾਨੀ ਦਾ ਮੁੱਖ ਸਲੋਕ ਬਣ ਗਏ ਹਨ। ਸਾਮਰਾਜਵਾਦ ਦੇ ਲੁੱਟ ਖਸੁੱਟ ਦੇ ਬਦਲਦੇ ਢੰਗ ਜਿੱਥੇ ਮਜ਼ਦੂਰਾਂ ਦੀ ਨੀਂਦ ਤੋੜਦੇ ਹਨ ਉਥੇ ਮਜ਼ਦੂਰਾਂ ਨੂੰ ਨਵੀਂ ਲਾਮਬੰਦੀ ਲਈ ਵੀ ਉਤੇਜਤ ਕਰਦੇ ਹਨ। ਪੰਜਾਬ ਦੀ ਧਰਤੀ 'ਤੇ ਬਾਬੇ ਨਾਨਕ ਦਾ ਕਿਰਤ ਸੱਭਿਆਚਾਰ ਵੀ ਦਿਨੋਂ ਦਿਨ ਦਮ ਤੋੜਦਾ ਨਜ਼ਰ ਆ ਰਿਹਾ ਹੈ ਕਿਉਂਕਿ ਇਥੇ ਵੀ ਵਿਹਲੜ ਬਾਬਿਆਂ ਦੁਆਰਾ ਲੋਕਾਂ ਦੀ ਹੱਕ ਸੱਚ ਦੀ ਕਮਾਈ ਨੂੰ ਹਕੂਮਤਾਂ ਦੀ ਮਿਲੀ ਭੁਗਤ ਨਾਲ ਉਡਾਇਆ ਜਾ ਰਿਹਾ ਹੈ।

ਸੰਸਾਰ ਦੇ ਹਰ ਖਿੱਤੇ ਮਜ਼ਦੂਰਾਂ ਦੀ ਲੁੱਟ-ਖਸੁੱਟ ਬਦਲਵੇ ਢੰਗ ਨਾਲ ਜਾਰੀ ਹੈ, ਮਜ਼ਦੂਰ ਜਮਾਤ 'ਚ ਵੀ ਸਾਮਰਾਜੀ ਰਾਜ ਪ੍ਰਬੰਧ ਸਮੇਂ ਸਮੇਂ 'ਤੇ ਤਰੇੜਾਂ ਪਾਉਣ ਲਈ ਹੱਥਕੰਡੇ ਵਰਤਦਾ ਰਹਿੰਦਾ ਹੈ। ਭਾਰਤ ਵਰਗੇ ਆਪੇ ਬਣੇ ਮਹਾਨ ਮੁਲਕਾਂ 'ਚ ਮਜ਼ਦੂਰਾਂ ਦੀ ਤਰਾਸਦੀ ਕੁਝ ਜ਼ਿਆਦਾ ਹੀ ਭਿਆਨਕ ਹੈ। ਇੱਥੇ ਹੱਕ ਮੰਗਦੇ ਮਜ਼ਦੂਰਾਂ ਨੂੰ ਹੱਕ ਨਹੀਂ ਸਗੋਂ ਮਾਰਧਾੜ ਨਾਲ ਨਿਵਾਜਿਆ ਜਾਂਦਾ ਹੈ। ਕਿਰਤ ਦਾ ਇਹ ਮਸੀਹਾ (ਮਜ਼ਦੂਰ) ਜਿੱਥੇ ਸਿਹਤ ਸਿੱਖਿਆ ਵਰਗੀਆਂ ਦਾਤਾ ਤੋਂ ਵਿਹੂਣਾ ਹੈ ਉਥੇ ਹਕੂਮਤਾਂ ਦੇ ਪੱਖਪਾਤੀ ਨਾਗ ਦੁਆਰਾ ਵੀ ਡੱਸਿਆ ਜਾ ਰਿਹਾ ਹੈ।

ਸੋ ਅਦਾਰਾ 'ਵਿਗਿਆਨ ਜੋਤ' ਸ਼ਿਕਾਗੋ ਦੇ ਸ਼ਹੀਦਾਂ ਨੂੰ ਨਤਮਸਤਕ ਹੁੰਦਾ ਹੋਇਆ ਕਾਰਲ ਮਾਰਕਸ ਦੇ ਇਸ ਕਥਨ "ਦੁਨੀਆਂ ਭਰ ਦੇ ਮਜ਼ਦੂਰੋਂ ਇੱਕ ਹੋ ਜਾਓ" ਦਾ ਵੀ ਮੁੱਦਈ ਹੈ।

**– ਰਣਜੀਤ ਝੁਨੇਰ**

**ਵਿਸ਼ੇਸ਼ ਲੇਖ**

# ਡਾ. ਕੋਵੂਰ ਤਰਕਸ਼ੀਲ ਕਿਵੇਂ ਬਣਿਆ?

**ਲੇਖਕ :**
**ਮੇਘ ਰਾਜ ਮਿੱਤਰ**

ਤਰਕਸ਼ੀਲ ਭਾਵੇਂ ਪੁਨਰਜਨਮ ਵਿੱਚ ਵਿਸ਼ਵਾਸ ਨਹੀਂ ਰੱਖਦੇ ਪਰ ਉਨ੍ਹਾਂ ਨੇ ਪੁਨਰਜਨਮ ਕਰਕੇ ਵਿਖਾਇਆ ਹੈ। ਡਾ. ਕੋਵੂਰ ਦੇ ਵਿਛੋੜੇ ਨੂੰ ਭਾਵੇਂ ਛੇ ਵਰ੍ਹੇ ਬੀਤ ਗਏ ਸਨ ਪਰ ਪੰਜਾਬ ਦੇ ਤਰਕਸ਼ੀਲਾਂ ਨੇ ਉਸਨੂੰ ਸ਼੍ਰੀਲੰਕਾ ਵਿੱਚੋਂ ਬਰਨਾਲੇ ਦੀ ਧਰਤੀ 'ਤੇ ਲਿਆ ਕੇ 1984 ਵਿੱਚ ਮੁੜ ਜਿਉਂਦਾ ਕਰਕੇ ਵਿਖਾ ਦਿੱਤਾ। ਜਿਸਮਾਨੀ ਤੌਰ 'ਤੇ ਭਾਵੇਂ ਉਹ ਉਸਨੂੰ ਨਹੀਂ ਲਿਆ ਸਕੇ ਪਰ ਉਸਦੀ ਵਿਚਾਰਧਾਰਾ ਨੇ ਇਹ ਸਫ਼ਰ ਕੀਤਾ ਹੈ।

ਡਾ. ਕੋਵੂਰ ਦਾ ਜਨਮ ਦਸ ਅਪ੍ਰੈਲ ਅਠਾਰਾ ਸੌ ਉਠਾਨਵੇਂ ਨੂੰ ਕੇਰਲਾ ਦੇ ਸ਼ਹਿਰ ਤਿਰੂਵਾਲਾ ਵਿਖੇ ਹੋਇਆ। ਉਸਦਾ ਪਿਤਾ ਰੈਵ ਕੋਵੂਰ ਇੱਕ ਗਿਰਜੇ ਦਾ ਪਾਦਰੀ ਸੀ। ਘਰ ਵਿੱਚ ਈਸਾਈ ਧਰਮ ਦਾ ਬੋਲਬਾਲਾ ਸੀ। ਹਰ ਆਉਣ ਵਾਲਾ ਮਹਿਮਾਨ ਭੇਂਟ ਵਜੋਂ ਬਾਈਬਲ ਦੇ ਕੁਝ ਸਲੋਕ ਲੈ ਕੇ ਹਾਜ਼ਰ ਹੁੰਦਾ ਤੇ ਜਾਣ ਸਮੇਂ ਵੀ ਬਾਈਬਲ ਦੀਆਂ ਸਿੱਖਿਆਵਾਂ ਹੀ ਉਸਦੇ ਪੱਲੇ ਹੁੰਦੀਆਂ। ਹੁਣ ਸੁਆਲ ਇਹ ਖੜ੍ਹਾ ਹੁੰਦਾ ਹੈ ਕਿ ਗਿਰਜੇ ਦੇ ਪਾਦਰੀ ਦਾ ਸਪੁੱਤਰ ਅਬਰਾਹਿਮ ਕੋਵੂਰ ਜਿਸਨੂੰ ਗੁੜਤੀ ਵੀ ਈਸਾਈ ਧਰਮ ਦੀ ਮਿਲੀ ਸੀ ਉਹ ਤਰਕਸ਼ੀਲ ਲਹਿਰ ਦਾ ਧਰੂ ਤਾਰਾ ਕਿਵੇਂ ਬਣ ਗਿਆ? ਉਸਦੀਆਂ ਪੁਸਤਕਾਂ ਦੇ ਅਨੁਵਾਦ ਕਰਨ ਲੱਗਿਆ ਮੈਂ ਉਸਦੇ ਜੀਵਨ ਵਿੱਚ ਵਾਪਰੀਆਂ ਕੁਝ ਅਜਿਹੀਆਂ ਘਟਨਾਵਾਂ ਦਾ ਅਧਿਐਨ ਕੀਤਾ ਹੈ ਤੇ ਇਸ ਨਤੀਜੇ ਤੇ ਪਹੁੰਚਿਆ ਹੈ ਕਿ ਹੇਠ ਲਿਖੀਆਂ ਘਟਨਾਵਾਂ ਨੇ ਕੋਵੂਰ ਨੂੰ ਤਰਕ ਨਾਲ ਜ਼ਿੰਦਗੀ ਜਿਉਣੀ ਸਿਖਾਈ ਹੈ।



ਜਦੋਂ ਵੀ ਕੋਈ ਵਿਅਕਤੀ ਆਪਣੇ ਇਲਾਕੇ ਨੂੰ ਛੱਡ ਕੇ ਕਿਸੇ ਹੋਰ ਥਾਂ ਉਤੇ ਆਪਣੀ ਜ਼ਿੰਦਗੀ ਦੇ ਕੁਝ ਵਰ੍ਹੇ ਗੁਜ਼ਾਰਦਾ ਹੈ ਤਾਂ ਉਸਦੀ ਸੋਚ ਦਾ ਘੇਰਾ ਵੀ ਵਿਸ਼ਾਲ ਹੁੰਦਾ ਜਾਂਦਾ ਹੈ। ਸਿੱਖ ਧਰਮ ਦਾ ਇਤਿਹਾਸ ਫਰੋਲਦਿਆਂ ਵੀ ਇਸ ਗੱਲ ਦੀ ਝਲਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚੋਂ ਵੀ ਮਿਲਦੀ ਹੈ। ਨਾਨਕ ਕਦੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨਾ ਬਣਦਾ ਜੇ ਉਸਨੇ ਉਦਾਸੀਆਂ ਨਾ ਕੀਤੀਆਂ ਹੁੰਦੀਆਂ। ਕੋਵੂਰ ਤੇ ਉਸਦੇ ਭਰਾ ਬਹਿਨਾਨ ਕੋਵੂਰ ਨੂੰ ਆਪਣੇ ਵਿਦਿਆਰਥੀ ਜੀਵਨ ਵਿੱਚ ਤਿਰੂਵਾਲਾ ਨੂੰ ਛੱਡਕੇ 1921 ਤੋਂ 1924 ਤੱਕ ਕਲਕੱਤਾ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨੀ ਪਈ। ਕਲਕੱਤਾ ਗੰਗਾ ਕਿਨਾਰੇ ਵਸਿਆ ਸ਼ਹਿਰ ਹੈ। ਇਸ ਲਈ ਹੀ ਕੇਰਲਾ ਦੇ ਵਸਨੀਕ ਇਨ੍ਹਾਂ ਵਿਦਿਆਰਥੀਆਂ ਨੂੰ ਸ਼ਰਧਾ ਦੀ ਨਜ਼ਰ ਨਾਲ ਵੇਖਦੇ ਸਨ ਕਿ ਇਹ ਲੜਕੇ ਕਿੰਨੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਗੰਗਾ ਵਿੱਚ ਇਸ਼ਨਾਨ ਕਰਨ ਦਾ ਮੌਕਾ ਮਿਲਦਾ ਹੈ।" ਪਰ ਜਦੋਂ ਕੋਵੂਰ ਗੰਗਾ ਵਿੱਚ ਇਸਨਾਨ ਕਰਦਾ ਹੈ ਤਾਂ ਇੱਕ ਮਨੁੱਖੀ ਮ੍ਰਿਤਕ ਦੇਹ ਦਾ ਜੁਦਾ ਹੋਇਆ ਹੱਥ ਉਸਦੇ ਸਿਰ ਨਾਲ ਆ ਛੂਹਦਾ ਹੈ ਕਿਉਂਕਿ ਬਹੁਤ ਸਾਰੇ ਹਿੰਦੂ ਆਪਣੇ ਮ੍ਰਿਤਕਾਂ ਦਾ ਕ੍ਰਿਆ ਕਰਮ ਕਰਨ ਲਈ ਉਸਦੇ ਮ੍ਰਿਤਕ ਸਰੀਰ ਨੂੰ ਗੰਗਾ ਵਿੱਚ ਰੋੜ੍ਹ ਦਿੰਦੇ ਸਨ। ਕੋਵੂਰ ਵੇਖਦਾ ਹੈ ਕਿ ਕਿਵੇਂ ਗੰਗਾ ਵਿੱਚ ਮ੍ਰਿਤਕਾਂ ਦੀਆਂ ਦੇਹਾਂ ਆ ਕੇ ਪਾਣੀ ਨੂੰ ਗੰਦਾ ਕਰਦੀਆਂ ਹਨ। ਇਸ ਲਈ ਕੋਵੂਰ ਫੈਸਲਾ ਕਰਦਾ ਹੈ ਕਿ ਉਹ ਆਪਣੇ ਸ਼ਹਿਰ ਵਾਸ਼ੀਆਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਲਈ ਇਸ ਦੂਸ਼ਿਤ ਪਾਣੀ ਦੀਆਂ ਬੋਤਲਾਂ ਨਹੀਂ ਲੈ ਕੇ ਜਾਵੇਗਾ। ਗੰਗਾ ਦੇ ਪਾਣੀ ਦੀ ਬਜਾਏ ਉਹ ਆਪਣੇ ਸ਼ਹਿਰ ਦੇ ਨਜ਼ਦੀਕੀ ਰੇਲਵੇ ਸਟੇਸ਼ਨ ਤੋਂ ਭਰੀਆਂ ਬੋਤਲਾਂ ਦਾ ਪਾਣੀ ਹੀ ਉਨ੍ਹਾਂ ਨੂੰ ਦੇ ਦਿੰਦਾ ਹੈ। ਅਗਲੇ ਸਾਲ ਉਹ ਇਸ ਪਾਣੀ ਨਾਲ ਠੀਕ ਹੋਏ ਵਿਅਕਤੀਆਂ ਦੇ ਚਮਤਕਾਰਾਂ ਦੇ ਕਿੱਸੇ ਸੁਣਦਾ ਹੈ। ਇਸ ਤਰ੍ਹਾਂ ਦਰਸਾਈਆਂ ਕਰਾਮਾਤਾਂ ਦੀਆਂ ਕਹਾਣੀਆਂ ਉਸਦੇ ਮਨ ਵਿੱਚ ਸੁਆਲ ਖੜ੍ਹੇ ਕਰਦੀਆਂ ਹਨ। ਉਂਝ ਵੀ ਕੇਰਲਾ ਦੀਆਂ ਪਵਿੱਤਰ ਰਸਮਾਂ ਅਤੇ ਬੁਰੇ ਸ਼ਗਨਾਂ ਦਾ ਕਲਕੱਤੇ ਦੇ ਸ਼ੁਭ ਮਹੂਰਤਾਂ ਅਤੇ ਸ਼ੁਭ ਲਗਨਾਂ ਨਾਲੋਂ ਹਜ਼ਾਰਾਂ ਗੁਣਾ ਦਾ ਵਖਰੇਵਾਂ ਵੀ ਉਸਦੇ ਮਨ ਵਿੱਚ ਕਿੰਤੂ ਪ੍ਰੰਤੂ ਉਪਜਾਉਂਦਾ। ਜਦੋਂ ਕਿਸੇ ਵੀ ਵਿਅਕਤੀ ਦੇ ਮਨ ਵਿੱਚ ਸੁਆਲ ਖੜ੍ਹੇ ਹੋਣੇ ਸ਼ੁਰੂ ਹੋ ਜਾਣ ਤਾਂ ਉਹ ਆਪਣੀਆਂ ਪੰਜੇ ਗਿਆਨ ਇੰਦਰੀਆਂ ਦੀ ਵਰਤੋਂ ਕਰਨਾ ਸ਼ੁਰੂ ਕਰ ਦਿੰਦਾ ਹੈ। ਉਹ ਅੱਖਾਂ ਨਾਲ ਵੇਖਦਾ ਹੈ, ਕੰਨਾਂ ਨਾਲ ਸੁਣਦਾ ਹੈ, ਸੁਗੰਧ ਦੁਰਗੰਧ ਸੁੰਘਦਾ ਹੈ। ਚਮੜੀ ਨਾਲ ਮਹਿਸੂਸਦਾ ਅਤੇ ਜੀਭ ਨਾਲ ਸੁਆਦ ਵੀ ਚੱਖਦਾ ਹੈ ਤੇ ਇਹ ਸਾਰੇ ਸੰਵੇਦੀ ਅਨੁਭਵ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਦੀ ਸੋਚ ਵਿੱਚ ਤਬਦੀਲੀ ਦਾ ਕਾਰਨ ਬਣਦੇ ਹਨ। ਇਸ ਤਰ੍ਹਾਂ ਲੋਕਾਂ ਵੱਲੋਂ ਸੁਣਾਈਆਂ ਜਾਂਦੀਆਂ ਕਰਾਮਾਤੀ ਗੱਲਾਂ ਪ੍ਰਤੀ ਉਸਦੀ ਪਹੁੰਚ ਵਿਗਿਆਨਕ ਬਣਦੀ ਗਈ।

ਸੋਚਾਂ ਵਿੱਚ ਡੁੱਬਿਆ ਕੋਵੂਰ ਤਿਰੂਵਾਲਾ ਦੀਆਂ ਸੜਕਾਂ ਉੱਤੇ ਹਾਏ ਹੱਲਾ ਕਰਦੇ ਨੰਬੂਦਰੀ ਬ੍ਰਾਹਮਣਾਂ ਨੂੰ ਜਦੋਂ ਵੇਖਦਾ ਹੈ ਤਾਂ ਉਸਦੀਆਂ

ਕਲਪਨਾਵਾਂ ਦੀ ਲੜੀ ਟੁੱਟ ਜਾਂਦੀ। ਸੜਕਾਂ ਤੇ ਤੁਰਦੇ ਸਮੇਂ ਨਬੂੰਦਰੀ ਬ੍ਰਾਹਮਣ ਇਹ ਰੌਲਾ ਇਸ ਲਈ ਪਾਇਆ ਕਰਦੇ ਸਨ ਤਾਂ ਜੋ ਕੋਈ ਨੀਵੀਂ ਜਾਤੀ ਦਾ ਆਦਮੀ ਉਨ੍ਹਾਂ ਨੂੰ ਛੂਹ ਨਾ ਜਾਵੇ ਜਿਸ ਕਾਰਨ ਉਹ ਭਿੱਟੇ ਜਾਣ। ਅਜਿਹੀ ਘਟਨਾ ਦਾ ਵਰਨਣ ਕਰਦਿਆਂ ਡਾਕਟਰ ਕੋਵੂਰ ਆਪਣੀ ਕਿਤਾਬ "ਦੇਵ ਦੈਂਤ ਤੇ ਰੂਹਾਂ' ਵਿੱਚ ਲਿਖਦਾ ਹੈ ਕਿ ਇੱਕ ਵਾਰ ਉਹ ਨਦੀ ਪਾਰ ਕਰਨ ਲਈ ਕਿਸ਼ਤੀ ਵਿੱਚ ਜਾਣ ਦੀ ਸੋਚ ਰਿਹਾ ਸੀ ਤਾਂ ਇੱਕ ਵੱਡਾ ਨਬੂੰਦਰੀ ਬ੍ਰਾਹਮਣ ਕਿਸ਼ਤੀ ਵਿੱਚ ਸਵਾਰ ਹੋ ਕੇ ਬੈਠ ਗਿਆ ਅਤੇ ਉਸਨੂੰ ਕਿਸ਼ਤੀ ਚਲਾਉਣ ਲਈ ਕਹਿਣ ਲੱਗਿਆ। ਪਰ ਕੋਵੂਰ ਨੇ ਆਪਣੇ ਸਹਿਯੋਗੀ ਕੁਨਹੀਰਾਮਨ ਨੂੰ ਧੱਕੇ ਨਾਲ ਬਿਠਾ ਕੇ ਕਿਸ਼ਤੀ ਰੇੜਨ ਲਈ ਕਿਹਾ। ਇੱਕ ਅਛੂਤ ਨੂੰ ਕਿਸ਼ਤੀ ਚਲਾਉਂਦਿਆਂ ਵੇਖ ਕੇ ਨਬੂੰਦਰੀ ਨੇ ਕਿਸ਼ਤੀ ਵਿੱਚੋਂ ਛਾਲ ਮਾਰ ਦਿੱਤੀ। ਉਹ ਤੈਰਨਾ ਨਹੀਂ ਸੀ ਜਾਣਦਾ। ਸੋ ਡੁੱਬਣ ਲੱਗਿਆ ਜਦੋਂ ਕੁਨਹੀਰਾਮਨ ਨੇ ਉਸਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਤਾਂ ਉਸਨੇ ਬਹੁਤ ਸ਼ਰਮਿੰਦਗੀ ਮਹਿਸੂਸ ਕੀਤੀ। ਬਚਪਨ ਵਿੱਚ ਵਾਪਰੀਆਂ ਅਜਿਹੀਆਂ ਘਟਨਾਵਾਂ ਨੇ ਕੋਵੂਰ ਦੀ ਸੋਚ ਨੂੰ ਜਾਤ ਪਾਤ ਰਹਿਤ ਕੀਤਾ।

1928 ਵਿੱਚ ਕੋਵੂਰ ਨੇ ਸੈਂਟਰਲ ਕਾਲੇਜ ਜਾਫਨਾ ਵਿੱਚ ਬਤੌਰ ਲੈਕਚਰਾਰ ਨੌਕਰੀ ਸ਼ੁਰੂ ਕਰ ਲਈ। ਪਹਿਲੇ ਹੀ ਦਿਨ ਕਾਲੇਜ ਵਿੱਚ ਮੀਂਹ ਪਵਾਉਣ ਲਈ ਪ੍ਰਾਰਥਨਾ ਕੀਤੀ ਗਈ ਜਿਸ ਵਿੱਚ ਸਾਰੇ ਪ੍ਰੋਫੈਸਰ ਤੇ ਵਿਦਿਆਰਥੀ ਇਕੱਠੇ ਕੀਤੇ ਗਏ। ਭੋਜਨ ਕਰਨ ਸਮੇਂ ਜਦੋਂ ਕੋਵੂਰ ਨੇ ਕਾਲੇਜ ਦੇ ਪ੍ਰਿੰਸੀਪਲ ਨੂੰ ਪੁੱਛਿਆ ਕਿ "ਬਰਸਾਤ ਕਿਵੇਂ ਹੁੰਦੀ ਹੈ?" ਤਾਂ ਉਹ ਕਹਿਣ ਲੱਗਿਆ ਕਿ ਤਾਪਮਾਨ, ਹਵਾ ਦੀ ਦਿਸ਼ਾ, ਹਵਾ ਦਾ ਦਬਾਉ, ਹਵਾ ਦੀ ਨਮੀ ਅਤੇ ਬੱਦਲਾਂ ਦੀ ਉਪਲਬਧੀ ਆਦਿ ਅਜਿਹੇ ਕਾਰਨ ਹੁੰਦੇ ਹਨ ਜੋ ਬਰਸਾਤ ਪਵਾਉਂਦੇ ਹਨ ਤਾਂ ਕੋਵੂਰ ਨੇ ਪ੍ਰਿੰਸੀਪਲ ਸਾਹਿਬ ਨੂੰ ਕਿਹਾ ਕਿ ਇਨ੍ਹਾਂ ਕਾਰਨਾਂ ਵਿੱਚ ਪ੍ਰਾਰਥਨਾ ਨੂੰ ਤੁਸੀਂ ਸ਼ਾਮਿਲ ਨਹੀਂ ਕੀਤਾ। ਕੀ ਇਸਦਾ ਵੀ ਕੋਈ ਰੋਲ ਹੁੰਦਾ ਹੈ?" ਤਾਂ ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, "ਕੋਵੂਰ ਤੂੰ ਮੈਨੂੰ ਇਸ ਨੁਕਤੇ ਤੇ ਫਸਾ ਲਿਆ ਹੈ। ਛੱਡ ਆਪਾਂ ਭੋਜਨ ਖਾਣ ਵੱਲ ਧਿਆਨ ਦੇਈਏ।" ਇਸ ਤਰ੍ਹਾਂ ਹੀ ਇਸੇ ਕਾਲੇਜ ਵਿੱਚ ਇੱਕ ਹੋਰ ਘਟਨਾ ਨੇ ਕੋਵੂਰ ਨੂੰ ਜ਼ਿੰਦਗੀ ਪ੍ਰਤੀ ਆਪਣੀ ਸੋਚ ਨੂੰ ਪ੍ਰਸਾਰਨ ਦੇ ਪ੍ਰਚਾਰਨ ਪ੍ਰਤੀ ਚੌਕਸ ਕੀਤਾ। ਹੋਇਆ ਇੰਝ ਕਿ ਬਨਸਪਤੀ ਵਿਗਿਆਨ ਪੜ੍ਹਾਉਣ ਨਾਲ ਨਾਲ ਉਸਨੂੰ ਵੱਡੀਆਂ ਜਮਾਤਾਂ ਨੂੰ ਬਾਈਬਲ ਪੜ੍ਹਾਉਣ ਦਾ ਵਿਸ਼ਾ ਵੀ ਸੰਭਾਲ ਦਿੱਤਾ ਗਿਆ। ਬਾਈਬਲ ਵਿੱਚ ਲਿਖੀਆਂ ਗੱਲਾਂ ਜਦੋਂ ਉਸਨੇ ਵਿਦਿਆਰਥੀਆਂ ਨੂੰ ਦੱਸੀਆਂ ਤਾਂ ਉਹ ਸਾਰੇ ਬਾਈਬਲ ਵਿੱਚੋਂ ਬਹੁਤ ਚੰਗੇ ਨੰਬਰ ਪ੍ਰਾਪਤ ਕਰਕੇ ਪਾਸ ਹੋ ਗਏ।

ਅਗਲੇ ਸਾਲ ਉਸਨੂੰ ਬਾਈਬਲ ਦਾ ਵਿਸ਼ਾ ਪੜ੍ਹਾਉਣ ਲਈ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਜਦੋਂ ਉਸਨੇ ਇਸ ਗੱਲ ਦੀ ਜਾਣਕਾਰੀ ਲਈ ਤਾਂ ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, "ਇਹ ਗੱਲ ਠੀਕ ਹੈ ਕਿ ਤੇਰੇ ਸਾਰੇ ਵਿਦਿਆਰਥੀ ਵਧੀਆ ਨੰਬਰ ਲੈ ਕੇ ਬਾਈਬਲ ਵਿੱਚੋਂ ਪਾਸ ਹੋ ਗਏ ਹਨ ਪਰ ਅਫਸੋਸ ਇਸ ਗੱਲ ਦਾ ਹੈ ਕਿ ਉਨ੍ਹਾਂ ਸਾਰੇ ਵਿਦਿਆਰਥੀਆਂ ਦਾ ਵਿਸ਼ਵਾਸ ਧਰਮ ਵਿੱਚੋਂ ਖਤਮ ਹੋ ਗਿਆ ਹੈ।" ਕੋਵੂਰ ਨੇ ਵਿਆਹ ਕਰਵਾਉਣ ਸਮੇਂ ਆਪਣੀ ਪਤਨੀ ਅੱਕਾ ਕੋਵੂਰ ਤੋਂ ਇਹ ਵਾਅਦਾ ਲਿਆ ਸੀ ਕਿ "ਅਸੀਂ ਆਪਣੀ ਸੰਤਾਨ ਦੀ ਪਾਲਣਾ ਬਗੈਰ ਕਿਸੇ ਧਾਰਮਿਕ ਵਿਚਾਰ ਤੋਂ ਕਰਾਂਗੇ।" ਪਰ ਜਦੋਂ ਉਸਦਾ ਪੁੱਤਰ ਗਿਰਜੇ ਜਾਣ ਲੱਗ ਪਿਆ ਤਾਂ ਉਸਨੇ ਆਪਣੀ ਪਤਨੀ ਤੋਂ ਇਸਦਾ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗੀ, "ਮੇਰੇ ਪੁੱਤਰ ਏਰੀਸ ਕੋਵੂਰ ਦਾ ਈਸਾਈ ਧਰਮ ਵਿੱਚ ਉੱਕਾ ਵੀ ਵਿਸ਼ਵਾਸ ਨਹੀਂ ਉਹ ਗਿਰਜੇ ਵਿੱਚ ਸਿਰਫ਼ ਲੜਕੀਆਂ ਨੂੰ ਵੇਖਣ ਲਈ ਜਾਂਦਾ ਹੈ।"

ਕੋਵੂਰ ਨੇ ਆਪਣੇ ਪੁੱਤਰ ਦਾ ਨਾਂ ਏਰੀਸ ਇਸ ਲਈ ਰੱਖਿਆ ਸੀ ਕਿਉਂਕਿ ਉਸਦਾ ਜਨਮ "ਏਰੀਸ ਰਾਸ਼ੀ" ਵਿੱਚ ਹੋਇਆ ਸੀ ਕਿਉਂਕਿ ਇਨ੍ਹਾਂ ਦਿਨਾਂ ਵਿੱਚ ਉਹ ਜੋਤਿਸ਼ ਦੀ ਸੱਚਾਈ ਜਾਨਣ ਲਈ ਇਸ ਵਿੱਚ ਦਿਲਚਸਪੀ ਲੈਣ ਲੱਗ ਪਿਆ ਸੀ। ਬਾਅਦ ਵਿੱਚ ਉਸਨੇ ਜੋਤਿਸ਼ ਬਾਰੇ ਸਿੱਟਾ ਕੱਢਿਆ ਕਿ, "ਇਹ ਇੱਕ ਤੁੱਕਾ ਹੈ। ਜਿਸ ਦਾ ਠੀਕ ਹੋ ਜਾਂਦਾ ਹੈ ਉਹ ਕੋਠੇ ਤੇ ਖੜ੍ਹਾ ਹੋ ਕੇ ਜੋਤਿਸ਼ ਦਾ ਪ੍ਰਚਾਰ ਤੇ ਪਸਾਰ ਕਰਨਾ ਸ਼ੁਰੂ ਕਰ ਦਿੰਦਾ ਹੈ। ਜਿਨ੍ਹਾ ਦਾ ਗਲਤ ਨਿਕਲ ਜਾਂਦਾ ਹੈ ਉਹ ਚੁੱਪ ਕਰਕੇ ਘਰ ਬੈਠ ਜਾਂਦੇ ਹਨ।"

ਡਾ. ਕੋਵੂਰ ਅਤੇ ਉਸਦੀ ਪਤਨੀ ਅੱਕਾ ਕੋਵੂਰ ਨੇ 1928 ਤੋਂ ਲੈ ਕੇ 1959 ਤੱਕ ਸੈਂਕੜੇ ਕੇਸਾਂ ਅਤੇ ਘਟਨਾਵਾਂ ਦੀ ਖੋਜ ਪੜਤਾਲ ਕੀਤੀ ਅਤੇ ਹੱਲ ਕੀਤਾ। ਇਨ੍ਹਾਂ ਸਾਰਿਆਂ ਦੇ ਨੋਟ ਡਾਕਟਰ ਕੋਵੂਰ ਨੇ ਸੰਭਾਲ ਲਏ। ਉਸਨੇ ਆਪਣੇ ਸਾਰੇ ਕੇਸਾਂ ਦੀ ਖੋਜ ਪੜਤਾਲ ਉਸ ਸਮੇਂ ਉਪਲਬਧ ਵਿਗਿਆਨਕ ਜਾਣਕਾਰੀ ਅਤੇ ਅਮਲੀ ਪ੍ਰਯੋਗਾਂ ਰਾਹੀਂ ਕੀਤੀ। ਉਸਨੇ ਵਿਗਿਆਨ ਨੂੰ ਜ਼ਿੰਦਗੀ ਦੇ ਅਮਲ ਨਾਲ ਜੋੜਿਆ। 1959 ਤੱਕ ਉਹ ਧਾਰਮਿਕ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਕਾਲੇਜਾਂ ਵਿੱਚ ਨੌਕਰੀ ਕਰਦਾ ਰਿਹਾ। ਆਪਣੀ ਨੌਕਰੀ ਤੋਂ ਰੀਟਾਇਰ ਹੋਣ ਤੋਂ ਬਾਅਦ ਹੀ ਉਸਨੇ ਆਪਣੀ ਜ਼ਿੰਦਗੀ ਦੇ ਸਾਰੇ ਤਜ਼ਰਬੇ ਲੋਕਾਂ ਨਾਲ ਸਾਂਝੇ ਕਰਨੇ ਸ਼ੁਰੂ ਕੀਤੇ। ਵੱਖ-ਵੱਖ ਕਰਾਮਾਤੀ ਸ਼ਕਤੀਆਂ ਦੇ ਅਖੌਤੀ ਦਾਅਵੇਦਾਰਾਂ ਨੂੰ ਭਜਾਉਣ ਲਈ ਉਸਨੇ ਤੇਈ ਸ਼ਰਤਾਂ ਵਾਲੀ ਆਪਣੀ ਚਣੌਤੀ 1963 ਵਿੱਚ ਜਾਰੀ ਕੀਤੀ ਤੇ ਅੱਜ ਅੱਧੀ ਸਦੀ ਬੀਤਣ ਦੇ ਬਾਵਜੂਦ ਵੀ ਪੰਜਾਬ ਦੇ ਤਰਕਸ਼ੀਲਾਂ ਨੇ ਉਸ ਚਣੌਤੀ ਨੂੰ ਬਰਕਰਾਰ ਰੱਖਿਆ ਹੋਇਆ ਹੈ। 1974 'ਚ ਉਸਦੀ ਪਤਨੀ ਅੱਕਾ ਕੋਵੂਰ ਉਸਨੂੰ ਸਦੀਵੀ ਵਿਛੋੜਾ ਦੇ ਗਈ ਪਰ ਉਸਦੀ ਇੱਛਾ ਅਨੁਸਾਰ ਉਸਦੀ ਮ੍ਰਿਤਕ ਦੇਹ ਸ੍ਰੀਲੰਕਾ ਦੇ ਸਰਕਾਰੀ ਹਸਪਤਾਲ ਨੂੰ ਦਾਨ ਕਰ ਦਿੱਤੀ ਗਈ। ਉਸਦੀ ਮੌਤ ਉਪਰ ਕਿਸੇ ਕਿਸਮ ਦੀ ਕੋਈ ਧਾਰਮਿਕ ਰਸ਼ਮ ਅਦਾ ਨਾ ਕੀਤੀ ਗਈ। 1984 ਵਿੱਚ ਪੈਦਾ ਹੋਈ ਪੰਜਾਬ ਦੀ ਤਰਕਸ਼ੀਲ ਲਹਿਰ ਨੇ ਡਾਕਟਰ ਕੋਵੂਰ ਤੋਂ ਅਗਵਾਈ ਲੈਂਦਿਆਂ ਅੱਜ ਲੱਖਾਂ ਹੀ ਵਿਅਕਤੀਆਂ ਨੂੰ ਤਰਕਸ਼ੀਲਤਾ ਦੇ ਰਸਤੇ 'ਤੇ ਤੋਰਿਆ ਹੀ ਨਹੀਂ। ਸਗੋਂ ਹਜ਼ਾਰਾਂ ਘਰਾਂ ਵਿੱਚ ਹੁੰਦੀਆਂ ਕਸਰਾਂ ਦੇ ਕੇਸਾਂ ਨੂੰ ਠੀਕ ਵੀ ਕੀਤਾ ਹੈ। ਪੰਜਾਬ ਦੇ ਤਰਕਸ਼ੀਲ ਇਸ ਸਖ਼ਸ਼ੀਅਤ ਦੇ ਸਦਾ ਲਈ ਕਰਜ਼ਦਾਰ ਰਹਿਣਗੇ ਕਿਉਂਕਿ ਉਸਨੇ ਉਨ੍ਹਾਂ ਨੂੰ ਸਿਰਫ਼ ਕੇਸਾਂ ਨੂੰ ਠੀਕ ਕਰਨ ਦਾ ਢੰਗ ਹੀ ਨਹੀਂ ਸਿਖਾਇਆ ਸਗੋਂ ਕੇਸਾਂ ਨੂੰ ਲਿਖਣਾ ਤੇ ਅਖਬਾਰਾਂ, ਮੈਗਜ਼ੀਨਾਂ ਤੇ ਕਿਤਾਬਾਂ ਰਾਹੀਂ ਪ੍ਰਚਾਰਣਾ ਵੀ ਸਿਖਾਇਆ ਹੈ।

ਇਹ ਇੱਕ ਸੱਚਾਈ ਹੈ ਕਿ ਕੁਝ ਤਾਰਿਆਂ ਦੇ ਅਲੋਪ ਹੋਣ ਤੋਂ ਬਾਅਦ ਵੀ ਉਨ੍ਹਾਂ ਦੀ ਰੌਸ਼ਨੀ ਧਰਤੀ ਤੇ ਪਹੁੰਚਦੀ ਰਹਿੰਦੀ ਹੈ, ਤਰਕਸ਼ੀਲਤਾਂ ਦਾ ਇਹ ਝੰਡਾ ਬਰਦਾਰ ਭਾਵੇਂ ਸਾਨੂੰ 18 ਸਤੰਬਰ, 1978 ਨੂੰ ਸਦੀਵੀ ਵਿਛੋੜਾ ਦੇ ਗਿਆ ਹੈ ਪਰ ਉਸਦੀਆਂ ਲਿਖਤਾਂ ਆਉਣ ਵਾਲੀ ਇੱਕ ਸਦੀ ਤੱਕ ਪੰਜਾਬ ਦੇ ਲੋਕਾਂ ਲਈ ਚਾਨਣ ਮੁਨਾਰਾ ਬਣੀਆਂ ਰਹਿਣਗੀਆਂ। ਇਹ ਵੀ ਇੱਕ ਅਸਲੀਅਤ ਹੈ ਕਿ ਪੰਜਾਬ ਹਰਿਆਣੇ ਦਾ ਕੋਈ ਵੀ ਤਰਕਸ਼ੀਲ ਕੋਵੂਰ ਨੂੰ ਕਦੇ ਜਿਸਮਾਨੀ ਤੌਰ 'ਤੇ ਮਿਲਿਆ ਨਹੀਂ ਪਰ ਫਿਰ ਵੀ ਉਸ ਦੇ ਜੀਵਨ ਬਾਰੇ ਕਿਸੇ ਵੀ ਹੋਰ ਸਖ਼ਸ਼ੀਅਤ ਨਾਲੋਂ ਵੱਧ ਜਾਣਕਾਰੀ ਰੱਖਦਾ ਹੈ।

# ਜ਼ਿੰਦਗੀ ਦਾ ਕੋਈ ਆਖਰੀ ਸਟੇਸ਼ਨ ਨਹੀਂ ਹੁੰਦਾ



ਜ਼ਿੰਦਗੀ ਦਾ ਕੋਈ ਆਖਰੀ ਸਟੇਸ਼ਨ ਨਹੀਂ ਹੁੰਦਾ। ਸ਼ਮਸ਼ਾਨਘਾਟ ਜਾਂ ਕਬਿਰਸਤਾਨ ਮੁਰਦੇ ਦੀ ਮਿੱਟੀ ਖਤਮ ਕਰਨ ਲਈ ਬਣਾਏ ਗਏ ਹਨ। ਜ਼ਿੰਦਗੀ ਲਈ ਨਹੀਂ। ਮੌਤ ਜ਼ਿੰਦਗੀ ਦੀ ਅਣਹੋਂਦ ਹੈ। ਜਿਸ ਤਰ੍ਹਾਂ ਹਨੇਰਾ ਚਾਨਣ ਦੀ ਅਣਹੋਂਦ ਹੈ। ਚਾਨਣ (ਰੌਸ਼ਨੀ) ਦਾ ਭੌਤਿਕ ਵਜੂਦ ਹੈ। ਪਰ ਮੌਤ ਹਨੇਰੇ ਦਾ ਕੋਈ ਭੌਤਿਕ ਵਜੂਦ ਨਹੀਂ ਹੁੰਦਾ।

'ਜ਼ਿੰਦਗੀ ਖਤਮ ਨਾ ਹੋਂਵਦੀ ਲੱਗਣ ਨਹੀਂ ਬਰੇਕ। ਇਕ ਰੁੱਖ ਬੀਜ ਹਜ਼ਾਰ ਦੇਹ ਬਦਲੇ ਰੰਗ ਅਨੇਕ। ਅਸੀਂ ਹੈ ਮਰ ਜਾਵਣਾ ਸਾਡੇ ਪਿਤਰਾਂ ਵਾਂਗ ਔਲਾਦ ਅਸਾਡੀ ਅੱਗੇ ਹੋਰ ਪਲਾਂਘ। ਜੱਗ ਰਚਨਾ ਸਭ ਸੱਚ ਹੈ ਝੂਠ ਨਾ ਇਸਦੇ ਗੀਤ। ਇਹ ਰਚਨਾ ਥਿਰ ਰਹੇਗੀ ਅਸੀਂ ਜਾਵਾਂਗੇ ਬੀਤ।'ਕਈ ਸ਼ਮਸ਼ਾਨ ਘਾਟਾਂ ਤੇ ਗਲਤ ਲਿਖਿਆ ਹੁੰਦੈ ਕਿ ਤੇਰੀ ਮੰਜ਼ਿਲ ਤਾਂ ਇਹ ਸੀ, ਐਵੇਂ ਦੇਰ ਕਰਤੀ ਆਤੇ ਆਤੇ। ਕਿਆ ਮਿਲਾ ਤੁਝੇ ਇਸ ਦੁਨੀਆਂ ਸੇ ਅਪਨੋ ਨੇ ਤੁਝੇ ਜਲਾ ਦੀਆ ਜਾਤੇ ਜਾਤੇ,' ਕਿੰਨਾ ਵਾਹਿਯਾਤ ਜਿਹਾ ਸਵਾਲ ਹੈ। ਇਸ ਹਿਸਾਬ ਨਾਲ ਤਾਂ ਫਿਰ ਜੰਮਦੇ ਬੱਚੇ ਨੂੰ ਹੀ ਉਸਦੀ ਆਖਿਰ ਮੰਜ਼ਿਲ ਤੇ ਪਹੁੰਚਾ ਦੇਣਾ ਚਾਹੀਦਾ ਹੈ। ਇਹ ਸਭ ਨਿਰਾਸ਼ਾਜਨਕ ਗੱਲਾਂ ਜ਼ਿੰਦਗੀ ਦੇ ਘੋਰ ਵਿਰੋਧੀ ਕਰਦੇ ਹਨ। ਸ਼ਾਇਰਾਨਾ ਅੰਦਾਜ਼ 'ਚ ਗੱਲ ਕਰਨੀ ਹੋਰ ਗੱਲ ਹੁੰਦੀ ਹੈ ਸ਼ੇਅਰ ਹੈ ਕਿ 'ਦਬਾ ਕੇ ਕਬਰ ਮੇਂ ਚਲ ਦੀਏ ਦੁਆ ਨਾ ਸਲਾਮ, ਜ਼ਰਾ ਸੀ ਦੇਰ ਮੇਂ ਕਿਆ ਹੋ ਗਿਆ ਜ਼ਮਾਨੇ ਕੋ' ਇਸ ਸ਼ੇਅਰ ਦੇ ਅਰਥ ਡੂੰਘੇ ਹਨ । ਭਾਵ ਜਿਉਂਦੇ ਬੰਦੇ ਨਾਲ ਹੀ ਸਭ ਕੁਝ ਹੈ ਮਰ ਗਿਆ ਤਾਂ ਸਭ ਰਿਸ਼ਤੇ ਖਤਮ। ਇਸ ਤਰ੍ਹਾਂ ਗੁਰਬਾਣੀ ਦੀ ਵੀ ਇਕ ਲਾਈਨ ਹੈ 'ਘਰ ਕੀ ਨਾਲ ਬਹੁਤ ਹਿਤ ਜਾ ਸਿਉਂ ਸਦਾ ਰਹਿਤ ਸੰਗ ਲਾਗੀ । ਜਬ ਹੀ ਹੰਸ ਤਜੀ ਇਹ ਕਾਇਆਂ ਭੂਤ ਭੂਤ ਕਰ ਭਾਗੀ।' ਇਥੋਂ ਹੀ ਭੂਤ ਸ਼ਬਦ ਦਾ ਜਨਮ ਹੋਇਆ ਹੈ। ਭੂਤ ਦਾ ਮਤਲਬ ਭੂਤਕਾਲ, ਮਰ ਗਿਆ ਤਾਂ ਸਮਝੋ ਆਦਮੀ ਭੂਤਕਾਲ ਹੋ ਗਿਆ ਜਾਂ ਬੀਤ ਗਿਆ। ਆਮ ਲੋਕ ਕਹਿ ਦਿੰਦੇ ਹਨ ਕਿ ਇਹ ਤਾਂ ਪੂਰਾ ਹੋ ਗਿਆ ਜਾਂ ਦੇਹਾਂਤ ਹੋ ਗਿਆ ਭਾਵ ਦੇਹ ਦਾ ਅੰਤ ਹੋ ਗਿਆ। ਇਹ ਦੇਹ ਦਾ ਅੰਤ ਹੀ ਹੁੰਦੈ ਜ਼ਿੰਦਗੀ ਦਾ ਅੰਤ ਨਹੀਂ।



ਅਮਰਜੀਤ ਢਿੱਲੋਂ ਦਬੜ੍ਹੀਖਾਨਾ (ਜੈਤੋ)
ਫੋਨ ਨੰ: 94171-20427

ਕਬੀਰ ਭਗਤ ਕਹਿੰਦੇ ਹਨ 'ਮਾਂ ਜਾਨਤ ਸੁਤ ਵਡਾ ਹੋਤ ਹੈ , ਇਤਨਾ ਕੁ ਨਾ ਜਾਨੇ ਦਿਨ ਦਿਨ ਉਮਰ ਘਟਤ ਹੈ। ਮੋਰ ਮੋਰ ਕਰ ਅਧਿਕ ਲਾਡ ਧਰ ਦੇਖਤ ਹੀ ਜਮਰਾਉ ਹਸਹਿ' । ਭਾਵ ਮਾਂ ਪਿਓ ਬੱਚੇ ਨੂੰ ਵੱਡਾ ਹੁੰਦਾ ਦੇਖ ਕੇ ਖੁਸ਼ ਹੁੰਦੇ ਹਨ ਪਰ ਜਮਦੂਤ ਹੱਸ ਰਿਹਾ ਹੁੰਦਾ ਹੈ ਕਿ ਇਹ ਤਾਂ ਮੇਰੇ ਨੇੜੇ ਆ ਰਿਹਾ ਹੈ। ਇਹ ਸਭ ਪੁਰਾਣੇ ਸਮੇਂ ਦੀਆਂ ਗੱਲਾਂ ਹਨ ਜਦੋਂ ਅਜੇ ਵਿਗਿਆਨ ਬਚਪਨ 'ਚ ਸੀ। ਇਹ ਨਿਰਾਸ਼ਾ ਵਾਦੀ ਭਗਤ ਜਨ ਕਹਿੰਦੇ ਹਨ ਕਿ ਉਮਰ ਘਟ ਰਹੀ ਹੈ ਕਿਉਂਕਿ ਮਨੁੱਖ ਦੇ ਸਾਹ ਧੁਰੋਂ ਹੀ ਗਿਣਕੇ ਲਿਖੇ ਹੁੰਦੇ ਹਨ। ਸਾਰੇ ਬਾਬੇ ਇਹ ਉਪਦੇਸ਼ ਵੀ ਕਰਦੇ ਹਨ ਅਤੇ ਆਪਣੇ ਸਾਹ (ਉਮਰ) ਵਧਾਉਣ ਲਈ ਗੰਨਮੈਨਾ ਦੀ ਫੌਜ ਵੀ ਨਾਲ ਰਖਦੇ ਹਨ। ਜੇ ਉਹਨਾਂ ਨੂੰ ਧੁਰ ਕੀ ਬਾਣੀ ਤੇ ਐਨਾ ਭਰੋਸਾ ਹੈ ਤਾਂ ਫਿਰ ਨੰਗੇ ਧੜ ਹੋਕੇ ਤੁਰਨ, ਕਿਉਂਕਿ ਉਹਨਾਂ ਮੁਤਾਬਿਕ ਹੁਕਮ ਬਿਨਾ ਤਾਂ ਪੱਤਾ ਵੀ ਨੀਂ ਹਿਲਦਾ।' ਕਹਿੰਦੇ ਪੱਤਾ ਨਾ ਹਿਲੇ ਹੁਕਮ ਬਿਨਾ ਕਰਤਾਰ, ਪਰ ਪਿਸਟਲ ਹੱਥ ਵਿਚ ਰਖਦੇ ਕਿ ਕੋਈ ਨਾ ਜਾਵੇ ਮਾਰ।' ਸੰਤ ਸੁੱਚਾ ਸਿੰਘ ਜਵੱਦੀ ਕਲਾਂ ਵਾਲੇ ਕੋਈ ਗੰਨਮੈਨ ਨਹੀਂ ਸੀ ਰੱਖਦੇ। ਉਹਨਾਂ ਦੀ ਮੌਤ ਛੋਟੀ ਉਮਰ ਵਿਚ ਹੀ ਗੁਰਦੇ ਫੇਲ੍ਹ ਹੋਣ ਨਾਲ ਹੋ ਗਈ। ਉਹ ਪਤਾ ਲੈਣ ਗਏ ਸ਼ਰਧਾਲੂਆਂ ਨੂੰ ਕਹਿੰਦੇ 'ਮੈਂ ਆਪਣੇ ਸਰੀਰ 'ਤੇ ਬਹੁਤ ਜ਼ੁਲਮ ਕੀਤੈ, ਭਗਤੀ 'ਚ ਲੀਨ ਪਾਣੀ ਪੀਣਾ ਹੀ ਭੁਲ ਜਾਂਦਾ ਸੀ। ਪਾਣੀ ਦੀ ਘਾਟ ਕਾਰਨ ਮੇਰੇ ਗੁਰਦੇ ਫੇਲ੍ਹ ਹੋ ਗਏ। ਹੁਣ ਦੱਸੋ ਭਗਤੀ ਕਰਨ ਵਾਲੇ ਭਗਤ ਦੇ ਤਾਂ ਗੁਰਦੇ ਫੇਲ੍ਹ ਹੋ ਗਏ, ਜਿਸਦੀ ਭਗਤੀ ਕਰਦਾ ਸੀ ਉਹਨੂੰ ਕੋਈ ਪਤਾ ਨਹੀਂ ਸੀ ਕਿ ਮੇਰਾ ਭਗਤ ਮੇਰੇ ਕਾਰਨ ਮਰ ਰਿਹਾ ਹੈ।

ਹਾਂ ਜ਼ਿੰਦਗੀ ਮੌਤ ਤੋਂ ਬਾਦ ਵੀ ਚਲਦੀ ਰਹਿੰਦੀ ਹੈ। ਜਿਵੇਂ ਸਾਡੇ ਵੱਡ-ਵਡੇਰੇ ਸਾਡੇ 'ਚ ਜਿਉਂ ਰਹੇ ਹਨ ਇਸੇ ਤਰ੍ਹਾਂ ਅਸੀਂ ਆਪਣੀ ਔਲਾਦ 'ਚ ਜਿਉਂ ਰਹੇ ਹੋਵਾਂਗੇ। ਵਿਗਿਆਨੀ ਕਹਿੰਦੇ ਹਨ 13ਵੀਂ ਪੀੜ੍ਹੀ 'ਚ ਜਾ ਕੇ ਵੀ ਹੂ-ਬ-ਹੂ ਨੈਣ ਨਕਸ਼ਾਂ ਵਾਲਾ ਮਨੁੱਖ ਪੈਦਾ ਹੋ ਸਕਦਾ ਹੈ। ਇਹ ਦਾ ਭਾਵ ਜੀਨ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦੇ ਰਹਿੰਦੇ ਹਨ। ਹੁਣ ਆਤਮਾ ਜਾਂ ਰੂਹ ਦੀ ਗੱਲ ਲੈ ਲਵੋ। ਰੂਹ ਫ਼ਾਰਸੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਸਾਹ। ਨਿੱਕੇ ਹੁੰਦੇ ਦਾਦੀ ਦੀਆਂ ਕਹਾਣੀਆਂ ਵਿਚ ਸੁਣਦੇ ਹੁੰਦੇ ਸਾਂ ਫਲਾਣੇ ਆਦਮੀ ਦੇ ਸਾਹ ਸਰਾਲ ਪੀ ਗਈ, ਫਿਰ ਫਲਾਣੇ ਆਦਮੀ ਨੇ ਸਰਾਲ ਨੂੰ ਕਹਿਕੇ ਸਾਹ ਵਾਪਸ ਪੁਆਏ ਤੇ ਉਹ ਜਿਉਂਦਾ ਹੋ ਗਿਆ। ਹੌਲੀ ਹੌਲੀ ਲੋਕਾਂ ਨੇ ਸਾਹ ਨੂੰ ਰੂਹ ਕਹਿਣਾ ਸ਼ੁਰੂ ਕਰ ਦਿੱਤਾ । ਮਹਾਤਮਾ ਬੁੱਧ ਦੇ ਉਪਦੇਸ਼ ਸਦਕਾ ਜਦ ਲੋਕ ਬ੍ਰਹਮਣੀ ਕਰਮ ਕਾਂਡ ਕਰਨੋ ਹੱਟ ਗਏ ਤਾਂ ਫਿਰ ਬ੍ਰਹਿਮਣਾਂ ਨੇ ਬੁੱਧ ਧਰਮ 'ਚ ਘੁਸਪੈਠ ਕੀਤੀ, ਬੁੱਧ ਨੂੰ 24ਵਾਂ ਅਵਤਾਰ ਮੰਨ ਲਿਆ। ਉਸ ਦੇ ਮਰਨ ਪਿੱਛੋਂ ਉਸ ਨਾਲ ਕਰਾਮਾਤਾਂ ਜੋੜ ਦਿੱਤੀਆਂ। ਆਦਿ ਸ਼ੰਕਰਾਚਾਰੀਆ ਦੀ ਅਗਵਾਈ 'ਚ ਫਿਰ ਹਮਲਾਵਰ ਰੁਖ਼ ਧਾਰਕੇ ਬੁੱਧ ਧਰਮ ਨੂੰ ਭਾਰਤ 'ਚੋਂ ਬਾਹਰ ਕੱਢ ਦਿੱਤਾ। ਮਨੂੰ ਸਿਮਰਿਤੀ ਬਣਾ ਕੇ ਸਮਾਜ ਜਾਤ-ਪਾਤ 'ਚ ਵੰਡ ਦਿੱਤਾ। ਬਹੁ ਗਿਣਤੀ ਸ਼ੂਦਰਾਂ ਦੇ ਹੱਕ ਖੋਹ ਲਏ ਗਏ। ਇੱਥੋਂ ਹੀ ਭਾਰਤ ਅੰਦਰ ਗੁਲਾਮੀ ਦੌਰ ਸ਼ੁਰੂ ਹੋਇਆ। ਹਮਲਾਵਰ ਆਰਾਮ ਨਾਲ ਆਉਂਦੇ ਤੇ ਲੁੱਟ ਕੇ ਚਲੇ ਜਾਂਦੇ ਪੰਡਿਤ ਬੈਠੇ ਮਾਲਾ ਫੇਰਦੇ ਰਹਿੰਦੇ। ਮੁਹੰਮਦ ਗਜ਼ਨਵੀ ਨੇ 17 ਹਮਲੇ ਕੀਤੇ ਅਤੇ ਸੋਮਨਾਥ ਦੇ ਮੰਦਰ ਸਮੇਤ ਮੰਦਰਾਂ 'ਚ ਇਕੱਠਾ ਹੋਇਆ ਸੋਨਾ ਲੈ ਜਾਂਦਾ ਅਤੇ ਮਾਲਾ ਫੇਰ ਰਹੇ ਲੱਖਾਂ ਆਦਮੀਆਂ ਨੂੰ ਕਤਲ ਕਰ ਜਾਂਦਾ। ਉਸ ਕੋਲ ਸਿਰਫ ਪੰਜ ਹਜ਼ਾਰ ਸਿਪਾਹੀ ਹੀ ਹੁੰਦੇ ਸਨ। ਕਿੰਨਾ ਸੌਖਾ ਸੀ ਬਿਨ੍ਹਾਂ ਲੜਾਈ ਦੇ ਮਾਲ ਲੁੱਟਣਾ।

ਸ਼ੰਕਰਚਾਰੀਆ ਨੇ ਸਭ ਤੋਂ ਪਹਿਲਾਂ 84 ਲੱਖ ਜੂਨਾਂ ਦਾ ਸੰਕਲਪ ਲਿਆਂਦਾ ਅਤੇ ਪੁਨਰ ਜਨਮ ਦੀ ਕਾਢ ਕੱਢੀ। ਇਹ ਪੁਨਰ ਜਨਮ ਦੀ ਕਾਢ ਲੁਟੇਰੀਆਂ ਜਮਾਤਾਂ ਕੋਲ ਸਭ ਤੋਂ ਵੱਡਾ ਹਥਿਆਰ ਹੈ। ਲੋਕਾਂ ਨੂੰ ਕਿਸਮਤਵਾਦੀ ਬਣਾ ਕੇ ਸਿਖਾਇਆ ਜਾਂਦਾ ਹੈ ਕਿ ਤੁਹਾਡੇ ਪਿਛਲੇ ਕਰਮ ਹੀ ਮਾੜੇ ਹਨ ਇਸ ਲਈ ਤੁਸੀਂ ਗਰੀਬ ਹੋ। ਕਿਰਤ ਕਰੋ, ਵੰਡ ਛਕੋ-ਵੰਡ ਛਕੋ ਦਾ ਭਾਵ ਉਹ ਇਹ ਨਹੀਂ ਦੱਸਦੇ ਕਿ ਕਿਸੇ ਗਰੀਬ ਨੂੰ ਵੰਡ ਦਿਓ, ਉਹ ਕਹਿੰਦੇ ਹਨ ਆਪਣੀ ਕਿਰਤ ਦਾ ਦਸਵਾਂ ਹਿੱਸਾ ਸਾਨੂੰ ਦੇ ਦਿਓ ਫਿਰ ਤੁਸੀਂ ਅਗਲੇ ਜਨਮ 'ਚ ਕਿਸੇ ਅਮੀਰ ਦੇ ਘਰ ਪੈਦਾ ਹੋਕੇ ਮੌਜ ਕਰੋਗੇ। ਇਕ ਪਾਸੇ ਇਹ ਕਹਿੰਦੇ ਹਨ, ਦੂਜੇ ਪਾਸੇ ਮੁਕਤੀ ਦਾ ਸੰਕਲਪ ਹੈ। 'ਅਬ ਕੀ ਵਾਰ ਬਖਸ਼ ਬੰਦੇ ਕੌ ਬਹੁਰ ਭਵਜਲ ਫੇਰਾ' ਭਾਵ ਰੱਬਾ ਐਂਤਕੀ ਬਖਸ਼ ਦੇ ਮੁੜ

ਕੇ ਜਨਮ ਮਰਨ ਦੇ ਚੱਕਰ 'ਚ ਨਾ ਪਾਈਂ। ਭਾਵ ਮੁੱਦਾ ਮੂਲ ਹੀ ਮਿਟਾ ਦੇਈਂ। ਫਿਰ ਕਹਿੰਦੇ ਹਨ 84 ਲੱਖ ਜੂਨਾਂ ਭੋਗ ਕੇ ਕਰੋੜਾਂ ਸਾਲਾਂ ਪਿਛੋਂ ਮਨੁੱਖਾ ਦੇਹੀ ਮਿਲਦੀ ਹੈ। ਹੁਣ ਫਰਜ਼ ਕਰੋ 84 ਲੱਖ ਜੂਨਾਂ 'ਚ ਕੋਈ ਆਦਮੀ ਗਧਾ, ਮੱਖੀ-ਮੱਛਰ, ਖਟਮਲ, ਕਾਂ, ਗਿਰਝ ਜਾਂ ਕੁੱਤਾ, ਬਿੱਲਾ ਹੈ। ਉਹ ਇਹੋ ਜਿਹੇ ਕਿਹੜੇ ਚੰਗੇ ਕਰਮ ਕਰ ਲਊਗਾ ਕਿ ਰੱਬ ਉਹਨੂੰ ਮਨੁੱਖ ਬਣਾ ਦੇਵੇਗਾ। ਇਹ ਚੰਗੇ ਮਾੜੇ ਦੀ ਸੋਝੀ ਤਾਂ ਸਿਰਫ ਮਨੁੱਖ ਨੂੰ ਹੀ ਹੈ। ਅਸੀਂ ਆਪਣੇ ਮਾਤਾ ਦੇ ਮਿਲਾਪ ਤੋਂ ਉਸੇ ਤਰ੍ਹਾਂ ਪੈਦਾ ਹੁੰਦੇ ਹਾਂ ਜਿਸ ਤਰ੍ਹਾਂ ਧਰਤੀ ਦੀ ਵੱਤਰ 'ਚ ਉਗਣ ਵਾਲਾ ਬੀਜ। ਬੀਜ ਰੁੱਖ ਬਣ ਕੇ ਬੀਜ ਪੈਦਾ ਕਰਕੇ ਆਪਣੇ ਜਿਹੇ ਹੋਰ ਅਨੇਕਾਂ ਰੁੱਖ ਬਣਾ ਕੇ ਖਤਮ ਹੋ ਜਾਂਦੇ ਹਨ। ਆਦਮੀ ਔਰਤ ਦੇ ਸਰੀਰ 23 -23 ਕਰੋਮਸੋਮਾਂ ਦੇ ਜੋੜੇ ਹੁੰਦੇ ਹਨ। ਔਰਤ 'ਚ ਮਾਹਵਾਰੀ ਤੋ 14-15 ਦਿਨਾਂ ਬਾਦ ਅੰਡਾ (ਓਵਮ) ਪੈਦਾ ਹੁੰਦਾ ਹੈ। ਜੋ 72 ਘੰਟੇ ਬੱਚੇਦਾਨੀ 'ਚ ਪਿਆ ਆਪਣੇ ਸਾਥੀ ਦੀ ਉਡੀਕ ਕਰਦਾ ਰਹਿੰਦਾ ਹੈ। ਆਦਮੀ ਦੇ ਵੀਰਯ ਵਿਚ ਕਰੋੜਾਂ ਦੀ ਗਿਣਤੀ ਵਿਚ ਸਪਰਮ (ਸ਼ੁਕਰਾਣੂੰ) ਹੁੰਦੇ ਹਨ। ਔਰਤ ਮਰਦ ਮਿਲਾਪ ਤੋਂ ਬਾਦ ਇਸ ਸਪਰਮ ਦੀ ਉਮਰ 24 ਘੰਟੇ ਹੁੰਦੀ ਹੈ। ਜੇ ਇਹਨਾਂ 24 ਅਤੇ 72 ਘੰਟਿਆਂ 'ਚ ਦੋਹਾਂ ਦਾ ਮੇਲ ਹੋ ਜਾਵੇ ਤਾਂ ਦੋ ਸੈੱਲ ਮਿਲ ਕੇ ਅੱਗੇ ਲੱਖਾਂ ਸੈਲਾਂ 'ਚ ਵਧਣ  ਲਗਦੇ ਹਨ। ਔਰਤ ਮਰਦ ਦੇ ਇਹਨਾਂ 23 ਕਰੋਮੋਸੋਮਜ ਦੇ ਜੋੜਿਆਂ ਵਿਚ ਇਕ ਇਕ ਜੋੜਾ ਸੈਕਸ ਕਰੋਮੋਸੋਮਾਂ ਦਾ ਹੁੰਦਾ  ਹੈ। ਮਰਦ ਵਿਚ ਇਹ ਐਕਸ ਅਤੇ ਵਾਈ ਹੁੰਦੇ ਹਨ ਜਦੋਂ ਕਿ ਔਰਤ ਵਿਚ ਦੋਵੇਂ ਹੀ ਐਕਸ ਐਕਸ ਹੁੰਦੇ ਹਨ। ਐਕਸ ਵਾਈ ਦੇ ਮੇਲ ਤੋਂ ਲੜਕਾ ਪੈਦਾ ਹੁੰਦਾ ਹੈ ਅਤੇ ਐਕਸ ਐਕਸ ਦੇ ਮੇਲ ਤੋਂ ਲੜਕੀ ਪੈਦਾ ਹੁੰਦੀ ਹੈ।

ਇਸਦੇ ਉਲਟ ਸ੍ਰੀ ਮਦ ਭਗਵਤ ਪੁਰਾਣ ਵਿਚ ਲਿਖਿਆ ਹੈ ਕਿ ਜਦੋਂ ਪੇਟ 'ਚ 6 ਮਹੀਨਿਆਂ ਦਾ ਬੱਚਾ ਹੁੰਦਾ ਹੈ ਤਾਂ ਉਦੋਂ ਬਾਹਰੋਂ ਆਕੇ ਰੂਹ (ਆਤਮਾ ਪ੍ਰਵੇਸ਼ ਕਰਦੀ ਹੈ। ਅਜਿਹੀਆਂ ਅਨੇਕਾਂ ਮਿਸਾਲਾਂ ਹਨ ਕਿ 4 ਮਹੀਨਿਆਂ ਦੇ ਪੈਦਾ ਹੋਏ ਬੱਚਿਆਂ ਨੂੰ ਡਾਕਟਰਾਂ ਨੇ 5 ਮਹੀਨੇ ਮਸ਼ੀਨਾਂ 'ਚ ਰੱਖ ਕੇ ਪਾਲਿਆ । ਕੀ ਉਹ ਬਿਨ੍ਹਾਂ ਆਤਮਾ ਦੇ ਹੀ ਪੈਦਾ ਹੋ ਗਏ। ਇਹ ਸਭ ਸਿਧੜ ਰਿਸ਼ੀਆਂ ਦੀਆਂ ਲਿਖੀਆਂ ਗੈਰ ਵਿਗਿਆਨਕ ਗੱਲਾਂ ਹਨ। ਇਸ ਤਰ੍ਹਾਂ ਮਨੁੱਖ ਇਕ ਸੈੱਲ (ਆਦਮੀ ਦਾ ਸਪਰਮ ਅਤੇ ਔਰਤ ਦਾ ਆਂਡਾ) ਤੋਂ ਅਨੇਕਾਂ ਸੈੱਲਾਂ ਚ ਵਟਦਾ ਤਿੰਨ ਮਹੀਨਿਆਂ 'ਚ ਪੂਰਾ ਮਨੁੱਖ ਬਣ ਜਾਂਦਾ ਹੈ। 280 ਕੁ ਦਿਨਾਂ 'ਚ ਬਾਹਰ ਆਕੇ ਉਹ ਵੱਡਾ ਹੁੰਦਾ ਰਹਿੰਦਾ ਹੈ।ਚਾਲੀ ਕੁ ਸਾਲਾਂ ਦੀ ਉਮਰ 'ਚ ਉਸਦੇ ਸੈੱਲ ਘਟਣੇ ਸ਼ੁਰੂ ਹੋ ਜਾਂਦੇ ਹਨ। ਜਦ ਆਖਰੀ ਸੈੱਲ ਵੀ ਮਰ ਜਾਂਦਾ ਹੈ ਜਾਂ ਕਿਸੇ ਬਿਮਾਰੀ ਕਾਰਨ ਜਾਂ ਹਾਦਸੇ ਕਾਰਨ ਆਦਮੀ ਦੀ ਮੌਤ ਹੋ ਜਾਂਦੀ ਹੈ। ਉਸ ਤੋਂ ਬਾਦ ਮਨੁੱਖ ਦੇ ਜੀਨ ਉਸਦੀ ਔਲਾਦ 'ਚ ਵਿਚਰਦੇ ਰਹਿੰਦੇ ਹਨ। ਇਹ ਪਰਿਵਰਤਨ ਹੈ। ਨਾ ਮੌਤ ਤੋਂ ਬਾਦ ਕੁਝ ਹੁੰਦਾ ਹੈ ਅਤੇ ਨਾ ਹੀ ਮੌਤ ਤੋਂ ਪਹਿਲਾਂ। ਆਦਮੀ ਦੇ ਕਰੋੜਾਂ ਸਪਰਮ ਅਤੇ ਅਤੇ ਔਰਤ ਹਜ਼ਾਰਾਂ ਓਵਮ (ਆਂਡੇ) ਬਿਨ੍ਹਾਂ ਜੰਮਿਆਂ ਮਰ ਜਾਂਦੇ ਹਨ। ਉਹਨਾਂ 'ਚ ਵੀ ਮਨੁੱਖ ਬਨਣ ਵਾਲੇ ਸਾਰੇ ਗੁਣ ਹੁੰਦੇ ਹਨ। ਜ਼ਿੰਦਗੀ ਕਰੋੜਾਂ ਵਰ੍ਹਿਆਂ ਤੋਂ ਨਿਰੰਤਰ ਚਲ ਰਹੀ ਹੈ ਅਤੇ ਚਲਦੀ ਰਹੇਗੀ। ਇਸ ਲਈ ਮੌਤ ਨੂੰ ਯਾਦ ਰੱਖਣ ਦੀ ਲੋੜ ਨਹੀਂ , ਹਮੇਸ਼ਾ ਜ਼ਿੰਦਗੀ ਨੂੰ ਯਾਦ ਰੱਖੋ ਅਤੇ ਜ਼ਿੰਦਗੀ ਨਾਲ ਪਿਆਰ ਕਰੋ।

# ਕਵੀ-ਓ ਵਾਚ

ਬੜੀ ਮਹਿੰਗਾਈ ਹੈ ਸ਼ਾਮ ਨੂੰ ਨਾ ਜਾਈਏ ਬਣ ਕੇ ਕਿਸੇ ਦੇ ਵੀ ਐਵੇਂ ਵਟਾਊ ਮੀਆਂ।
ਅੱਖਰ ਲਈ ਫਿਰਦੇ ਨੇ ਬਸਤੀ ਮੂਰਿਆਂ ਦੀ ਦਾਨਿਸ਼ਵਰਾਂ ਨੂੰ ਇਥੇ ਕੀ ਥਿਆਊ ਮੀਆਂ।
ਦਿਨਕੱਟੀਆਂ ਨੇਤਾ ਜੀ ਕਰਨ ਲੁਕ ਕੇ ਪਰ ਭਾਸ਼ਣ ਦੇਂਵਦੇ ਨੇ ਬੜੇ ਭੜਕਾਊ ਮੀਆਂ।
ਤੂੰ ਹੇਰਾਫੇਰੀਆਂ ਲੱਖ ਕਰੋੜ ਕਰ ਲੈ ਆਖਿਰ  ਤੈਨੂੰ ਇਹ ਤੇਰਾ ਹੀ ਭੂਤ ਡਰਾਊ ਮੀਆਂ।

## ਇਕਸੁਰਤਾ

ਇਕਸੁਰਤਾ ਜਦੋਂ ਹੈ ਗੁਆਚ ਜਾਂਦੀ  ਤੇਰੀ ਆਪਣੇ ਹੀ ਨਾਲ ਵਿਚਾਰ ਅੜਿਆ।
ਤੁਸੀਂ ਖੋਹਲਦੇ ਹੋ ਉਦੋਂ ਜ਼ੁਬਾਨ ਤਾਈਂ ਬੋਲਣ ਲਈ ਹੋ ਜਾਂਵਦੇ ਤਿਆਰ ਅੜਿਆ।
ਤੇਰੇ ਸਾਹਵੇਂ ਖ਼ਾਮੋਸ਼ੀ, ਇਕੱਲ ਹੈ ਦਿੰਦੀ ਨੰਗਾ ਆਪਾ ਹੈ ਤੇਰਾ ਖਲਿਹਾਰ ਅੜਿਆ ।
ਉਜਲੇ ਸ਼ੀਸ਼ੇ  ਦੇ ਸਨਮੁਖ ਖੜ੍ਹ ਸਖ਼ਸ਼ ਕਿਹੜਾ ਕਰੇ ਖ਼ੁਦ ਨਾਲ ਅੱਖਾਂ ਚਾਰ ਅੜਿਆ।

## ਗਿਲਾਨੀ

ਨਫ਼ਰਤ ਅਤੇ ਗਿਲਾਨੀ ਵਿਚ ਫਰਕ ਹੁੰਦਾ ਕੁਝ ਲੋਕਾਂ ਨੂੰ ਦੇਖ ਕੇ ਹੈ ਘਿਣ ਹੁੰਦੀ।
ਕੁਝ ਲੋਕਾਂ ਦਾ ਆਚਰਣ ਹੁੰਦਾ ਇਸ ਤਰ੍ਹਾਂ ਦਾ ਜਿਵੇਂ ਮੱਖੀਆਂ ਦੀ ਭਿਣ ਭਿਣ ਹੁੰਦੀ।
ਮਿਆਰ ਦੁਸ਼ਮਣੀ ਦੇ ਹੁੰਦੇ ਨੇ ਬਹੁਤ ਉਚੇ ਸੱਚੀ ਦੁਸ਼ਮਣੀ ਹੈ ਜਿਵੇਂ ਕਿਣਮਿਣ ਹੁੰਦੀ।
ਝੂਠੀ ਮਿਤਰਤਾ ਹੈ ਸਾਡੇ ਚੁਫੇਰ ਪਸਰੀ ਸੱਚੀ ਦੁਸ਼ਮਣੀ ਤਾਂ ਕਦੇ ਕਦੇ ਪਲ ਛਿਣ ਹੁੰਦੀ ।

## ਬਹਾਦਰ ਮਨੁੱਖ

ਸਿੱਧਾ ਜ਼ਿੰਦਗੀ ਦੇ ਨਾਲ ਮਿਲਾ ਕੇ ਅੱਖਾਂ ਇਹ ਬੰਦਾ ਦਿੰਦਾ ਹੈ ਜਦੋਂ ਲਲਕਾਰ ਬੇਲੀ।
ਨਿੱਕੇ ਬੰਦੇ ਤਾਈਂ ਵਾਹਣੀ ਪਾਈ ਫਿਰਦੀ ਇਹ ਜ਼ਿੰਦਗੀ ਮੰਨ ਜਾਂਦੀ ਉਦੋਂ ਹਾਰ ਬੇਲੀ।
ਬਹਾਦਰ ਮਨੁੱਖ ਤਾਈਂ ਚਾਹੀਦਾ ਹੈ ਪਤਾ ਹੋਣਾ ਚੁੱਕਣੀ ਕਿਸ ਦੇ ਲਈ ਤਲਵਾਰ ਬੇਲੀ।
ਸੱਚੀ ਨਫ਼ਰਤ ਦੇ ਕਾਬਿਲ ਨਾ ਮਿਲੇ ਜਦ ਕੋਈ ਤਾਂ ਦੱਬ ਆਪਣੇ ਦਿਓ ਹਥਿਆਰ ਬੇਲੀ।

## ਆਪਣਾ ਉਲੂ

ਲਗਦੈ ਭੇਤ ਜ਼ਮਾਨੇ ਦਾ ਪਾ ਲਿਆ ਤੂੰ ਤਾਹੀਏਂ ਹੋ ਗਿਐਂ ਬੜਾ ਮੋਹ ਤੋੜ ਯਾਰਾ।
ਮਿੱਠੇ ਮੂੰਹਾਂ ਦੇ ਨੇ ਮਤਲਬ -ਪ੍ਰਸਤ ਇਥੇ ਜੋ ਰਖਦੇ ਦਿਲਾਂ ਦੇ ਵਿਚ ਘਰੋੜ ਯਾਰਾ।
ਜਿੱਥੇ ਜ਼ਰਾ ਜਿੰਨੀ ਉਹਨਾਂ ਨੂੰ ਥਾਂ ਮਿਲਜੇ ਦਿੰਦੇ ਉਹ ਆਪਣਾ ਉਲੂ ਘਸੋੜ ਯਾਰਾ।
ਜੀਹਨੂੰ ਜੀਣ ਦਾ ਇਥੇ ਨੀ ਢੰਗ ਆਉਂਦਾ ਦੁਨੀਆਂ ਦਿੰਦੀ ਹੈ ਉਹਨੂੰ  ਮਰੋੜ ਯਾਰਾ।

## ਮਹਿਕ ਚੁੰਮਣ

ਮੇਰੀ ਮਹਿਕ ਚੁਮਣ ਦੇਹ ਕੰਡਿਆਂ ਨੂੰ ਫੁੱਲ ਕਹਿੰਦਾ ਹੈ ਪਹਿਲਾਂ ਮੁਰਝਾਉਣ ਤੋਂ ਨੀ।
ਇਸ ਤਰ੍ਹਾਂ ਤਾਂ ਹੈ ਦੋਸਤੀ ਟੁੱਟ ਜਾਂਦੀ ਕਿਉਂ ਲੋਕ ਡਰਦੇ ਨਹੀਂ ਅਜ਼ਮਾਉਣ ਤੋਂ ਨੀ।
ਖੀਸਾ ਅਕਲ ਦਾ ਕੱਟਿਆ ਜਾਂਵਦਾ ਹੈ ਥੁੜ੍ਹਿਆ ਕੀ ਹੈ ਤੀਰਥੀਂ ਨਹਾਉਣ ਤੋਂ ਨੀ।
ਜਿਹੜਾ ਬੰਦਾ ਨਹੀਂ ਕਿਸੇ ਦੇ ਕੰਮ ਆਉਂਦਾ ਲੈਣਾ ਕੀ ਕਿਸੇ ਉਸਦੇ ਜਿਉਣ ਤੋਂ ਨੀ।

## ਸੋਲਾਂ ਦੂਣੀ ਅੱਠ

ਪੜ੍ਹਿਆ ਪੁੱਤ ਪਟਵਾਰੀ ਦਾ ਦੇਖ ਕਿੱਦਾਂ ਸੋਲਾਂ ਦੂਣੀ ਨੂੰ ਆਖਦਾ ਅੱਠ ਅੜੀਏ।
ਲੋਕਰਾਜ ਦਾ ਅਰਥ ਹੈ ਮੱਝ ਉਹਦੀ ਜੀਹਦੇ ਹੱਥ ਵਿਚ ਹੈ ਸੋਨੇ ਦੀ ਲੱਠ ਅੜੀਏ।
ਵਰਗਲਾਈਆਂ ਸਾਡੀਆਂ ਭਾਵਨਾਵਾਂ ਦਿਸਦਾ ਡੇਰਿਆਂ 'ਤੇ ਜੋ ਹੈ 'ਕੱਠ ਅੜੀਏ।
ਵਿਹਲੜ ਲੋਕਾਂ ਨੇ ਹੈ ਇਹ ਸ਼ੈਤਾਨ ਘੜਿਆ ਤੂੰ ਕੀ ਕਰੇਂਗੀ ਪੂਜਕੇ ਮੱਠ ਅੜੀਏ।

## ਕਿਸਮਤਵਾਦੀ

ਅਸੀਂ ਲੋਕ ਹਾਂ ਭਾਗਾਂ ਨੂੰ ਮੰਨਣ ਵਾਲੇ ਇਸੇ ਲਈ ਹੀ ਬੜੇ ਅਭਾਗੇ ਹਾਂ ਜੀ ।
ਹਨ੍ਹੇਰਾ ਰਸਮ-ਰਿਵਾਜ ਦਾ ਰਹੇ ਢੋਂਦੇ ਪਾਈ ਫਿਰਦੇ ਗਲਾਂ ਵਿਚ ਧਾਗੇ ਹਾਂ ਜੀ।
ਜੀਂਦੇ ਅਜੇ ਵੀ ਪੰਦਰਵੀਂ ਸਦੀ ਦੇ ਵਿਚ ਪਹੁੰਚੇ ਬਾਈਵੀਂ ਸਦੀ ਲਾਗੇ ਹਾਂ ਜੀ।
ਜਦੋਂ ਚਿੜੀਆਂ ਚੁਗ ਗਈਆਂ ਖੇਤ ਸਾਰਾ ਅੱਖਾਂ ਮਲਦੇ ਮਸਾਂ ਹੀ ਜਾਗੇ ਹਾਂ ਜੀ।

# ਧਰਮ ਦੀ ਮੰਡੀ ਦੇ ਵਪਾਰੀ ਬਾਬੇ

**ਮੂਲ : ਸ਼ਿਵ ਕੁਮਾਰ ਸੱਕਸੇਨਾ, ਅਨੁਵਾਦਕ : ਪਵਨ ਕੁਮਾਰ ਰੱਤੋ**

ਭੋਲੇ ਭਾਲੇ ਲੋਕਾਂ ਨੂੰ ਮੋਹ ਮਾਇਆ ਦੇ ਜਾਲ ਵਿੱਚ ਫਸਾ ਕੇ ਆਪਣਾ ਉੱਲੂ ਸਿੱਧਾ ਕਰਨ ਵਾਲੇ ਧਰਮ ਗੁਰੂਆਂ ਦੀ ਕਾਰਸਤਾਨੀ ਦਾ ਪਰਦਾਫ਼ਾਸ ਰੋਜ਼ਾਨਾ ਹੁੰਦਾ ਹੀ ਰਹਿੰਦਾ ਹੈ। ਫੇਰ ਅਜਿਹਾ ਕੀ ਕਾਰਨ ਹੈ ਕਿ ਇਹਨਾਂ ਦੇ ਵਿਰੁੱਧ ਨਾ ਤਾਂ ਸਰਕਾਰ ਹੀ ਕੁਝ ਕਰਨਾ ਚਾਹੁੰਦੀ ਹੈ ਅਤੇ ਨਾ ਹੀ ਲੋਕ...

ਸਵੇਰੇ ਉੱਠਦੇ ਸਾਰ ਹੀ ਤੁਸੀਂ ਟੈਲੀਵਿਜ਼ਨ ਦਾ ਕੋਈ ਵੀ ਚੈਨਲ ਖੋਲ੍ਹੋ, ਕੋਈ ਨਾ ਕੋਈ ਧਰਮ ਗੁਰੂ ਜਾਂ ਧਰਮ ਪ੍ਰਚਾਰਕ ਧਾਰਮਕ ਪ੍ਰਵਚਨ ਦੇਂਦਾ ਤੁਹਾਨੂੰ ਦਿਸ ਜਾਵੇਗਾ। 100 ਭਿੰਨ-ਭਿੰਨ ਚੈਨਲਾਂ ਉੱਤੇ 100 ਵੱਖ-ਵੱਖ ਧਰਮਗੁਰੂ ਆਪਣੇ ਆਲੀਸ਼ਾਨ ਤਾਮਝਾਮ ਦੇ ਨਾਲ ਆਪਣੇ ਹਜ਼ਾਰਾਂ ਪੈਰੋਕਾਰਾਂ ਦੀ ਭੀੜ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਕਿ ਉਹਨਾਂ ਦੀ ਸ਼ਰਣ (ਆਸਰਾ; ਬਚਾਉਂਦੀ ਜਗ੍ਹਾ; ਅਧੀਨ) ਵਿੱਚ ਆ ਕੇ ਇਨਸਾਨ ਸਾਰੇ ਬੰਨ੍ਹਣਾਂ ਤੋਂ ਮੁਕਤ ਹੋ ਜਾਂਦਾ ਹੈ। ਧਰਮਗ੍ਰੰਥਾਂ ਦੀ ਆਪਣੀ ਸਹੂਲਤ ਅਨੁਸਾਰ ਵਿਆਖਿਆ ਕਰ ਕੇ, ਸਿੱਧੀਆਂ-ਸਾਦੀਆਂ ਗੱਲਾਂ ਨੂੰ ਸ਼ਬਦਾਂ ਦੇ ਮਾਇਆਜਾਲ (ਛਲ) ਵਿੱਚ ਲਪੇਟ ਕੇ ਹੱਥ ਦੀ ਸਫ਼ਾਈ ਦੁਆਰਾ ਛੋਟੇ-ਮੋਟੇ ਚਮਤਕਾਰ ਵਿਖਾ ਕੇ ਇਹ ਏਨੀ ਖ਼ੂਬੀ ਨਾਲ ਆਪਣੀ ਗੱਲ ਆਮ ਵਿਅਕਤੀ ਦੇ ਸਾਹਮਣੇ ਪੇਸ਼ ਕਰਦੇ ਹਨ ਕਿ ਉਸਨੂੰ ਲਗਦਾ ਹੈ ਕਿ ਇਹੀ ਉਸ ਦੀ ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਵਾਲਾ ਉਸ ਦਾ ਮੁਕਤੀਦਾਤਾ ਆਦਮੀ ਹੈ।

ਹੁਣ ਸਵਾਲ ਇਹ ਉਠਦਾ ਹੈ ਕਿ ਅਜਿਹੀ ਕਿਹੜੀ ਗੱਲ ਹੈ ਇਨ੍ਹਾਂ ਧਰਮ ਗੁਰੂਆਂ ਵਿੱਚ ਕਿ ਅਸਿੱਖਿਅਤ ਤਾਂ ਇੱਕ ਪਾਸੇ, ਪੜ੍ਹੇ ਲਿਖੇ ਲੋਕ ਵੀ ਇਹਨਾਂ ਧਰਮ ਗੁਰੂਆਂ ਦੀ ਸ਼ਰਣ ਵਿੱਚ ਬੈਠਣਾ ਆਪਣੀ ਚੰਗੀ ਕਿਸਮਤ ਸਮਝਦੇ ਹਨ? ਆਖਰ ਉਹ ਕਿਹੜੇ ਲੋਕ ਹਨ ਜਿਹੜੇ ਰਾਤੋਂ ਰਾਤ ਖੁੰਭਾ ਵਾਂਗ ਉੱਗ ਕੇ ਸਮਾਜ ਦੇ, ਧਰਮ ਦੇ ਠੇਕੇਦਾਰ ਬਣ ਕੇ ਆਪਣੇ ਆਪ ਨੂੰ ਰੱਬ ਜਾਂ ਰੱਬ ਦਾ ਅਵਤਾਰ ਅਖਵਾਉਣਾ ਪਸੰਦ ਕਰ ਰਹੇ ਹਨ? ਅਸਲ ਵਿੱਚ ਇਹ ਕੋਈ ਅਲੌਕਿਕ ਜਾਂ ਅਵਤਾਰੀ ਮਨੁੱਖ ਨਾ ਹੋ ਕੇ ਸਾਡੇ ਅਤੇ



ਤੁਹਾਡੇ ਵਰਗੇ ਹੀ ਸਾਧਾਰਣ ਲੋਕ ਹੁੰਦੇ ਹਨ, ਜਿਹੜੇ ਸਾਧਾਰਣ ਤੋਂ ਅਸਾਧਾਰਣ (ਵਿਸ਼ੇਸ਼, ਖਾਸ) ਬਣਨ ਦੀ ਤਰਕੀਬ ਚੰਗੀ ਤਰ੍ਹਾਂ ਜਾਣਨ ਦੇ ਕਾਰਨ ਹੀ ਸਾਧਾਰਣ ਅਤੇ ਭੋਲੇ ਭਾਲੇ ਲੋਕਾਂ ਵਿੱਚ ਅਸਾਧਾਰਣ ਹੋਣ ਦੀ ਸ਼ੋਭਾ ਬਣਾ ਲੈਂਦੇ ਹਨ। ਜਦ ਕਿ ਇਹਨਾਂ ਵਿੱਚੋਂ ਜ਼ਿਆਦਾਤਰ ਬੰਦੇ ਤਾਂ ਅਜਿਹੇ ਹਨ, ਜੋ ਕੱਲ੍ਹ ਤੱਕ ਆਪਣੇ ਜੀਵਨ ਵਿੱਚ ਅਸਫ਼ਲ ਸਨ, ਪਰੰਤੂ ਮਹਾਂਚਾਲਬਾਜ਼ ਸਨ।

ਦਰਅਸਲ, ਧਰਮਗੁਰੂ ਬਣੇ ਲੋਕ ਮਾਨਵੀ ਵਿਵਹਾਰ ਅਤੇ ਉਸਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ ਦੀ ਬਹੁਤ ਤਿੱਖੀ ਸਮਝ ਰੱਖਦੇ ਹਨ ਅਤੇ ਉਸ ਦਾ ਉਹ ਭਰਪੂਰ ਲਾਭ ਲੈਂਦੇ ਹਨ। ਜਦ ਕਿ ਇਕ ਆਮ ਆਦਮੀ ਇਹਨਾਂ ਕਾਰਨਾਂ ਦੀ ਸਮਝ ਰੱਖਦੇ ਹੋਏ ਵੀ ਆਮ ਤੌਰ 'ਤੇ ਉਹਨਾਂ ਦੀ ਬੇਰਪਵਾਹੀ ਕਰਦਾ ਰਹਿੰਦਾ ਹੈ ਜਾਂ ਉਹਨਾਂ ਦੇ ਪ੍ਰਤੀ ਲਾਪਰਵਾਹ ਬਣਿਆ ਰਹਿੰਦਾ ਹੈ, ਜਿਸ ਦੇ ਕਾਰਨ ਉਹ ਅਕਸਰ ਇਹਨਾਂ ਧਰਮਗੁਰੂਆਂ ਦੇ ਚੁੰਗਲ (ਵੱਸ ਜਾਂ ਕਾਬੂ 'ਚ ਆਉਣਾ) ਵਿੱਚ ਫਸਦਾ ਚਲਾ ਜਾਂਦਾ ਹੈ।

**ਪ੍ਰਚਾਰ ਦਾ ਮਹੱਤਵ** : ਵੱਡੀ ਦੁਕਾਨਦਾਰੀ ਚਲਾਉਣ ਦੇ ਲਈ ਵੱਡੇ ਤਾਮਝਾਮ ਦੀ ਲੋੜ ਹੁੰਦੀ ਹੈ, ਜਿਸ ਨੂੰ ਧਰਮਗੁਰੂ ਲੋਕ ਚੰਗੀ ਤਰ੍ਹਾਂ ਜਾਣਦੇ ਹਨ। ਇਸੇ ਲਈ ਸਭ ਤੋਂ ਪਹਿਲਾਂ ਤਾਂ ਇਹ ਹਰੇਕ ਉਹ ਅਜੋਕੀ ਸੁੱਖ ਸਹੂਲਤ ਅਤੇ ਤਾਮਝਾਮ ਇਕੱਠਾ ਕਰ ਲੈਂਦਾ ਹੈ, ਜਿਹਨਾਂ ਨਾਲ ਇਹਨਾਂ ਨੂੰ ਪ੍ਰਚਾਰ ਮਿਲਣ ਵਿੱਚ ਸਹਾਇਤਾ ਮਿਲਦੀ ਹੈ। ਵੱਡੀ ਤੋਂ ਵੱਡੀ ਧਰਤੀ ਉਤੇ ਆਪਣੇ ਆਲੀਸ਼ਾਨ ਆਸ਼ਰਮ ਬਣਵਾ ਕੇ ਆਪਣੇ ਚੇਲੇ ਚਪਟਿਆਂ ਦੁਆਰਾ ਇਹ ਆਪਣੀ ਝੂਠੀ ਮਹਾਨਤਾ ਦਾ ਧੂਆਂਧਾਰ ਪ੍ਰਚਾਰ ਕਰਵਾਉਂਦੇ ਹਨ। ਪ੍ਰਚਾਰ ਦੀ ਮਾਇਆ ਤੋਂ ਤਾਂ ਸਭ ਵੱਸ 'ਚ ਹੁੰਦੇ ਹਨ, ਜਿਸ ਦੇ ਕਾਰਨ ਜ਼ਿਆਦਾਤਰ ਲੋਕ ਤਾਂ ਅਜਿਹੇ ਹੁੰਦੇ ਹਨ, ਜਿਹੜੇ ਸਿਰਫ਼ ਪ੍ਰਚਾਰ ਦੇ ਜਾਦੂ ਨਾਲ ਪ੍ਰਭਾਵਿਤ ਹੋ ਕੇ ਇਹਨਾਂ ਧਰਮਗੁਰੂਆਂ ਨੂੰ ਸੱਭ ਤੋਂ ਉੱਪਰ ਮੰਨ ਬੈਠਦੇ ਹਨ। ਇਹ ਪ੍ਰਚਾਰ ਦਾ ਜਾਦੂ ਜਿੱਥੇ ਇਹਨਾਂ ਧਰਮ ਗੁਰੂਆਂ ਦੇ ਲਈ ਆਪਣੇ

ਪੈਰੋਕਾਰਾਂ (ਸ਼ਿਕਾਰ) ਨੂੰ ਖਿਚ ਭਰਪੂਰ ਬਣਾਉਣ ਦਾ ਕੰਮ ਕਰਦਾ ਹੈ, ਉਥੇ ਹੀ ਲੋਕਾਂ ਨੂੰ ਬੇਅਕਲਾ ਬਣਾ ਕਥਿਤ ਧਰਮ ਗੁਰੂਆਂ ਦੇ ਪ੍ਰਤੀ ਅੰਨ੍ਹਾ ਭਗਤ ਪੈਦਾ ਕਰ ਦਿੰਦਾ ਹੈ। ਇਹ ਪ੍ਰਚਾਰ ਦਾ ਹੀ ਜਾਦੂ ਸੀ ਜਿਸ ਨੇ ਚੰਦਰਾਸਵਾਮੀ ਵਰਗੇ ਛੋਟੇ-ਮੋਟੇ ਮਦਾਰੀ ਨੂੰ ਸਮਾਜ ਦਾ ਸਭ ਤੋਂ ਵੱਡਾ ਬਣਾ ਕੇ ਸਾਰੀ ਦੁਨੀਆਂ ਵਿੱਚ ਉਸ ਦੇ ਲੱਖਾਂ ਪੈਰੋਕਾਰਾਂ ਨੂੰ ਉਸ ਦਾ ਭਗਤ ਬਣਾ ਦਿੱਤਾ। ਜਦੋਂਕਿ ਉਸ ਦੀ ਅਸਲੀਅਤ ਕਿਸੇ ਮਾਫੀਆ ਸਰਗਨਾ ਤੋਂ ਘੱਟ ਨਹੀਂ ਆਖੀ ਜਾ ਸਕਦੀ। ਆਸ਼ਰਮ ਦੇ ਨਾਂ ਉੱਤੇ ਉਸ ਨੇ ਐਯਾਸ਼ੀ ਅਤੇ ਅਪਰਾਧੀ ਗਤੀਵਿਧੀਆਂ ਨੂੰ ਆਸਰਾ, ਸ਼ਰਣ ਦੇਣ ਦਾ ਅੱਡਾ ਖੋਲ੍ਹਿਆ ਹੋਇਆ ਸੀ, ਜਿਸ ਦਾ ਭੇਤ ਖੋਲ੍ਹਣਾ ਕਾਫੀ ਬਹਿਸਯੋਗ ਖ਼ਬਰ ਬਣ ਗਈ ਸੀ।

**ਪ੍ਰਚਾਰ ਬਚਪਨ ਤੋਂ ਸ਼ੁਰੂ ਹੁੰਦਾ ਹੈ :-** ਦਰਅਸਲ, ਧਰਮ ਦਾ ਡਰ ਸਾਡੇ ਅੰਦਰ ਬਚਪਨ ਤੋਂ ਹੀ ਪਾਇਆ ਜਾਂਦਾ ਹੈ। ਬਚਪਨ ਤੋਂ ਹੀ ਬੱਚਾ ਧਰਮ ਕਰਮ, ਰੀਤੀ-ਰਿਵਾਜ਼ਾਂ, ਪੂਜਾ-ਪਾਠ ਅਤੇ ਸਾਧੂ-ਸੰਨਿਆਸੀ ਦੀ ਭਾਵਭਗਤੀ ਦੇ ਨਾਂ ਉੱਤੇ ਫੈਲੇ ਅਡੰਬਰਾਂ ਨੂੰ ਦੇਖਦਾ ਆਉਂਦਾ ਹੈ। ਉਸ ਨੂੰ ਦੱਸਿਆ ਜਾਂਦਾ ਹੈ ਕਿ ਇਹ ਸੱਭ (ਅਡੰਬਰ) ਹੀ ਤੇਰੇ ਜੀਵਨ ਦਾ ਆਧਾਰ ਤੱਤਵ ਹੈ। ਇਸ ਦੇ ਬਿਨ੍ਹਾਂ ਤੁਸੀਂ ਵੱਧ ਫੁਲ ਨਹੀਂ ਸਕਦੇ। ਧਰਮ ਦਾ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਬੱਚੇ ਵਿੱਚ ਪੈਦਾ ਨਾ ਕਰ ਕੇ, ਧਰਮ ਦੇ ਨਾਂ ਉੱਤੇ ਫੈਲੇ ਅਡੰਬਰਾਂ (ਜਿਹੜੇ ਧਰਮ ਦੇ ਠੇਕੇਦਾਰਾਂ ਦੁਆਰਾ ਹੀ ਬਣਾਏ ਗਏ ਹੁੰਦੇ ਹਨ) ਨੂੰ ਲਾਜ਼ਮੀ ਰੂਪ ਨਾਲ ਨਿਭਾਉਣ ਦੇ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ। ਬਚਪਨ ਤੋਂ ਭਰੀ ਗਈ ਇਹ ਧਰਮ ਦੇ ਨਾਂ ਉੱਤੇ ਅਡੰਬਰਾਂ ਦੀ ਮਾਨਸਿਕਤਾ ਆਦਮੀ ਦੇ ਮਰਨ ਤਕ ਉਸ ਨੂੰ ਮੱਕੜੀ ਦੇ ਜਾਲ ਦੀ ਤਰ੍ਹਾਂ ਉਲਝਾਈ ਰੱਖਦੀ ਹੈ।

**ਸਮਾਜਿਕ ਦਬਾਅ :** ਸਮਾਜਿਕ ਪ੍ਰਾਣੀ ਹੋਣ ਦੇ ਕਾਰਨ ਬੰਦਾ ਸਮਾਜ ਦੇ ਬਣਾਏ ਨਿਯਮਾਂ ਨਾਲ ਬੰਨ੍ਹਿਆਂ ਰਹਿੰਦਾ ਹੈ। ਜਿਹੜੇ ਕੰਮ ਉਹ ਇਕੱਲਾ ਨਹੀਂ ਕਰ ਸਕਦਾ ਉਸ ਨੂੰ ਉਹ ਸਮਾਜ (ਧਰਮ ਦੇ ਬਣੇ ਹੋਏ ਸੰਗਠਨ) ਦੇ ਸਹਿਯੋਗ ਨਾਲ ਕਰਨਾ ਚਾਹੁੰਦਾ ਹੈ। ਇਸ ਲਈ ਜੋ ਕੰਮ ਸਮਾਜ ਦੇ ਇੱਕ ਵੱਡੇ ਹਿੱਸੇ ਦੁਆਰਾ ਕੀਤਾ ਜਾਂਦਾ ਹੈ, ਬੰਦਾ ਉਸ ਨੂੰ ਹੀ ਇਹ ਸਮਝੇ ਬੁੱਝੇ ਬਿਨ੍ਹਾਂ ਹੀ ਕਿ ਇਹ ਕੰਮ ਗਲਤ ਹੈ ਜਾਂ ਠੀਕ, ਬੇਅਕਲ ਬਣ ਕੇ ਉਸ ਦੀ ਰੀਸ ਕਰਨ ਲੱਗ ਜਾਂਦਾ ਹੈ। ਉਸ ਦੇ ਵਿਰੁੱਧ ਕੁਝ ਸੋਚਣ ਦੀ ਸਮਰੱਥਾ ਹੀ ਉਸ ਬੰਦੇ ਵਿੱਚ ਨਹੀਂ ਹੁੰਦੀ ਜਿਹੜੀ ਉਸ ਦੇ ਬਚਪਨ ਤੋਂ ਧਰਮ ਦੇ ਵਿਰੁੱਧ ਨਾ ਸੋਚਣ ਦੀ ਮਾਨਸਿਕਤਾ ਦੇ ਨਤੀਜੇ ਵਜੋਂ ਹੁੰਦੀ ਹੈ। ਇਸ ਪ੍ਰਕਾਰ ਇਕ ਸਮਾਜਿਕ ਦਬਾਅ ਦਾ ਡਰ ਹਮੇਸ਼ਾ ਬੰਦੇ ਨੂੰ ਧਰਮ ਦੇ ਵਿਰੁੱਧ ਕੁੱਝ ਨਵਾਂ ਕਰਨ ਜਾਂ ਸੋਚਣ ਦੀ ਸਮਝ ਪੈਦਾ ਨਹੀਂ ਹੋਣ ਦਿੰਦਾ।

**ਅਲੱਗ ਨਾ ਚੱਲਣ ਦਾ ਹੌਂਸਲਾ :** ਸਾਮਾਜਿਕ ਦਬਾਅ ਅਤੇ ਧਰਮ ਦਾ ਵਿਸ਼ਲੇਸ਼ਣਾਤਮਕ ਅਕਲ ਨਾ ਹੋਣ ਦੇ ਕਾਰਨ ਹੀ ਵਿਅਕਤੀ ਸਮਾਜ ਦੇ ਬਣਾਏ ਰੀਤੀ-ਰਿਵਾਜ਼ਾਂ ਅਤੇ ਅੰਧਵਿਸ਼ਵਾਸਾਂ ਤੋਂ ਵੱਖ ਹਟ ਕੇ ਚੱਲਣ ਦੀ ਹਿੰਮਤ ਨਹੀਂ ਕਰ ਪਾਉਂਦਾ। ਉਸ ਦੇ ਅੰਦਰ ਹਮੇਸ਼ਾ ਸਮਾਜ ਅਤੇ ਪਰਿਵਾਰ ਦੇ ਉਲਾਂਭਿਆਂ ਦਾ ਡਰ ਬਣਿਆ ਰਹਿੰਦਾ ਹੈ, ਜਿਹੜਾ ਉਸ ਨੂੰ ਨਾ ਸਿਰਫ ਮਾਨਸਿਕ ਸਗੋਂ ਸਰੀਰਕ ਤੌਰ ਤੋਂ ਕਮਜ਼ੋਰ ਬਣਾ ਦਿੰਦੇ ਹਨ ਅਤੇ ਬੰਦੇ ਦੀ ਇਸੇ ਕਮਜ਼ੋਰੀ ਦਾ ਫਾਇਦਾ ਇਹ ਧਰਮ ਦੇ ਠੇਕੇਦਾਰ ਉਠਾਂਦੇ ਹਨ। ਉਹ ਆਪਣੇ ਸ਼ਬਦਾਂ ਦੀ ਚਤੁਰਾਈ ਨਾਲ ਲੋਕਾਂ ਨੂੰ ਏਨੀ ਖ਼ੂਬਸੂਰਤੀ ਨਾਲ ਫੈਲਾਉਂਦੇ ਹਨ ਕਿ ਲੋਕ ਚਾਹੁੰਦੇ ਹੋਏ ਵੀ ਧਰਮ ਦੇ ਨਾਂ ਉੱਤੇ ਫੈਲੀਆਂ ਇਹਨਾਂ ਦੁਕਾਨਾਂ ਤੋਂ ਆਪਣੇ ਆਪ ਨੂੰ ਬਚਾ ਕੇ ਨਹੀਂ ਨਿਕਲ ਪਾਂਦੇ।

ਧਾਰਮਿਕ ਭਾਵਨਾ ਨਾਲ ਪ੍ਰਭਾਵਿਤ ਅੰਧਵਿਸ਼ਵਾਸੀ ਵਿਅਕਤੀ ਦਾ ਅਧਿਆਤਮਕ, ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਕੇ ਸਮਾਜ ਸੇਵਾ ਦੀ ਸ਼ਕਲ ਦੇਣਾ ਤੇ ਧਰਮ ਦੇ ਨਾਂ ਉੱਤੇ ਵਪਾਰ ਕਰਨਾ ਹੀ ਇਹਨਾਂ ਦੇ ਠੇਕੇਦਾਰਾਂ ਦੀ ਰੁਚੀ ਬਣ ਗਈ ਹੈ ਜਿਸ ਦੇ ਕਾਰਨ ਅੱਜ ਜ਼ਿਆਦਾਤਰ ਆਸ਼ਰਮ ਭ੍ਰਿਸ਼ਟਾਚਾਰ ਅਤੇ ਵਿਭਚਾਰ ਦੇ ਅੱਡੇ ਬਣ ਗਏ ਹਨ।

ਇਹਨਾਂ ਦੀ ਖੋਖਲੇਪਣ ਦੀ ਪੱਟੀ ਇਸ ਲਈ ਨਹੀਂ ਖੁੱਲ੍ਹ ਪਾਉਂਦੀ ਕਿਉਂਕਿ ਸਾਰਾ ਤੰਤਰ ਇਹਨਾਂ ਨੂੰ ਸੁਰੱਖਿਆ ਦਿੰਦਾ ਹੈ। ਸਰਕਾਰਾਂ ਨੂੰ ਵੀ ਇਸ ਵਿੱਚ ਸਬਰ ਰਹਿੰਦਾ ਹੈ ਕਿ ਧਰਮ ਦੇ ਨਾਂ ਉੱਤੇ ਲੋਕ ਕਾਬੂ ਵਿੱਚ ਰਹਿੰਦੇ ਹਨ। ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਇਹਨਾਂ ਹੀ ਧਰਮ ਗੁਰੂਆਂ ਦੇ ਸਹਾਰੇ ਚੱਲਦੀਆਂ ਹਨ। ਸਾਡੀ ਸਰਕਾਰ ਦੇ ਲਈ ਵੀ ਤਾਂ ਸੰਤ ਲੋਕ ਬਹੁਤ ਜ਼ਰੂਰੀ ਹਨ, ਹਨ ਜਾਂ ਨਹੀਂ ?

***


ਗਿਆਨ ਦਾ ਖ਼ਜ਼ਾਨਾ

## ਵਿਗਿਆਨ ਜੋਤ




✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/-
✪ ਉਮਰ ਭਰ (15 ਸਾਲ ਲਈ) 1000/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

ਪਤਾ : ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101
Email : tarksheel@yahoo.com Web site : www.tarksheel.com

# ਔਰਤਾਂ ਦੇ ਜ਼ਿਆਦਾ ਬੋਲਣ ਬਾਰੇ ਕੀ ਕਹਿੰਦੈ ਵਿਗਿਆਨ?

**ਡਾ. ਹਰਚੰਦ ਸਿੰਘ ਸਰਹਿੰਦੀ**

ਔਰਤ ਤੇ ਮਰਦ ਦੇ ਦਿਮਾਗ਼ ਦੀ ਬਣਤਰ ਵਿੱਚ ਕਈ ਬੁਨਿਆਦੀ ਅੰਤਰ ਪਾਏ ਜਾਂਦੇ ਹਨ, ਜਿਨ੍ਹਾਂ ਕਾਰਨ ਔਰਤ ਤੇ ਮਰਦ ਦੀ ਮਾਨਸਿਕ ਸੂਝ, ਭਾਵਨਾਤਮਕ ਜੀਵਨ, ਸੁਭਾਅ, ਵਿਵਹਾਰ ਆਦਿ ਵਿੱਚ ਵੱਡੇ ਪੱਧਰ 'ਤੇ ਫ਼ਰਕ ਹੁੰਦਾ ਹੈ। ਇਸੇ ਮੁੱਢਲੀ ਸੱਚਾਈ ਅਧੀਨ ਔਰਤਾਂ, ਮਰਦਾਂ ਦੇ ਮੁਕਾਬਲੇ ਜ਼ਿਆਦਾ ਬੋਲਦੀਆਂ ਹਨ। ਅਮਰੀਕਾ ਸਥਿਤ ਪੈਨਸਿਲਵੇਨੀਆਂ ਯੂਨੀਵਰਸਿਟੀ ਦੀ ਮਸਤਕ ਪ੍ਰਯੋਗਸ਼ਾਲਾ ਦੇ ਡਾਇਰੈਕਟਰ ਹਿਊਬੇਨ ਗੁਰ ਵੱਲੋਂ ਕੀਤੇ ਖੋਜ ਦੇ ਕੰਮ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਇਆ ਹੈ ਕਿ ਔਰਤਾਂ ਦੇ ਦਿਮਾਗ਼ ਵਿੱਚ ਸਥਿਤ 'ਬੋਲਣ ਦੀ ਸ਼ਕਤੀ ਦਾ ਕੇਂਦਰ' ਮਰਦਾਂ ਦੇ ਮੁਕਾਬਲੇ ਜ਼ਿਆਦਾ ਸਰਗਰਮ ਹੁੰਦਾ ਹੈ।



ਇਹੋ ਕਾਰਨ ਹੈ ਕਿ ਔਰਤਾਂ, ਬਗੈਰ ਕੋਈ 'ਕਾਮਾ' ਜਾਂ 'ਪੂਰਣ ਵਿਸ਼ਰਾਮ' ਲਗਾਏ ਲਗਾਤਾਰ ਲੰਮੇਂ ਸਮੇਂ ਤੱਕ ਬੋਲ ਸਕਦੀਆਂ ਹਨ। ਦੂਜਾ, ਔਰਤਾਂ ਵਿੱਚ ਦਿਮਾਗ਼-ਸਥਿਤ 'ਯਾਦਾਸ਼ਤ ਕੇਂਦਰ' ਵੀ ਮਰਦਾਂ ਦੇ ਮੁਕਾਬਲੇ ਜ਼ਿਆਦਾ ਕਿਰਿਆਸ਼ੀਲ ਹੁੰਦਾ ਹੈ, ਜੋ ਬੋਲਣ ਸਮੇਂ ਉਨ੍ਹਾਂ ਨੂੰ ਥਿੜਕਣ ਨਹੀਂ ਦਿੰਦਾ ਅਤੇ ਗੱਲ ਦੀ ਲੜੀ ਨੂੰ ਬਣਾਈ ਰੱਖਣ ਵਿੱਚ ਸਹਾਈ ਹੁੰਦਾ ਹੈ। ਗੱਲ ਕੀ, ਔਰਤਾਂ ਦੇ ਦਿਮਾਗ਼ ਦਾ ਸੰਚਾਲਨ ਹੀ ਕੁੱਝ ਇਸ ਢੰਗ ਨਾਲ ਹੁੰਦਾ ਹੈ ਜੋ ਉਨ੍ਹਾਂ ਨੂੰ ਬੋਲਦੇ ਰਹਿਣ ਲਈ ਉਕਸਾਉਂਦਾ ਹੈ।

ਔਰਤਾਂ ਵਿੱਚ ਜ਼ਿਆਦਾ ਬੋਲਣ ਦੀ ਰੁਚੀ ਦਾ ਮੁੱਢ ਗਰਭਕਾਲ ਦੌਰਾਨ ਹੀ ਬੱਝ ਜਾਂਦਾ ਹੈ। ਲੰਡਨ ਵਿਖੇ, 1997 ਵਿੱਚ, 39 ਅਣ-ਜੰਮੇ ਬੱਚਿਆਂ 'ਤੇ ਆਧਾਰਤ ਕੀਤੇ ਖੋਜ ਦੇ ਕੰਮ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਮਾਦਾ ਭਰੂਣ ਨਰ ਭਰੂਣ ਦੇ ਮੁਕਾਬਲੇ ਜ਼ਿਆਦਾ ਮੂੰਹ ਹਿਲਾਉਂਦਾ ਹੈ। ਸੋ, ਕਿਹਾ ਜਾ ਸਕਦਾ ਹੈ ਕਿ ਔਰਤਾਂ ਵਿੱਚ ਜ਼ਿਆਦਾ ਬੋਲਣ ਦਾ ਅਭਿਆਸ ਗਰਭ ਦੌਰਾਨ ਹੀ ਸ਼ੁਰੂ ਹੋ ਜਾਂਦਾ ਹੈ। ਇਹੋ ਤੱਥ, ਲਾਨਸਿਟ ਮੈਡੀਕਲ ਜਰਨਲ' ਵਿੱਚ ਛਪੀ ਇੱਕ ਰਿਪੋਰਟ ਵਿੱਚ, ਖੋਜ ਟੋਲੀ ਦੇ ਮੁਖੀ ਦੇ ਸ਼ਬਦਾਂ ਵਿੱਚ - "Girls are born more talkative than boys, and come into the world more advance than the opposite sex."

ਖੋਜੀ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਕੁੜੀਆਂ ਵਿੱਚ ਜ਼ਿਆਦਾ ਬੋਲਣ ਦਾ ਗੁਣ ਜਨਮ ਤੋਂ ਨਹੀਂ ਸਗੋਂ ਜਨਮ ਤੋਂ ਪਹਿਲਾਂ ਹੀ ਹੁੰਦਾ ਹੈ। ਪ੍ਰੋ. ਪੀਟਰ ਆਫ਼ ਕਵੀਨਜ਼ ਯੂਨੀਵਰਸਿਟੀ, ਬੈਲਫ਼ਾਸਟ ਦੀ ਇੱਕ ਖੋਜ ਟੋਲੀ ਨੇ ਵੇਖਿਆ ਕਿ 16 ਮਹੀਨਿਆਂ ਦੀ ਉਮਰ ਵਿੱਚ ਕੁੜੀਆਂ, ਮੁੰਡਿਆਂ ਦੇ ਮੁਕਾਬਲੇ ਥੋੜ੍ਹਾ ਵੱਧ ਮੂੰਹ ਹਿਲਾਂਉਂਦੀਆਂ ਹਨ, 18 ਮਹੀਨਿਆਂ ਦੀ ਉਮਰ ਤੱਕ ਇਹ ਫ਼ਰਕ ਹੋਰ ਵੱਧ ਜਾਂਦਾ ਹੈ ਅਤੇ 20 ਮਹੀਨਿਆਂ ਦੀ ਉਮਰ ਤੱਕ ਆਉਂਦੇ-ਆਉਂਦੇ ਕੁੜੀਆਂ, ਮੁੰਡਿਆਂ ਨੂੰ ਵੱਡਾ ਫ਼ਰਕ ਦੇ ਜਾਂਦੀਆਂ ਹਨ।

ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਵੱਧ ਬੋਲਣਾ ਤੇ ਕਈ ਵਾਰ ਬੇਮੌਕਾ ਬੋਲਣਾ ਔਰਤ ਦੀ ਆਦਤ ਦਾ ਇੱਕ ਹਿਸਾ ਹੈ। ਅੰਗਰੇਜ਼ੀ ਦੀ ਇੱਕ ਕਹਾਵਤ ਹੈ, 'Persiflage-Thy name is woman.' ਭਾਵ ਬਹੁਤੀਆਂ ਗੱਲਾਂ ਕਰਨੀਆਂ ਤੇ ਸ਼ੇਖੀ ਮਾਰਨੀ ਔਰਤ ਦੇ ਜਿਊਣ-ਢੰਗ ਦਾ ਇੱਕ ਅਨਿੱਖੜਵਾਂ ਅੰਗ ਹੈ। ਇਹੋ ਕਾਰਨ ਹੈ ਕਿ ਹਰ ਤਰ੍ਹਾਂ ਦੇ ਸਮਾਗਮਾਂ ਦੌਰਾਨ ਪ੍ਰਬੰਧਕਾਂ ਵਲੋਂ ਬੀਬੀਆਂ ਨੂੰ ਚੁੱਪ ਦਾ ਦਾਨ ਬਖ਼ਸ਼ਣ ਲਈ ਵਾਰ-ਵਾਰ ਬੇਨਤੀ ਕੀਤੀ ਜਾਂਦੀ ਹੈ। ਸੱਚਮੁੱਚ! "ਔਰਤ ਹੋਣਾ ਤੇ ਚੁੱਪ ਰਹਿਣਾ - ਇੱਕ ਪਰਸਪਰ ਵਿਰੋਧੀ ਗੱਲ ਹੈ।" - **ਦਿਰਸੇ ਡੀ. ਮੋਲਿਨਾ**

ਮਰਦ ਜਿੱਥੇ ਕਿਸੇ ਰਾਜ਼ ਦੀ ਗੱਲ ਨੂੰ ਇੱਕ ਕੰਨ ਤੋਂ ਸੁਣ ਕੇ ਦੂਜੇ ਕੰਨ ਵਿੱਚ ਦੀ ਕੱਢ ਦਿੰਦਾ ਹੈ, ਉੱਥੇ ਔਰਤ ਦੋਨੋਂ ਕੰਨਾਂ ਤੋਂ ਸੁਣ ਕੇ ਮੂੰਹ ਰਾਹੀਂ ਬਾਹਰ ਕੱਢ ਦਿੰਦੀ ਹੈ। ਤਾਹੀਉਂ ਸਿਆਣੇ ਕਿਸੇ ਰਾਜ਼ ਦੀ ਗੱਲ ਨੂੰ ਔਰਤ ਨਾਲ ਸਾਂਝੀ ਕਰਨ ਤੋਂ ਵਰਜਦੇ ਹਨ।

ਅਵਾਮ ਦਾ ਸ਼ਾਇਰ ਬਾਬੂ ਰਜਬ ਅਲੀ, ਇਸ ਤੱਥ 'ਤੇ ਆਪਣੀ ਅਮਿਟ ਛਾਪ ਇਉਂ ਲਗਾਉਂਦਾ ਹੈ :

"ਤੀਵੀ ਨੂੰ ਭੇਤ ਖੋਲ੍ਹੇ ਨਾ
ਕਰਾੜ ਪੂਰਾ ਤੋਲੇ ਨਾ
ਅਖਾੜੇ ਵਿੱਚ ਸਿਆਣਾ ਬੋਲੇ ਨਾ।"

ਚਾਰਲਸ ਡਿਕਸ਼ਨ ਵੀ ਇਹ ਕਹਿਣ ਲਈ ਮਜਬੂਰ ਹੈ ਕਿ "ਜ਼ੁਬਾਨ ਬਹੁਤ ਹੀ ਵਧੀਆ ਚੀਜ਼ ਹੈ, ਪਰ ਜੇਕਰ ਉਹ ਔਰਤ ਦੀ ਨਾ ਹੋਵੇ।"

ਔਰਤ ਨੂੰ ਇਸ ਗੱਲ ਦੀ ਪਰਵਾਹ ਨਹੀਂ ਹੁੰਦੀ ਕਿ ਗੱਲਬਾਤ ਦੌਰਾਨ ਦੂਸਰੀ ਧਿਰ ਉਸ ਦੀ ਗੱਲ ਦਾ ਹੁੰਗਾਰਾ ਭਰਦੀ ਵੀ ਹੈ ਜਾਂ ਨਹੀਂ, ਉਸ ਨੇ ਤਾਂ ਬੱਸ ਬੇਰੋਕ-ਟੋਕ ਬੋਲਣਾ ਹੈ। ਔਰਤਾਂ

ਜਦੋਂ ਆਪਸ ਵਿੱਚ ਗੱਲਾਂ ਕਰਦੀਆਂ ਹਨ ਤਾਂ ਉਹ ਅਕਸਰ, ਉਰਲੀਆਂ-ਪਰਲੀਆਂ ਮਾਰਦੀਆਂ ਹਨ। ਖਲੀਲ ਜਿਬਰਾਨ ਅਨੁਸਾਰ – "ਜਦੋਂ ਦੋ ਇਸਤਰੀਆਂ ਗੱਲਾਂ ਕਰਦੀਆਂ ਹਨ ਤਾਂ ਉਹ ਕੁੱਝ ਨਹੀਂ ਆਖਦੀਆਂ, ਪਰ ਜਦੋਂ ਇੱਕ ਇਸਤਰੀ ਬੋਲਦੀ ਹੈ ਤਾਂ ਉਹ ਸਾਰੇ ਜੀਵਨ ਦੇ ਦਰਸ਼ਨ ਕਰਵਾ ਦਿੰਦੀ ਹੈ।" ...ਪਰ ਇਹ ਗੱਲ ਮੰਨਣੀ ਪਵੇਗੀ ਕਿ ਔਰਤ ਬੋਲਣ ਦੀ ਕਲਾ ਵਿੱਚ ਮਰਦ ਤੋਂ ਅੱਗੇ ਹੈ। ਸੰਜੀਦਾ ਗੱਲਬਾਤ ਦੌਰਾਨ ਜਾਂ ਸਟੇਜ 'ਤੇ ਗੱਲ ਕਰਦਿਆਂ, ਉਹ ਮਰਦ ਦੇ ਮੁਕਾਬਲੇ ਵਧੀਆ ਤਾਲਮੇਲ ਬਣਾਈ ਰੱਖਦੀ ਹੈ। ਦੂਜਾ, ਔਰਤ ਦੀ ਭਾਸ਼ਾ ਮਰਦ ਤੋਂ ਵਧੇਰੇ ਕੋਮਲ, ਠਰ੍ਹੰਮੇਵਾਲੀ, ਮਨੋਹਰ ਤੇ ਰਵਾਂ ਹੁੰਦੀ ਹੈ। ਇਹੋ ਕਾਰਨ ਹੈ ਕਿ "ਕੋਮਲ ਤੇ ਡੂੰਘੀ ਗੱਲ ਕੋਈ ਇਉਂ ਨਹੀਂ ਕਰ ਸਕਦਾ ਜਿਵੇਂ ਇਸਤਰੀ ਕਰ ਸਕਦੀ ਹੈ।" – **ਵਿਕਟਰ ਹਿਊਗੋ**

ਔਰਤਾਂ 'ਚ ਭਾਸ਼ਾ ਦੀ ਕੋਮਲਤਾ ਅਤੇ ਗੱਲਬਾਤ 'ਚ ਰਵਾਨੀ ਦੀ ਇੱਕ ਨਿਸ਼ਚਿਤ ਵਿਗਿਆਨਕ ਆਧਾਰ ਹੈ। ਸੰਖੇਪ ਵਿੱਚ ਔਰਤ ਦੇ ਦਿਮਾਗ਼ ਦੇ ਦੋ ਮਹੱਤਵਪੂਰਨ ਭਾਗ ਕਾਰਪਸ ਕਲੋਸਮ ਤੇ ਐਲਟੀਰੀਅਰ ਕਮਿਸ਼ਰ ਮਰਦ ਦੇ ਦਿਮਾਗ਼ ਦੇ ਇਨ੍ਹਾਂ ਭਾਗਾਂ ਤੋਂ ਵੱਡੇ ਹੁੰਦੇ ਹਨ, ਜਿਸ ਕਰਕੇ ਔਰਤ ਮਰਦ ਤੋਂ ਵਧੇਰੇ ਕੋਮਲ ਚਿਤ ਹੁੰਦੀ ਹੈ। ਦੂਜਾ, ਔਰਤ ਦੇ ਦਿਮਾਗ਼ ਦੇ ਇਨ੍ਹਾਂ ਦੋਵੇਂ ਭਾਗਾਂ ਦਾ ਵੱਡਾ ਆਕਾਰ ਗੱਲਬਾਤ ਦੌਰਾਨ, ਦਿਮਾਗ਼ ਦੇ ਦੂਜੇ ਅਹਿਮ ਭਾਗਾਂ ਨਾਲ਼ ਬਿਹਤਰ ਤਾਲਮੇਲ ਬਣਾਈ ਰੱਖਦਾ ਹੈ, ਜਿਸ ਕਾਰਨ ਔਰਤ ਨੂੰ ਗੱਲ ਖ਼ੂਬ ਫੁਰਦੀ ਹੈ ਅਤੇ ਗੱਲ ਕਰਦਿਆਂ ਉਹ ਮਰਦ ਦੇ ਮੁਕਾਬਲੇ ਘੱਟ ਥਿੜਕਦੀ ਹੈ।

ਬੇਸ਼ੱਕ ਔਰਤਾਂ ਦੀ ਭਾਸ਼ਾ ਕੋਮਲ ਤੇ ਗੱਲ ਕਰਨ ਦਾ ਅੰਦਾਜ਼ ਮਨਮੋਹਕ ਹੁੰਦਾ ਹੈ, ਪਰ ਮਰਦਾਂ ਨਾਲ ਉਨ੍ਹਾਂ ਦੀ ਲੰਬੀ ਗੁਫ਼ਤਗੂ ਉਨੀ ਦਿਲਕਸ਼ ਨਹੀਂ ਰਹਿੰਦੀ, ਕਿਉਂਕਿ ਔਰਤਾਂ ਜਜ਼ਬਾਤੀ ਹੁੰਦੀਆਂ ਹਨ ਅਤੇ ਉਨ੍ਹਾਂ ਵਿੱਚ ਤਰਕ ਦੀ ਘਾਟ ਹੁੰਦੀ ਹੈ। ਔਰਤਾਂ ਲਈ 2 ਅਤੇ 2 ਦਾ ਅਰਥ 22 ਬਣ ਸਕਦਾ ਹੈ, ਜਦੋਂ ਕਿ ਮਰਦਾਂ ਲਈ 2 ਅਤੇ 2 ਦਾ ਅਰਥ ਚਾਰ 4 ਹੀ ਹੁੰਦਾ ਹੈ। ਆਓ! ਸੋਚ ਦੇ ਇਸ ਵਖਰੇਵੇਂ ਨੂੰ ਵਿਗਿਆਨ ਦੀ ਕਸਵੱਟੀ 'ਤੇ ਲਾ ਕੇ ਪਰਖੀਏ: ਦਿਮਾਗ਼, ਦੋ ਅੱਧੇ ਭਾਗਾਂ ਵਿੱਚ ਵੰਡਿਆ ਹੁੰਦਾ ਹੈ। ਦਿਮਾਗ਼ ਦਾ ਸੱਜਾ ਅੱਧ, ਜਜ਼ਬਾਤੀ ਸੋਚ ਦਾ ਕੇਂਦਰ ਹੁੰਦਾ ਹੈ। ਜਦੋਂਕਿ ਤਰਕ, ਦਲੀਲਾਂ, ਹਿਸਾਬ-ਕਿਤਾਬ ਆਦਿ ਦਿਮਾਗ਼ ਦੇ ਖੱਬੇ ਅੱਧ ਵਿੱਚ ਪੁੰਗਰਦੇ ਹਨ। ਔਰਤਾਂ, ਕਿਉਂਕਿ ਦਿਮਾਗ਼ ਦੇ ਸੱਜੇ ਅੱਧ ਦੇ ਪ੍ਰਭਾਵ ਅਧੀਨ ਵਿਚਰਦੀਆਂ ਹਨ, ਇਸ ਲਈ ਵਧੇਰੇ ਜਜ਼ਬਾਤੀ ਹੁੰਦੀਆਂ ਹਨ ਅਤੇ ਤਰਕ ਦੀ ਭਾਸ਼ਾ ਨੂੰ ਮਰਦਾਂ ਦੇ ਮੁਕਾਬਲੇ ਘੱਟ ਹੁੰਗਾਰਾ ਦਿੰਦੀਆਂ ਹਨ। ਇਹੋ ਕਾਰਨ ਹੈ ਕਿ "ਮਰਦਾਂ ਨਾਲ਼ ਜਿਰਾਹ 'ਚ ਪੈ ਕੇ ਔਰਤ ਅਕਸਰ ਹਾਰ ਜਾਂਦੀ ਹੈ ਕਿਉਂਕਿ ਉਸ ਨੇ ਬੌਧਿਕ ਤਕਨੀਕ ਨਹੀਂ ਸਿੱਖੀ ਹੁੰਦੀ।" ਇਹ ਵਿਚਾਰ, ਇੱਕ ਫ਼ਰਾਸੀਸੀ ਲੇਖਿਕਾ ਸਿਮੋਨ ਵੱਲੋਂ ਆਪਣੀ ਪ੍ਰਸਿੱਧ ਪੁਸਤਕ 'ਸੈਕਿੰਡ ਸੈਕਸ' ਵਿੱਚ ਪ੍ਰਗਟਾਏ ਗਏ ਹਨ। ਪਰ ਗੱਲ ਵੀ ਹੈ – "ਮਰਦ ਦੀਆਂ ਸਾਰੀਆਂ ਦਲੀਲਾਂ ਔਰਤ ਦੇ ਇੱਕ ਜਜ਼ਬੇ ਦਾ ਮੁਕਾਬਲਾ ਨਹੀਂ ਕਰ ਸਕਦੀਆਂ।" – **ਵਾਲਟੇਅਰ**

...ਤੇ ਜਦੋਂ ਜਜ਼ਬਾਤੀ ਹੋਈ ਔਰਤ ਰੋਹ ਵਿੱਚ ਆ ਜਾਵੇ ਤਾਂ ਉਹ ਕੁੱਝ ਵੀ ਕਰ ਸਕਦੀ ਹੈ। ਸ਼ਿਅਰ ਹੈ :

ਚੇਹ ਚੜ੍ਹੀ ਰੰਨ, ਭੰਨ ਸਿੱਟੇ ਹੱਦ ਸੱਦ ਤਾਈਂ,
ਫੇਰ ਭਗਵਾਨ ਸਿੰਘਾ, ਗੁਰੂ ਦੀ ਨਾ ਪੀਰ ਦੀ।-'ਹੀਰ ਭਗਵਾਨ ਸਿੰਘ'

ਸੋ, ਮੇਰੇ ਪਾਠਕੋ! ਜਦ ਕਦੇ ਤੁਹਾਡਾ ਆਪਣੀ ਪਤਨੀ ਨਾਲ਼ ਕਿਸੇ ਗੱਲੋਂ ਤਕਰਾਰ ਹੋ ਜਾਵੇ ਤਾਂ ਤੁਹਾਡੇ ਵੱਲੋਂ ਚੁੱਪੀ ਸਾਧ ਲੈਣਾ ਸਮੇਂ ਦੀ ਮੰਗ ਹੁੰਦੀ ਹੈ। ...ਸਿਆਣੇ ਮਰਦ ਇਵੇਂ ਹੀ ਕਰਦੇ ਹਨ, ਕਿਉਂਕਿ ਤੁਹਾਡੀ ਪਤਨੀ ਨੇ ਤਾਂ ਗੱਲ ਨੂੰ ਭੁੰਜੇ ਡਿੱਗਣ ਹੀ ਨਹੀਂ ਦੇਣਾ। ਅਜਿਹੇ 'ਸੰਕਟਕਾਲ' ਦੌਰਾਨ ਆਪਣੀ ਪਤਨੀ ਨੂੰ ਮੋੜਵਾਂ ਜਵਾਬ ਦੇਣ ਦੀ ਬਜਾਏ ਇਹ ਸ਼ਿਅਰ ਗੁਣਗੁਣਾਉਂਦਿਆਂ ਪਾਸਾ ਵੱਟ ਲੈਣਾ ਚਾਹੀਦਾ ਹੈ :

ਇਤਨੇ ਸ਼ੀਰੀਂ ਹੈਂ ਤੇਰੇ ਲਬ, ਕਿ ਕਰੀਬ,
ਗਾਲੀਆਂ ਖਾ ਕੇ ਬੇਮਜ਼ਾ ਨਾ ਹੁਆ। – ਮਿਰਜ਼ਾ ਗ਼ਾਲਿਬ

ਚੇਤੇ ਰਹੇ! ਜੇ ਵਿਚਾਰਕ ਮਤਭੇਦਾਂ ਨੂੰ ਸਮੇਂ ਸਿਰ ਨਾ ਦਬਾਇਆ ਜਾਵੇ ਤਾਂ ਉਹ ਪਤੀ-ਪਤਨੀ ਦੇ ਰਾਹਾਂ ਦੇ ਕੰਡੇ ਬਣ ਜਾਂਦੇ ਹਨ। ਸੋ, ਜੇ ਤੁਸੀਂ ਚਾਹੁੰਦੇ ਹੋ ਕਿ ਵਿਆਹੁਤਾ ਜੀਵਨ ਦੀ ਗੱਡੀ ਲੀਹ 'ਤੇ ਰਹੇ ਤਾਂ ਇਹ ਗੱਲ ਪੱਲੇ ਬੰਨ੍ਹ ਲਵੋ ਕਿ ਪਤਨੀ ਨੂੰ ਸਮਝਾਉਣ ਦੀ ਨਹੀਂ ਸਮਝਣ ਦੀ ਲੋੜ ਹੈ। ਕੁੱਝ ਇਹੋ ਜਿਹਾ ਹੀ ਸੁਨੇਹਾ ਦੇ ਰਹੀਆਂ ਹਨ ਮਿਰਜ਼ਾ ਗ਼ਾਲਿਬ ਦੀਆਂ ਇਹ ਸਤਰਾਂ:

ਯਾ ਰੱਬ! ਵੁਹ ਨਾ ਸਮਝੇ ਹੈਂ,
ਨਾ ਸਮਝੇਂਗੇ ਮੇਰੀ ਬਾਤ।
ਦੇ ਔਰ ਦਿਲ ਉਨ ਕੋ,
ਜੋ ਨਾ ਦੇ ਮੁਝ ਕੋ ਜ਼ੁਬਾਂ ਔਰ।





## ਭਵਨ ਨਿਰਮਾਲ ਕਿਵੇਂ ਕਰੀਏ

ਸੁੰਦਰ, ਮਜ਼ਬੂਤ, ਭੁਚਾਲ ਨਿਰੋਧਕ ਅਤੇ ਘੱਟ ਖਰਚ ਵਿੱਚ ਜੇ ਤੁਸੀਂ ਘਰ ਬਣਾਉਣਾ ਚਹੁੰਦੇ ਹੋ ਤਾਂ ਪਹਿਲਾਂ ਇੱਕ ਵਾਰ ਇਹ ਕਿਤਾਬ ਜ਼ਰੂਰ ਪੜ੍ਹੋ।

* ਨਕਸ਼ਿਆਂ ਸਹਿਤ * ਸਰੀਏ ਦੀ ਜਾਂਚ * ਸੀਮਿੰਟ ਦੀ ਜਾਂਚ ਕਿਵੇਂ
* ਸਲ੍ਹਾਬ ਤੋਂ ਕਿਵੇਂ ਬਚਾਅ * ਤਰੇੜਾਂ ਤੋਂ ਬਚਾਅ ਕਿਵੇਂ
* ਲੱਕੜ ਦੀ ਚੋਣ ਕਿਵੇਂ ਕਰੀਏ ਜਾਂ ਮਾਰਬਲ ਕਿਹੋ ਜਿਹਾ ਹੋਵੇ

ਆਦਿ ਜਾਣਕਾਰੀਆਂ ਦਿੰਦੀ ਇਹ ਪੁਸਤਕ, ਘਰ ਬਣਾਉਣ ਤੋਂ ਪਹਿਲਾਂ ਇੱਕ ਵਾਰ ਜਰੂਰ ਪੜ੍ਹੋ

ਕੁੱਲ ਕੀਮਤ 120/-

ਲੇਖਕ ਇੰਜ. ਰਾਜ ਕੁਮਾਰ ਅਗਰਵਾਲ

ਘਰ ਬੈਠੇ ਪੁਸਤਕ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

# ਭਗਵਾਨ ਨਾਲ਼ ਆਹਮੋ-ਸਾਹਮਣੇ ਗੱਲਬਾਤ



**ਜਿੰਦੀ ਪੇਂਟਰ ਤਰਕਸ਼ੀਲ**

ਮੇਰੇ ਚਾਰ ਮਾਮੇ ਅਤੇ ਉਨ੍ਹਾਂ ਦੀਆਂ ਭੈਣਾਂ ਸਨ। ਬਾਕੀ ਸਾਰਿਆਂ ਦਾ ਤਾਂ ਵਿਆਹ ਹੋ ਗਿਆ, ਪਰ ਸਭ ਤੋਂ ਛੋਟੇ ਦਾ ਵਿਆਹ ਨਹੀਂ ਸੀ ਹੋਇਆ। ਮਾਰਚ 2013 ਵਿੱਚ 55 ਸਾਲ ਦੀ ਉਮਰ ਭੋਗ ਕੇ ਹੁਣ ਇਸਦੀ ਮੌਤ ਹੋ ਚੁੱਕੀ ਹੈ। ਜਵਾਨੀ ਦੇ ਦਿਨਾਂ ਵਿੱਚ ਇਹ ਇੱਕ ਬਹੁਤ ਹੀ ਮਿਹਨਤੀ ਤੇ ਇਨਸਾਫ ਪਸੰਦ ਇਨਸਾਨ ਸੀ। ਉਦੋਂ ਇਹ ਆਪਣੇ ਆਪ ਨੂੰ ਬਹੁਤ ਹੀ ਸਜ-ਸੁਆਰ ਕੇ ਰੱਖਦਾ ਸੀ। ਜਿਵੇਂ ਤਿਲੇਦਾਰ ਜੁੱਤੀ ਨਾਲ ਕੁੜਤਾ ਚਾਦਰਾ ਇਸਨੂੰ ਖੂਬ ਸੱਜਦਾ ਸੀ, ਸਿਰ ਉੱਤੇ ਤੌਰਲੇ ਵਾਲੀ ਪੱਗ ਤੇ ਉਪਰੋਂ ਮੁੱਛਾਂ ਨੂੰ ਚਾੜ੍ਹਿਆ ਵੱਟ, ਉੱਚੇ ਲੰਮੇ ਸਰੀਰ ਵਾਲੇ ਗੱਭਰੂ ਇਨਸਾਨ ਨੂੰ ਦੇਖ ਕੇ ਹਰ ਕਿਸੇ ਦੀਆਂ ਅੱਖਾਂ ਅੱਡੀਆਂ ਹੀ ਰਹਿ ਜਾਂਦੀਆਂ। ਭਾਵੇਂ ਇਹ ਮਾਮਾ ਪੜ੍ਹਾਈ-ਲਿਖਾਈ ਪੱਖੋਂ ਅਨਪੜ੍ਹ ਸੀ ਪਰ ਚੰਗੇ ਭਲੇ ਪੜ੍ਹਿਆਂ-ਲਿਖਿਆਂ ਨੂੰ ਵੀ ਸਮਝਦਾਰੀ ਤੇ ਇਮਾਨਦਾਰੀ ਪੱਖੋਂ ਪਿੱਛੇ ਛੱਡ ਜਾਂਦਾ ਸੀ। ਪਹਿਲਾਂ ਇਹ ਸਾਇਕਲ 'ਤੇ ਗੁੜ ਵੇਚਣ ਦਾ ਕੰਮ ਕਰਦਾ ਸੀ। ਜਦੋਂ ਇਹ ਗੁੜ ਵੇਚਦਾ ਹੋਇਆ ਆਪਣੇ ਪਿੰਡ ਮਸਾਣੀ ਤੋਂ ਫੇਰਾ ਲਾਉਣ 10 ਕਿਲੋਮੀਟਰ ਦੂਰ ਆਪਣੀ ਭੈਣ (ਮੇਰੀ ਮਾਂ) ਦੇ ਘਰ ਪਿੰਡ ਬਿਰਕਾਂ ਆਉਂਦਾ ਤਾਂ ਜਾਂਦਾ ਹੋਇਆ ਮੱਲੋ-ਮੱਲੀ ਗੁੜ ਵਾਲਾ ਖਾਲੀ ਡੱਬਾ ਤੁੰਨ-2 ਕੇ ਭਰ ਦਿੰਦਾ ਤੇ ਆਖਦਾ ਕਿਸੇ ਗੱਲ ਦੀ ਫਿਕਰ ਨਹੀਂ ਕਰਨੀ।

ਮਾਮੇ ਦੇ ਘਰ ਹਰ ਵੀਰਵਾਰ, ਮੰਗਲਵਾਰ ਤੇ ਐਤਵਾਰ ਨੂੰ ਦੇਵੀ-ਦੇਵਤਿਆਂ, ਬਾਬਿਆਂ, ਸਾਧੂਆਂ, ਸੰਤਾਂ, ਪੀਰਾਂ-ਫਕੀਰਾਂ, ਦਾਤਿਆਂ ਅਤੇ ਰੱਬਾਂ ਦੀਆਂ ਫੋਟੋਆਂ ਅਤੇ ਮੂਰਤੀਆਂ ਅੱਗੇ ਧੂਫ-ਬੱਤੀ ਤੇ ਪੂਜਾ ਪਾਠ ਕਰਕੇ ਰੋਟ-ਪ੍ਰਸ਼ਾਦ ਵੰਡਿਆ ਜਾਂਦਾ। ਉਹ ਇਨ੍ਹਾਂ ਨੂੰ ਸ਼ਰਧਾ ਨਾਲ ਪੂਜਦੇ ਸਨ ਤੇ ਸੁੱਖਾਂ-ਸੁਖਦੇ ਹੋਏ ਇਨ੍ਹਾਂ ਦੀ ਕਰੋਪੀ ਤੋਂ ਡਰਦੇ ਸਨ। ਇਨ੍ਹਾਂ ਵਿੱਚ ਘਰ ਦੇ ਸਾਰੇ ਮੈਂਬਰਾਂ ਦਾ ਪੱਕਾ ਵਿਸ਼ਵਾਸ ਸੀ ਕਿ ਇਹ ਆਪਣੇ ਭਗਤਾਂ (ਸ਼ਰਧਾਲੂਆਂ) ਨੂੰ ਕਿਸੇ ਗੱਲੋਂ ਵੀ ਤੰਗੀ ਨਹੀਂ ਆਉਣ ਦਿੰਦੇ। ਇਸ ਲਈ ਮਾਮਾ ਵੀ ਇਨ੍ਹਾਂ ਨੂੰ ਸੱਚੇ ਮਨੋ ਮੰਨਦਾ ਹੋਇਆ ਹਰ ਰੋਜ਼ ਇਨ੍ਹਾਂ ਦੀਆਂ ਫੋਟੋਆਂ ਤੇ ਮੂਰਤੀਆਂ ਨੂੰ ਦੋਵੇਂ ਹੱਥ ਜੋੜ ਮੱਥਾ ਟੇਕਦਾ ਤੇ ਰੋਟ-ਪ੍ਰਸ਼ਾਦ ਖਾਂਦਾ ਸੀ। ਘਰ ਵਿੱਚ ਸੇਰਾਂ ਵਾਲੀ ਮਾਤਾ, ਬਾਬਾ ਬਾਲਕ ਨਾਥ ਅਤੇ ਸ਼ਿਵ ਸੰਕਰ ਭਗਵਾਨ ਦੀ ਸਭ ਤੋਂ ਵੱਧ ਮਾਨਤਾ ਕੀਤੀ ਜਾਂਦੀ ਸੀ।



ਜਦੋਂ ਕਦੇ ਗੁੜ ਦਾ ਸੀਜਨ ਖਤਮ ਹੋ ਜਾਂਦਾ ਤਾਂ ਮਾਮਾ ਆਪਣੀ ਭੈਣ ਕੋਲ, ਜੋ ਲੁਧਿਆਣੇ ਵਿਆਹੀ ਹੋਈ ਸੀ ਦੇ ਘਰ ਰੁਜ਼ਗਾਰ ਲਈ ਕੋਈ ਹੋਰ ਕੰਮ ਕਰਨ ਚਲਿਆ ਜਾਂਦਾ। ਉੱਥੇ ਵੀ ਘਰ ਵਿੱਚ ਦੇਵੀ-ਦੇਵਤਿਆਂ ਤੇ ਬਾਬਿਆਂ ਦੀਆਂ ਫੋਟੋਆਂ ਤੇ ਮੂਰਤੀਆਂ ਅੱਗੇ ਧੂਫ-ਬੱਤੀ ਤੇ ਪਾਠ-ਪੂਜਾ ਕਰਕੇ ਰੋਟ-ਪ੍ਰਸ਼ਾਦ ਵੰਡਿਆ ਤੇ ਖਾਧਾ ਜਾਂਦਾ। ਦੇਵੀ-ਦੇਵਤਿਆਂ ਦੀਆਂ ਚਮਤਕਾਰੀ ਤੇ ਕਰਾਮਾਤੀ ਸ਼ਕਤੀਆਂ ਦੇ ਕਲਪਨਿਕ ਕਿੱਸੇ ਹਰ ਰੋਜ਼ ਸੁਣੇ ਤੇ ਸੁਣਾਏ ਜਾਂਦੇ ਸਨ। ਮਾਮੇ ਨੂੰ ਤਾਂ ਪਹਿਲਾਂ ਹੀ ਅਜਿਹਾ ਮਾਹੌਲ ਪਸੰਦ ਸੀ, ਇਸੇ ਕਰਕੇ ਹੀ ਉਹ ਉਥੇ ਸਭ ਤੋਂ ਵੱਧ ਸਮਾਂ ਠਹਿਰਦਾ ਸੀ। ਇਕ ਦਿਨ ਇਸ ਦੀ ਭੈਣ ਨੇ ਇੱਥੇ ਹੀ ਇਸਦਾ ਵਿਆਹ ਕਰ ਦੇਣ ਦੀ ਸਲਾਹ ਬਣਾਈ ਕਿਉਂਕਿ ਵਿਆਹ ਦੀ ਉਮਰ ਲੰਘ ਰਹੀ ਸੀ। ਪਰ ਹਰ ਵਾਰੀ ਕੋਈ ਨਾ ਕੋਈ ਅੜਚਨ ਖੜ੍ਹੀ ਹੋ ਜਾਂਦੀ ਤੇ ਇਹ ਵਿਆਹ ਹੋਣੋ ਰਹਿ ਜਾਂਦਾ। ਵਿਆਹ ਦੀ ਪੂਰੀ ਕੋਸ਼ਿਸ਼ ਕਰਨ 'ਤੇ ਵੀ ਕੋਈ ਹੱਲ ਨਾ ਨਿਕਲਿਆ।

ਉਥੇ ਹੀ ਇਸਨੇ ਸਮਾਨ ਢੋਣ ਵਾਲਾ ਰਿਕਸ਼ਾ ਕਿਰਾਏ 'ਤੇ ਲੈ ਕੇ ਚਲਾਉਣਾ ਸ਼ੁਰੂ ਕਰ ਦਿੱਤਾ ਆਪਣੀ ਮਿਹਨਤ ਦੀ ਕਮਾਈ ਨਾਲ ਇਹ ਵਧੀਆ ਗੁਜ਼ਾਰਾ ਕਰ ਰਿਹਾ ਸੀ। ਕਾਫੀ ਸਮਾਂ ਇਹ ਆਪਣੀ ਭੈਣ ਦੇ ਘਰ ਰਿਹਾ। ਅਚਾਨਕ ਹੀ ਇਸਦਾ ਆਪਣੀ ਭੈਣ ਨਾਲ ਕਿਸੇ ਕਾਰਨ ਕਰਕੇ ਵਿਵਾਦ ਹੋ ਗਿਆ। ਇਸ ਲਈ ਇਸ ਨੇ ਆਪਣੀ ਭੈਣ ਤੋਂ ਦੂਰ ਅਲੱਗ ਕਿਰਾਏ 'ਤੇ ਕਮਰਾ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ। ਇਕ ਦਿਨ ਮਾਮਾ ਅਚਾਨਕ ਹੀ ਬਿਮਾਰ ਹੋ ਗਿਆ, ਕੋਈ ਦੇਖ-ਭਾਲ਼ ਕਰਨ ਵਾਲ਼ਾ ਵੀ ਆਪਣਾ ਕੋਈ ਘਰ ਵਿੱਚ ਨਹੀਂ ਸੀ। ਇਸ ਲਈ ਉਸਨੂੰ ਬਿਮਾਰ ਹੋਣ ਦੇ ਬਾਵਜੂਦ ਹੀ ਆਪਣਾ ਇਲਾਜ਼ ਆਪ ਕਰਨ ਲਈ ਡਾਕਟਰ ਕੋਲ ਜਾਣਾ ਪੈਂਦਾ। ਆਪਣੇ ਖਾਣ-ਪੀਣ ਲਈ ਦਾਲ-ਰੋਟੀ ਤੇ ਚਾਹ-ਪਾਣੀ ਵੀ ਆਪ ਬਣਾਉਂਦਾ। ਬਿਮਾਰ ਹੋਣ ਕਾਰਨ ਕਈ ਮਹੀਨੇ ਕੰਮ 'ਤੇ ਵੀ ਨਾ ਜਾ ਸਕਿਆ ਤੇ ਸਾਰੇ ਪੈਸੇ

ਵੀ ਖ਼ਤਮ ਹੋ ਗਏ। ਹਾਲਤ ਬੁਰੀ ਤਰ੍ਹਾਂ ਵਿਗੜ ਗਈ। ਖਾਣਾ-ਪੀਣਾ ਵੀ ਛੁੱਟ ਗਿਆ। ਆਪਣੇ ਕੱਪੜੇ ਧੋਣੇ ਤੇ ਨਹਾਉਣਾ ਵੀ ਭੁੱਲ-ਭੁਲਾ ਗਿਆ। ਮੁੱਛਾਂ ਦਾੜ੍ਹੀ ਤੇ ਸਿਰ ਦੇ ਵਾਲ ਲੰਮੇ-2 ਹੋ ਗਏ। ਇਨ੍ਹਾਂ ਦੀ ਸਾਫ਼-ਸਫ਼ਾਈ ਨਾ ਹੋਣ ਕਰਕੇ ਧੂੜ-ਮਿੱਟੀ ਜਮ੍ਹਾਂ ਹੋਣ ਨਾਲ਼ ਆਪਸ ਵਿੱਚ ਜੁੜ ਗਏ। ਮਕਾਨ ਤੇ ਰਿਕਸ਼ੇ ਦਾ ਕਿਰਾਇਆ ਵੀ ਕਈ ਮਹੀਨੇ ਦਾ ਜਮ੍ਹਾਂ ਹੋ ਗਿਆ, ਅੰਤ ਵਿੱਚ ਕਿਰਾਇਆ ਨਾ ਹੋਣ ਦੇ ਕਾਰਨ ਇਹ ਦੋਵੇਂ ਵੀ ਛੁੱਟ ਗਏ। ਉਹ ਘਰੋਂ ਬੇਘਰ ਹੋ ਗਿਆ ਤੇ ਉਥੇ ਹੀ ਗਲੀਆਂ-ਮੁਹੱਲਿਆਂ ਵਿੱਚ ਪਾਗਲਾਂ ਵਾਂਗ ਘੁੰਮਦਾ ਹੋਇਆ ਲੁਧਿਆਣੇ ਦੀਆਂ ਸੜਕਾਂ ਉੱਤੇ ਬੇਸੁਰਤ ਜਿਹਾ ਹੋ ਕੇ ਇੱਧਰ-ਉੱਧਰ ਘੁੰਮਣ ਲੱਗਾ। ਸਿਰ ’ਤੇ ਛੱਤ ਨਾ ਹੋਣ ਕਰਕੇ ਮੀਂਹ ਵਿੱਚ ਵੀ ਇਹ ਟਿਕ ਕੇ ਨਾ ਬੈਠਦਾ, ਜਿਸ ਕਰਕੇ ਵਾਲ਼ ਆਪਸ ਵਿੱਚ ਜੁੜ ਕੇ ‘ਜਟਾਂ’ ਬਣ ਗਏ।

ਇੱਕ ਦਿਨ ਘੁੰਮਦਿਆਂ-ਫਿਰਦਿਆਂ ਇਸਦਾ ਕਿਸੇ ਬਾਬੇ ਨਾਲ ਸੰਪਰਕ ਹੋ ਗਿਆ। ਉਸਦੇ ਵੀ ਲੰਮੀਆਂ-ਲੰਮੀਆਂ ਜਟਾਂ ਸਨ। ਇਹ ਦੋਵੇਂ ਹੀ ਆਪਸ ਵਿੱਚ ਇਕੱਠੇ ਰਹਿਣ ਲੱਗੇ। ਮਾਮਾ ਵੀ ਉਸਦੇ ਵਾਂਗ ਕਈ ਤਰ੍ਹਾਂ ਦੇ ਨਸ਼ਿਆਂ ਦਾ ਆਦੀ ਹੋ ਗਿਆ। ਸ਼ਰਾਬ, ਭੰਗ, ਡੋਡੇ ਤੇ ਹੋਰ ਕਈ ਤਰ੍ਹਾਂ ਦੇ ਨਸ਼ੇ ਇਹ ਦੋਵੇਂ ਰਲ-ਮਿਲਕੇ ਇਕੱਠੇ ਕਰਦੇ। ਕਿਉਂਕਿ ਨਸ਼ਿਆਂ ਨੂੰ ਇਹ ਭਗਵਾਨ ਦਾ ਪ੍ਰਸ਼ਾਦ ਸਮਝਦੇ ਸਨ। ਇਕ ਦਿਨ ਬਾਬੇ ਨੇ ਮਾਮੇ ਦੀਆਂ ‘ਜਟਾਂ’ ਦੇਖ ਕੇ ਹੈਰਾਨੀ ਨਾਲ ਆਖਿਆ, “ਭਗਤਾ! ਇਹ ਤੇਰੀਆਂ ‘ਜਟਾਂ’ ਤਾਂ ਬਹੁਤ ਹੀ ਸ਼ਕਤੀਸ਼ਾਲੀ ਹਨ। ਅਜਿਹੀਆਂ ਜਟਾਂ ਤਾਂ ਸਿਰਫ ਭਗਵਾਨ ਦੇ ਹੀ ਹੁੰਦੀਆਂ ਹਨ। ਭਗਵਾਨ ਦੀ ਕਿਰਪਾ ਨਾਲ ਹੀ ਅਜਿਹੀਆਂ ਜਟਾਂ ਕਿਸੇ ਖਾਸ ਭਗਤ ਨੂੰ ਹੀ ਨਸੀਬ ਹੁੰਦੀਆਂ ਹਨ। ਭਗਵਾਨ ਉਸ ਦੇ ਅੰਗ-ਸੰਗ ਹਰ ਸਮੇਂ ਰਹਿੰਦਾ ਹੈ।” ਬਾਬੇ ਦਾ ਇਹ ਵਿਚਾਰ ਸੁਣ ਕੇ ਮਾਮਾ ਬਹੁਤ ਖੁਸ਼ ਹੋਇਆ ਕਿਉਂਕਿ ਭਗਵਾਨ ਉਸ ਉਤੇ ਆਪ ਮਿਹਰਬਾਨ ਹੋਇਆ ਸੀ। ਇਸੇ ਖੁਸ਼ੀ ਕਾਰਨ ਉਸਨੂੰ ਕਈ ਦਿਨ ਨੀਂਦ ਨਾ ਆਈ ਤੇ ਭੁੱਖ-ਪਿਆਸ ਵੀ ਖਤਮ ਹੋ ਗਈ। ਹੁਣ ਉਹ ਹਰ ਰੋਜ਼ ਭਗਵਾਨ ਦੇ ਹੀ ਕਿੱਸੇ ਹਰ ਕਿਸੇ ਨੂੰ ਬੜੇ ਚਾਅ ਨਾਲ ਸੁਣਾਉਂਦਾ ਰਹਿੰਦਾ ਤੇ ਮਾਨਸਿਕ ਅਨੰਦ ਪ੍ਰਾਪਤ ਕਰਦਾ। ਉਸ ਨੂੰ ਲੱਗ ਰਿਹਾ ਸੀ ਕਿ ਦੇਵੀ-ਦੇਵਤਿਆਂ ਅੱਗੇ ਕੀਤੀ ਪੂਜਾ-ਪਾਠ ਤੇ ਧੂਫ-ਬੱਤੀ ਬੇਅਰਥ ਨਹੀਂ ਗਈ, ਜਿਸਦਾ ਫਲ ਭਗਵਾਨ ਨੇ ਆਪਣੀਆਂ ਜਟਾਂ ਵਰਗੀਆਂ ਜਟਾਂ ਦੇ ਕੇ ਬਖਸ਼ ਦਿੱਤਾ ਸੀ।



ਇੱਕ ਦਿਨ ਹੈਰਾਨ ਕਰਨ ਵਾਲਾ ਅਜਿਹਾ ਦਿਨ ਆਇਆ ਕੇ ਭਗਵਾਨ ਆਪ ਆ ਕੇ ਦਿਖਾਈ ਦੇਣ ਲੱਗੇ ਤੇ ਉਸ ਨਾਲ ਆਹਮੋ-ਸਾਹਮਣੇ ਗੱਲਬਾਤ ਹੋਣ ਲੱਗੀ। ਭਗਵਾਨ ਨੇ ਉਸਨੂੰ ਕਿਹਾ, “ਭਗਤਾ! ਕਿਸੇ ਗੱਲ ਦੀ ਫਿਕਰ ਨਹੀਂ ਕਰਨੀ, ਤੇਰੀਆਂ ਸਾਰੀਆਂ ਮੁਸੀਬਤਾਂ ਮੈਂ ਹੌਲੀ-ਹੌਲੀ ਖਤਮ ਕਰ ਦੇਵਾਂਗਾ।” ਮਾਮੇ ਨੇ ਖੁਸ਼ ਹੋ ਕੇ ਸ਼ਰਧਾ ਨਾਲ ਦੋਵੇਂ ਹੱਥ ਜੋੜਕੇ ਭਗਵਾਨ ਨੂੰ ਮੱਥਾ ਟੇਕਿਆ। ਮਾਮੇ ਅਨੁਸਾਰ “ਜਦੋਂ ਭਗਵਾਨ ਦਿਖਾਈ ਦਿੰਦਾ ਹੈ ਤਾਂ ਉਸਦੇ ਇੱਕ ਹੱਥ ਤਰਸ਼ੂਲ ਤੇ ਦੂਜੇ ਹੱਥ ਸੰਖ ਹੁੰਦਾ ਹੈ, ਗਲ਼ੇ ਵਿੱਚ ਫਨੀਅਰ ਸੱਪ ਫਰਾਟੇ ਮਾਰ ਰਿਹਾ ਹੁੰਦਾ ਹੈ ਤੇ ਭਗਵਾਨ ਦੀਆਂ ਲੰਮੀਆਂ-ਲੰਮੀਆਂ ਜਟਾਂ ਵਿੱਚੋਂ ਗੰਗਾ ਵਰਸ ਰਹੀ ਹੁੰਦੀ ਹੈ।” ਹੁਣ ਉਸਨੂੰ ਹਰ ਰੋਜ਼ ਰਾਤ ਦਿਨ ਭਗਵਾਨ ਹੀ ਦਿਖਾਈ ਦੇਣ ਲੱਗੇ ਸਨ। ਭਗਵਾਨ ਸਿਰਫ ਉਸਨੂੰ ਹੀ ਦਿਖਾਈ ਦਿੰਦਾ ਸੀ ਤੇ ਆਹਮੋ-ਸਾਹਮਣੇ ਗੱਲਬਾਤ ਕਰਦਾ ਸੀ। ਕਿਸੇ ਹੋਰ ਨੂੰ ਨਾ ਹੀ ਕੁੱਝ ਦਿਖਾਈ ਦਿੰਦਾ ਤੇ ਨਾ ਹੀ ਕੁੱਝ ਸੁਣਾਈ ਦਿੰਦਾ ਸੀ। ਪਹਿਲਾਂ ਤਾਂ ਕਈ ਲੋਕ ਆਖਦੇ ਕੇ ਇਹ ਸਭ ਝੂਠ ਹੈ ਫਿਰ ਹੌਲੀ-ਹੌਲੀ ਉਹ ਵੀ ਮੰਨਣ ਲੱਗ ਪਏ ਕੇ ਇਹ ਆਦਮੀ ਸੱਚ ਬੋਲਦਾ ਹੈ। ਉਸਨੂੰ ਹੁਣ ਜਾਨਵਰਾਂ, ਪਸ਼ੂ-ਪੰਛੀਆਂ ਤੇ ਕੀੜੇ-ਪਤੰਗਿਆਂ ਵਿੱਚ ਵੀ ਭਗਵਾਨ ਹੀ ਨਜ਼ਰ ਆਉਂਦਾ ਹੋਇਆ ਗੱਲਾਂ ਬਾਤਾਂ ਕਰਨ ਲੱਗਾ ਸੀ।

ਕਾਫੀ ਚਿਰਾਂ ਬਾਅਦ ਮਾਮਾ ਸਾਡੇ ਪਿੰਡ ਬਿਰਕਾਂ ਆਪਣੀ ਭੈਣ (ਮੇਰੀ ਮਾਂ) ਨੂੰ ਮਿਲਣ ਆਇਆ। ਉਹ ਮੰਜੇ ਉਪਰ ਨਹੀਂ ਸੀ ਬੈਠਦਾ ਕਿਉਂਕਿ ਇਸ ਤਰ੍ਹਾਂ ਭਗਵਾਨ ਨਰਾਜ਼ ਹੋ ਸਕਦਾ ਸੀ। ਇਸ ਲਈ ਉਹ ਜ਼ਮੀਨ ਉਪਰ ਹੀ ਦਰੀ ਵਿਛਾ ਕੇ ਬੈਠਦਾ ਤੇ ਸੌਂਦਾ ਸੀ। ਇਕ ਵਾਰੀ ਦਰਖਤ ਉਤੇ ਬੈਠਾ ਕਾਂ ਉੱਚੀ-ਉੱਚੀ


**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010 ਅਤੇ 2011 ਦੀਆਂ ਮੈਗਜ਼ੀਨ ‘ਵਿਗਿਆਨ ਜੋਤ’ ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 80 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 155 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 225 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 295 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 365 ਰੁਪਏ ਅਤੇ 9 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **630/-ਰੁਪੈ** *ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 ’ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।*



ਕਾਂ-ਕਾਂ ਕਰ ਰਿਹਾ ਸੀ। ਮਾਮਾ ਉਸ ਵੱਲ ਟਿਕਟਿਕੀ ਲਗਾ ਕੇ ਦੇਖਦਾ ਹੋਇਆ ਗੱਲਾਂ ਕਰਨ ਲੱਗਾ। ਇਹ ਸਭ ਦੇਖ ਕੇ ਮੈਂ ਹੈਰਾਨ ਸੀ। ਮੈਂ ਪੁੱਛਿਆ, "ਮਾਮਾ! ਕਿਸ ਨਾਲ ਗੱਲਾਂ ਕਰ ਰਹੇ ਹੋ? ਇਹ ਤਾਂ ਕਾਂ ਹੈ।" ਉਸ ਨੇ ਆਖਿਆ, "ਨਹੀਂ! ਇਹ ਭਗਵਾਨ ਹੈ ਜੋ ਕਾਂ ਦਾ ਰੂਪ ਧਾਰ ਕੇ ਮੈਨੂੰ ਮਿਲਣ ਆਇਆ ਹੈ, ਭਗਵਾਨ ਮੈਨੂੰ ਪੁੱਛ ਰਿਹਾ ਹੈ ਕੇ ਹੋਰ ਸੁਣਾ ਸਭ ਠੀਕ-ਠੀਕ ਹੈ ਤੇ ਹੋਰ ਕਿੰਨੇ ਦਿਨ ਇਥੇ ਰਹੇਂਗਾ?" ਇੱਕ ਦਿਨ ਦੁਪਿਹਰ ਨੂੰ ਅਸਮਾਨ ਵਿੱਚ ਬੱਦਲ ਗਰਜ਼ ਰਹੇ ਸੀ। ਉਹ ਫਿਰ ਬੱਦਲਾਂ ਵੱਲ ਟਿਕਟਿਕੀ ਲਗਾ ਕੇ ਦੇਖਦਾ ਹੋਇਆ ਗੱਲਾਂ ਕਰਨ ਲੱਗਾ। ਉਸਨੇ ਦੱਸਿਆ ਕੇ ਇਹ ਬੱਦਲ ਵੀ ਸ਼ੰਕਰ ਭਗਵਾਨ ਦਾ ਰੂਪ ਹਨ ਤੇ ਗਰਜ਼ਦੇ ਹੋਏ ਪੁੱਛ ਰਹੇ ਹਨ, "ਕੋਈ ਪਰੇਸ਼ਾਨੀ ਤਾਂ ਨਹੀਂ?" ਅਗਲੇ ਦਿਨ ਘਰ ਦੇ ਬਾਹਰ ਕੁੱਤਾ ਖੜ੍ਹਾ ਸੀ, ਉਹ ਉਸ ਵੱਲ ਵੀ ਹੈਰਾਨੀ ਨਾਲ ਦੇਖਣ ਲੱਗਾ। ਉਸ ਸਮੇਂ ਮੈਂ ਝੱਟ ਦੇਣੀ ਆਖਿਆ, "ਮਾਮਾ, ਆਹ ਭਗਵਾਨ ਹੀ ਦਿਖਾਈ ਦਿੰਦਾ ਹੈ, ਹੋਰ ਕੋਈ ਨਹੀਂ।

ਰੁਜ਼ਗਾਰ ਦਾ ਕੋਈ ਵੀ ਸਾਧਨ ਨਾ ਹੋਣ ਕਰਕੇ ਮਾਮੇ ਨੂੰ ਲੁਧਿਆਣਾ ਸ਼ਹਿਰ ਛੱਡਣਾ ਪਿਆ ਤੇ ਉਹ ਜ਼ਿਲ੍ਹਾ ਹਿਸਾਰ ਦੇ ਪਿੰਡ ਘਾਸੂਆ ਵਿਖੇ ਆਪਣੇ ਵੱਡੇ ਭਰਾ ਕੋਲ ਰੇਲ ਗੱਡੀ ਦੁਆਰਾ ਚਲਾ ਗਿਆ। ਇੱਥੇ ਹੀ ਇਹ ਆਪਣੇ ਭਰਾ ਤੋਂ ਅਲੱਗ ਇੱਕ ਟੁੱਟੇ ਜਿਹੇ ਕੱਚੇ ਕੋਠੇ ਵਿੱਚ ਇਕੱਲਾ ਹੀ ਰਹਿਣ ਲੱਗਾ। ਤਰਕਸ਼ੀਲਾਂ ਤੇ ਵਿਗਿਆਨਕਾਂ ਦੀਆਂ ਕੁੱਝ ਕਿਤਾਬਾਂ ਪੜ੍ਹ ਕੇ ਜਦੋਂ ਮੇਰੇ ਵਿਚਾਰ ਅਖੌਤੀ ਦੇਵੀ-ਦੇਵਤਿਆਂ, ਬਾਬਿਆਂ ਤੇ ਸਾਧੂ-ਸੰਤਾਂ ਤੋਂ ਉਪਰ ਉਠ ਕੇ ਤਰਕ ਤੇ ਵਿਗਿਆਨਕ ਹੋਏ ਤਾਂ ਮੈਨੂੰ ਅਜਿਹੀਆਂ ਘਟਨਾਵਾਂ ਦੀ ਸਮਝ ਆ ਗਈ। ਹੁਣ ਮੈਂ ਸਮਝ ਚੁੱਕਿਆਂ ਸੀ ਕਿ ਮਾਮਾ ਜੀ ਇੱਕ ਮਾਨਸਿਕ ਰੋਗ 'ਸ਼ਕੀਜ਼ੋਫਰੇਨੀਆ' ਦਾ ਸ਼ਿਕਾਰ ਹੋ ਚੁੱਕਾ ਹੈ। ਕਾਫ਼ੀ ਚਿਰਾਂ ਬਾਅਦ ਇੱਕ ਦਿਨ ਮੈਂ ਆਪ ਹੀ ਮਾਮੇ ਦਾ ਭਗਵਾਨ ਤੋਂ ਖਹਿੜਾ ਛੁਡਾਉਣ ਲਈ ਰੇਲ ਗੱਡੀ ਦੁਆਰਾ ਰਾਤ ਨੂੰ ਪਿੰਡ ਘਾਸੂਆ ਵਿਖੇ ਚਲਾ ਗਿਆ। ਲੰਮਾ ਸਫ਼ਰ ਹੋਣ ਕਰਕੇ ਸਵੇਰ ਨੂੰ ਹੀ ਮੈਂ ਉਸ ਕੋਲ ਪਹੁੰਚ ਸਕਿਆ ਸੀ। ਆਪਣੇ ਕੋਲ ਮਿਲਣ ਆਇਆ ਮੈਨੂੰ ਦੇਖ ਕੇ ਮਾਮਾ ਬਹੁਤ ਖੁਸ਼ ਹੋਇਆ। ਉਸ ਨੇ ਜਲਦੀ ਹੀ ਖੁਸ਼ੀ ਨਾਲ ਮੇਰੇ ਪੀਣ ਲਈ ਚਾਹ ਬਣਾਈ। ਪਰ ਮੈਂ ਉਸਦੀ ਤਰਸਯੋਗ ਹਾਲਤ ਦੇਖ ਕੇ ਅੰਦਰੋਂ-ਅੰਦਰ ਹੀ ਬਹੁਤ ਦੁਖੀ ਤੇ ਪ੍ਰੇਸ਼ਾਨ ਸੀ ਕਿਉਂਕਿ ਉਸਦੀ ਇਹ ਹਾਲਤ ਮਾਨਸਿਕ ਰੋਗ 'ਸ਼ਕੀਜ਼ੋਫਰੇਨੀਆ' ਤੇ ਨਸ਼ਿਆਂ ਨੇ ਨਰਕ ਬਣਾ ਦਿੱਤੀ ਸੀ। ਬੱਸ ਉਹ ਤਾਂ ਸਿਰਫ ਦਿਨ ਹੀ ਕੱਟ ਰਿਹਾ ਸੀ। ਉਹ ਬਹੁਤ ਹੀ ਕਮਜ਼ੋਰ ਹੋ ਗਿਆ ਸੀ ਤੇ ਸਿਰ 'ਤੇ ਲੰਮੀਆਂ-ਲੰਮੀਆਂ ਜਟਾਂ ਤੇ ਮੁੱਛਾਂ-ਦਾੜ੍ਹੀ ਉਸਨੂੰ ਕਿਸੇ ਖਤਰਨਾਕ ਪਾਗਲ ਤੋਂ ਘੱਟ ਸਾਬਤ ਨਹੀਂ ਸੀ ਕਰ ਰਹੀਆਂ। ਜਿੰਨਾ ਚਿਰ ਮੈਂ ਮਾਮੇ ਕੋਲ ਬੈਠਾ ਰਿਹਾ ਉਹ ਭਗਵਾਨ ਬਾਰੇ ਹੀ ਗੱਲਾਂ ਕਰੀ ਜਾ ਰਿਹਾ ਸੀ। ਪਰ ਹੁਣ ਮੈਨੂੰ ਇਹ ਬੇਤੁਕੀਆਂ ਗੱਲਾਂ ਲੱਗ ਰਹੀਆਂ ਸਨ। ਮੈਂ ਇੱਕ ਮਨੋਵਿਗਿਆਨਕ ਤਰੀਕੇ ਨਾਲ ਉਸਦੇ ਮਨ ਵਿੱਚੋਂ ਤਰਕਸ਼ੀਲ ਤੇ ਵਿਗਿਆਨਕ ਦਲੀਲਾਂ ਰਾਹੀਂ ਭਗਵਾਨ ਨੂੰ ਕੱਢ ਦੇਣਾ ਚਾਹੁੰਦਾ ਸੀ।

ਇੱਕ ਰਾਤ ਮੈਂ ਬਾਹਰੋਂ ਘੁੰਮ ਫਿਰ ਕੇ ਮਾਮੇ ਕੋਲ ਆਇਆ ਤਾਂ ਉਹ ਮੋਮਬੱਤੀ ਦੀ ਲੋਅ ਵਿੱਚ ਚੁੱਲ੍ਹੇ ਉਤੇ ਰੋਟੀ ਪਕਾ ਰਿਹਾ ਸੀ। ਮੈਨੂੰ ਦੇਖਦੇ ਸਾਰ ਹੀ ਆਖਣ ਲੱਗਾ, "ਜਿੰਦੀ! ਹੁਣ ਵੀ ਭਗਵਾਨ ਮੇਰੇ ਨਾਲ ਗੱਲਬਾਤ ਕਰ ਰਹੇ ਹਨ। ਹਨੇਰੇ ਵਿੱਚ ਉਸਨੇ ਮੋਮਬੱਤੀ ਦੀ ਲੋਅ ਨਾਲ ਕੱਚੀ ਮਿੱਟੀ ਦੀ ਦੀਵਾਰ ਉਪਰ ਭਗਵਾਨ ਦੀ ਉਕਰੀ ਹੋਈ ਤਸਵੀਰ ਮੈਨੂੰ ਦਿਖਾਉਂਦਿਆਂ ਆਖਿਆ, "ਆਹ ਦੇਖ ਉਸਦਾ ਮੂੰਹ, ਆਹ ਉਸਦੀਆਂ ਜਟਾਂ, ਆਹ ਸੱਪ, ਆਹ ਤਰਸ਼ੂਲ ਤੇ ਆਹ ਜਟਾਂ ਵਿੱਚੋਂ ਨਿਕਲਦੀ ਗੰਗਾ।" ਮੈਂ ਆਖਿਆ, "ਪਰ ਮਾਮਾ ਮੈਨੂੰ ਤਾਂ ਏਥੇ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ, ਦੀਵਾਰ ਤਾਂ ਬਿਲਕੁਲ ਸਾਫ਼ ਹੈ।" ਉਹ ਮੈਨੂੰ ਬਾਰ-ਬਾਰ ਭਗਵਾਨ ਦੇ ਹੋਣ ਦੇ ਨਿਸ਼ਾਨ ਦਿਖਾ ਰਿਹਾ ਸੀ। ਮੈਂ ਸਮਝ ਗਿਆ ਕੇ ਮਾਮਾ ਆਪਣੀ ਮਾਨਸਿਕ ਬਿਮਾਰੀ 'ਸ਼ਕੀਜ਼ੋਫਰੇਨੀਆਂ' ਦੇ ਪ੍ਰਭਾਵ ਵਿੱਚ ਆ ਕੇ 'ਅੰਤਰਮੁਖੀ' ਹੋ ਗਿਆ ਹੈ ਇਸ ਲਈ ਇਹ ਆਪਣੇ ਹਿਸਾਬ ਨਾਲ ਪੂਰੀ ਤਰ੍ਹਾਂ ਸੱਚ ਬੋਲ ਰਿਹਾ ਹੈ। ਇਸਦੀ ਇਸ ਬਿਮਾਰੀ ਨੂੰ ਖ਼ਤਮ ਕਰਨ ਲਈ ਉਸਦੇ ਮਨ ਵਿੱਚ ਇਹ ਸੱਚਾਈ ਭਰ ਦੇਣੀ ਬਹੁਤ ਜ਼ਰੂਰੀ ਸੀ ਕਿ ਭਗਵਾਨ ਕਿਤੇ ਨਹੀਂ ਹੁੰਦਾ, ਇਹ ਉਸਦਾ ਆਪਣਾ ਹੀ 'ਮਨੋ ਭਰਮ' ਹੈ। ਮੈਂ ਇੱਕ ਮਨੋਵਿਗਿਆਨਕ ਤਰੀਕੇ ਨਾਲ ਉਸਨੂੰ ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਤੇ ਬਾਤਾਂ ਸੁਣਾਈਆਂ ਜਿਸ ਨਾਲ ਇਹ ਸਿੱਧ ਹੋ ਸਕੇ ਕੇ ਭੂਤ-ਪ੍ਰੇਤ, ਜਾਦੂ-ਟੂਣਾ, ਦੇਵੀ-ਦੇਵਤੇ, ਬਾਬੇ,-ਸਾਧ-ਸੰਤ ਤੇ ਆਤਮਾ-ਪ੍ਰਮਾਤਮਾ ਬਿਲਕੁਲ ਵੀ ਨਹੀਂ ਹੁੰਦੇ। ਉਹ ਮੁੱਢਲਾ ਵਿਚਾਰ ਜੋ ਲੁਧਿਆਣੇ ਵਿੱਚ ਇਸਦੇ ਸਾਥੀ ਬਾਬੇ ਨੇ ਇਸਦੇ ਹੀ ਮਨ ਵਿੱਚ 'ਜਟਾਂ' ਬਾਰੇ ਭਰ ਦਿੱਤਾ ਸੀ ਤੇ ਆਖਿਆ ਸੀ ਕਿ ਇਹ ਜਟਾਂ ਤਾਂ ਭਗਵਾਨ ਦੇ ਹੀ ਹੁੰਦੀਆਂ ਹਨ ਤੇ ਭਗਵਾਨ ਆਪ ਉਸਦੇ ਅੰਗ-ਸੰਗ ਰਹਿਣ ਲੱਗਦਾ ਹੈ। ਜਿਸ ਉਪਰ ਯਕੀਨ ਕਰਕੇ ਮਾਮਾ 'ਸ਼ਕੀਜ਼ੋਫਰੇਨੀਆ' ਨਾਂ ਦੀ ਮਾਨਸਿਕ ਬਿਮਾਰੀ ਦਾ ਸ਼ਿਕਾਰ ਬਣ ਬੈਠਾ ਸੀ, ਸਭ ਤੋਂ ਪਹਿਲਾਂ ਮੈਂ ਇਸ ਵਿਚਾਰ ਨੂੰ ਖ਼ਤਮ ਕਰਨਾ ਜ਼ਰੂਰੀ ਸਮਝਿਆ।

'ਜਟਾਂ' ਦੇ ਪੈਦਾ ਹੋਣ ਬਾਰੇ ਮੈਂ ਮਾਮੇ ਨੂੰ ਦੱਸਿਆ, "ਸਿਰ ਵਿਚੋਂ ਖਾਸ ਕਿਸਮ ਦਾ ਤੇਲ ਜਾਂ ਰਸ ਨਿਕਲਦਾ ਹੈ ਜੋ ਵਾਲ਼ਾਂ ਨੂੰ ਖੁਸ਼ਕ ਹੋਣ ਤੋਂ ਬਚਾਈ ਰੱਖਦਾ ਹੈ। ਜੇਕਰ ਵਾਲ਼ਾ ਦੀ ਲਗਾਤਾਰ ਸਫ਼ਾਈ ਕਰਕੇ ਕੰਘੀ ਨਾ ਫੇਰੀ ਜਾਵੇ ਤਾਂ ਇਹ ਤੇਲ ਸਿਰ ਵਿੱਚ ਜੰਮ੍ਹਾਂ ਹੋਏ ਮਿੱਟੀ ਘੱਟੇ ਨਾਲ ਮਿਲ ਕੇ ਵਾਲ਼ਾ ਨੂੰ ਆਪਸ ਵਿੱਚ ਜੋੜ ਦਿੰਦਾ ਹੈ। ਇਹ ਜੁੜੇ ਹੋਏ ਵਾਲ ਹੀ ਜਟਾਂ ਹੁੰਦੇ ਹਨ। ਇਸ ਲਈ ਬਾਬੇ ਦਾ ਇਹ ਵਿਚਾਰ ਬਿਲਕੁਲ ਝੂਠਾ ਹੈ ਕੇ ਤੁਹਾਡੀਆਂ ਜਟਾਂ ਭਗਵਾਨ ਵਾਲੀਆਂ ਹਨ। ਜਦ ਭਗਵਾਨ ਹੀ ਕਿਤੇ ਨਹੀਂ ਤਾਂ ਫਿਰ ਉਸਦੀਆਂ 'ਜਟਾਂ' ਕਿਵੇਂ ਪੈਦਾ ਹੋ ਸਕਦੀਆਂ ਹਨ। ਮੇਰੀਆਂ ਇਹ ਸਚਾਈ ਭਰੀਆਂ ਗੱਲਾਂ ਸੁਣ ਕੇ ਉਹ ਬਹੁਤ ਹੈਰਾਨ ਹੋਇਆ ਤੇ ਆਖਣ ਲੱਗਾ, "ਮੈਂ ਤਾਂ ਐਵੇਂ ਹੀ ਅਜੇ ਤੱਕ ਭੁਲੇਖੇ ਵਿੱਚ ਫਸਿਆ ਰਿਹਾ।"

ਹਰ ਰੋਜ਼ ਮੇਰੀਆਂ ਅਜਿਹੀਆਂ ਗੱਲਾਂ-ਬਾਤਾਂ ਸੁਣਨ ਨਾਲ


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

ਉਸਨੂੰ ਹੌਲੀ-ਹੌਲੀ ਯਕੀਨ ਹੋ ਗਿਆ ਕੇ ਸੱਚਮੁੱਚ ਹੀ ਭਗਵਾਨ ਕਿਤੇ ਨਹੀਂ ਹੁੰਦਾ। ਮੇਰੀਆਂ ਮਨੋਵਿਗਿਆਨਕ ਦਲੀਲਾਂ ਨੇ ਉਸਦੇ ਮਨ ਵਿੱਚੋਂ ਭਗਵਾਨ ਹੋਣ ਨੂੰ ਕੁੱਝ ਦਿਨਾਂ ਵਿੱਚ ਹੀ ਕੱਢ ਦਿੱਤਾ। ਉਸ ਨੂੰ ਯਕੀਨ ਹੋ ਗਿਆ ਕਿ ਇਹ ਉਸਦਾ ਆਪਣਾ ਹੀ ਵਹਿਮ-ਭਰਮ ਤੇ ਅੰਧਵਿਸ਼ਵਾਸ ਸੀ ਜੋ 'ਮਨੋ ਭਰਮ' ਬਣ ਕੇ 'ਸ਼ਕੀਜ਼ੋਫਰੇਨੀਆਂ' ਨਾਂ ਦੀ ਮਾਨਸਿਕ ਬਿਮਾਰੀ ਦਾ ਵਿਕਰਾਲ ਰੂਪ ਧਾਰਨ ਕਰਕੇ ਉੱਘੜ ਪਿਆ ਸੀ।

ਇਕ ਦਿਨ ਉਸਨੇ ਦੱਸਿਆ ਕਿ ਅੱਜ ਸਾਰਾ ਦਿਨ ਭਗਵਾਨ ਬਿਲਕੁਲ ਵੀ ਦਿਖਾਈ ਨਹੀਂ ਦਿੱਤਾ। ਮੈਂ ਸਮਝ ਗਿਆ ਕਿ ਮਾਮਾ ਹੁਣ ਠੀਕ ਹੋ ਰਿਹਾ ਹੈ। ਮੇਰੇ ਨਾਲ ਹਰ ਰੋਜ਼ ਦੀ ਗੱਲਬਾਤ ਨੇ ਉਸਦੇ ਮਨ ਵਿੱਚੋਂ ਭਗਵਾਨ ਨੂੰ ਪੂਰੀ ਤਰ੍ਹਾਂ ਅਲੋਪ ਕਰ ਦਿੱਤਾ। ਉਸਨੂੰ ਇਹ ਪੂਰਾ ਯਕੀਨ ਹੋ ਗਿਆ ਕਿ ਸੱਚਮੁੱਚ ਹੀ ਭੂਤ-ਪ੍ਰੇਤ, ਜਾਦੂ ਟੂਣਾ, ਦੇਵੀ-ਦੇਵਤੇ, ਬਾਬੇ ਅਤੇ ਰੱਬ ਕਿਤੇ ਨਹੀਂ ਹੁੰਦੇ। ਹੁਣ ਉਸਨੂੰ ਪੂਰੀ ਤਰ੍ਹਾਂ ਭਗਵਾਨ ਦਿਸਣੋ ਹਟ ਗਿਆ ਤੇ ਨਾ ਹੀ ਉਸ ਨਾਲ ਕੋਈ ਗੱਲਬਾਤ ਹੋਈ।

ਆਓ ਹੁਣ ਆਪਾਂ ਮਨੋਵਿਗਿਆਨਕ ਕਾਰਨਾਂ ਬਾਰੇ ਵਿਚਾਰ ਕਰੀਏ। ਮਨੋਵਿਗਿਆਨ ਵਿੱਚ ਇਹ ਮੰਨੀ ਹੋਈ ਸੱਚਾਈ ਹੈ ਕਿ ਮਨੁੱਖੀ ਮਨ ਵਿਚਾਰਾਂ ਅਤੇ ਸੁਝਾਵਾਂ ਤੋਂ ਪ੍ਰਭਾਵਿਤ ਹੁੰਦਾ ਹੈ। ਇਹ ਵਿਚਾਰ (ਸੁਝਾਅ) ਸਵੈ-ਸੰਮੋਹਨ ਵੀ ਹੋ ਸਕਦੇ ਹਨ, ਜਿਨ੍ਹਾਂ ਨੂੰ ਅਸੀਂ ਆਮ ਤੌਰ 'ਤੇ ਸਵੈ-ਸੁਝਾਅ ਆਖਦੇ ਹਾਂ ਅਤੇ ਬਾਹਰੀ ਸੰਮੋਹਨ ਵੀ ਹੋ ਸਕਦੇ ਹਨ। ਜਿਵੇਂ ਬਹੁਤ ਸਾਰੀਆਂ ਮਾਨਸਿਕ ਬਿਮਾਰੀਆਂ ਦੇ ਸੰਮੋਹਨ ਰਾਹੀਂ ਇਲਾਜ ਕੀਤਾ ਜਾ ਸਕਦਾ ਹੈ, ਇਸੇ ਤਰ੍ਹਾਂ ਮਾਨਸਿਕ-ਸਰੀਰਕ ਬਿਮਾਰੀਆਂ, ਸੰਮੋਹਨ ਸੁਝਾਵਾਂ ਜਾਂ ਵਿਚਾਰਾਂ ਨਾਲ ਵੀ ਪੈਦਾ ਕੀਤੀਆਂ ਜਾ ਸਕਦੀਆਂ ਹਨ। ਉਹ ਸੁਝਾਅ ਹੀ ਸੀ ਜੋ ਲੁਧਿਆਣੇ ਵਿੱਚ ਬਾਬੇ ਨੇ ਮਾਮੇ ਦੇ ਮਨ ਵਿੱਚ ਇਹ ਕਹਿ ਕੇ ਭਰ ਦਿੱਤਾ ਸੀ ਕਿ 'ਤੁਹਾਡੀਆਂ ਜਟਾਂ ਤਾਂ ਬਹੁਤ ਹੀ ਸ਼ਕਤੀਸ਼ਾਲੀ ਹਨ, ਅਜਿਹੀਆਂ ਤਾਂ ਭਗਵਾਨ ਦੇ ਹੁੰਦੀਆਂ ਹਨ ਤੇ ਭਗਵਾਨ ਆਪ ਉਸਦੇ ਅੰਗ-ਸੰਗ ਰਹਿਣ ਲੱਗਦਾ ਹੈ।"

ਇਹ ਵਿਚਾਰ ਇੱਕ ਵਹਿਮੀ ਤੇ ਅੰਧਵਿਸ਼ਵਾਸ਼ੀ ਉੱਤੇ ਭੰਗ ਦੇ ਨਸ਼ੇ ਵਾਂਗ ਅਸਰ ਕਰਦਾ ਹੈ ਜੇਕਰ ਉਸਨੂੰ ਇਸ 'ਤੇ ਯਕੀਨ ਹੋਵੇ ਤਾਂ। ਮਾਮਾ ਯਕੀਨ ਕਰਕੇ ਹੀ ਮਨੋਰੋਗ 'ਸਕੀਜ਼ੋਫਰੇਨੀਆਂ' ਦਾ ਸ਼ਿਕਾਰ ਹੋ ਗਿਆ ਸੀ। ਭਗਵਾਨ ਦਾ ਦਿਖਾਈ ਦੇ ਕੇ ਆਹਮੋ ਸਾਹਮਣੇ ਗੱਲਾਂ ਕਰਨਾ ਇੱਕ 'ਮਨੋਭਰਮ' ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਸੀ। ਭਾਵੇਂ ਉਸਦਾ ਇਹ ਭਰਮ 'ਅੰਤਰਮੁਖੀ' ਤੌਰ 'ਤੇ ਉਸਦੇ ਲਈ ਪੂਰੀ ਤਰ੍ਹਾਂ ਸੱਚਾ ਸੀ, ਪਰ 'ਬਾਹਰਮੁਖੀ' ਤੌਰ 'ਤੇ ਦੂਜਿਆਂ ਲਈ ਪੂਰੀ ਤਰ੍ਹਾਂ ਝੂਠਾ ਤੇ ਕਾਲਪਨਿਕ ਸੀ।

ਮਾਨਸਿਕ ਰੋਗਾਂ ਵਿਚ ਰੋਗੀ ਦਾ ਸੁਚੇਤ ਮਨ ਜਿਸ ਚੀਜ਼ ਦੀ ਇੱਛਾ ਰੱਖਦਾ ਹੈ ਉਹੀ ਅਚੇਤ ਮਨ ਦੁਆਰਾ ਪੂਰੀ ਹੋਣ ਲਗਦੀ ਹੈ। ਮਾਨਸਿਕ ਰੋਗੀ ਇਕ ਸੁਪਨੇ ਵਾਂਗ ਹੀ ਜ਼ਿੰਦਗੀ ਵਿੱਚ ਵਿਚਰ ਰਿਹਾ ਹੁੰਦਾ ਹੈ। ਸੁਪਨੇ ਵਿੱਚ ਵੀ ਅਚੇਤ ਮਨ ਹੀ ਇੱਛਾ ਦੀ ਪੂਰਤੀ ਕਰਦਾ ਹੈ ਤੇ ਮਨੋਰੋਗ ਸਮੇਂ ਵੀ ਅਚੇਤ ਮਨ ਹੀ ਕਲਪਨਿਕ ਹੋ ਕੇ ਹਰਕਤਾਂ ਕਰਵਾਉਂਦਾ ਹੈ। ਜੋ ਰੋਗੀ ਨੂੰ ਮਾਨਸਿਕ ਸੰਤੁਸ਼ਟੀ ਕਰਵਾਉਂਦਾ ਹੈ। ਭਾਵੇਂ ਉਸ ਸਮੇਂ ਰੋਗੀ ਸੁਚੇਤ ਤੌਰ 'ਤੇ ਸੁੱਤਾ ਹੀ ਹੁੰਦਾ ਹੈ। ਅਚੇਤ ਮਨ ਦੀਆਂ ਹਰਕਤਾਂ ਬਾਰੇ ਅਜਿਹੀ ਹੀ ਇੱਕ ਹਿੰਦੀ ਫਿਲਮ ਹੈ 'ਲਗੇ ਰਹੋ ਮੁਨਾ ਬਾਈ' ਇਸ ਵਿੱਚ ਹੀਰੋ ਸੰਜੇ ਦੱਤ ਨੂੰ ਬਾਪੂ ਗਾਂਧੀ ਦਿਖਾਈ ਦਿੰਦਾ ਹੋਇਆ ਗੱਲਾਂ ਕਰਨ ਲੱਗ ਪੈਂਦਾ ਹੈ। ਇਹ ਵੀ ਅਚੇਤ ਮਨ ਕਰਕੇ 'ਸਕੀਜ਼ੋਫਰੇਨੀਆਂ' ਤਹਿਤ ਹੀ ਹੋ ਰਿਹਾ ਹੁੰਦਾ ਹੈ।


# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ**
**ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।



**ਪੰਜ ਪਾਠਕ** ਬਣਾਉਣ ਵਾਲੇ ਨੂੰ
70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ
160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ
340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ
1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਵਿਗਿਆਨਕ ਖ਼ਬਰਾਂ



## * ਗੈਂਡਿਆਂ ਦੀ ਰੱਖਿਆ ਦੇ ਲਈ ਡ੍ਰੋਨ

ਭਾਰਤ ਵਿੱਚ ਲੁਪਤ ਹੋ ਰਹੇ ਗੈਂਡਿਆਂ ਦੀ ਹਿਫਾਜਤ ਦੇ ਲਈ ਡ੍ਰੋਨ ਹਵਾਈ ਜਹਾਜ਼ਾਂ ਨੂੰ ਤੈਨਾਤ ਕੀਤਾ ਗਿਆ ਹੈ। ਆਸਮਾਨ ਤੋਂ ਜ਼ਮੀਨ 'ਤੇ ਨਿਗਾਹ ਰੱਖਣ ਵਾਲੇ ਡ੍ਰੋਨ ਕਾਜੀਰੰਗਾ ਨੈਸ਼ਨਲ ਪਾਰਕ ਵਿੱਚ ਉਡਾਨ ਭਰਨਗੇ ਅਤੇ ਗੈਂਡਿਆਂ 'ਤੇ ਹੋ ਰਹੇ ਹਮਲਿਆਂ ਦੇ ਬਾਰੇ ਵਿੱਚ ਜਾਣਕਾਰੀ ਦੇਣਗੇ।

ਤਾਕਤਵਰ ਕੈਮਰਿਆਂ ਨਾਲ ਲੈਸ ਮਾਨਵ ਰਹਿਤ ਡ੍ਰੋਨ ਹਵਾਈ ਜਹਾਜ਼ਾਂ ਨੇ ਪਹਿਲੀ ਵਾਰ ਉਤਰ ਪੂਰਵ ਰਾਜ ਅਸਮ ਦੇ ਕਾਜੀਰੰਗਾ ਨੈਸ਼ਨਲ ਪਾਰਕ ਵਿੱਚ ਉਡਾਨ ਭਰੀ। ਕਰੀਬ 430 ਵਰਗ ਕਿਲੋਮੀਟਰ ਵਿੱਚ ਫੈਲੇ ਨੈਸ਼ਨਲ ਪਾਰਕ ਵਿੱਚ ਸ਼ਿਕਾਰੀਆਂ ਦੀਆਂ ਗਤੀਵਿਧੀਆਂ 'ਤੇ ਹੁਣ ਇਨ੍ਹਾਂ ਹਵਾਈ ਜਹਾਜ਼ਾਂ ਦੀ ਨਜ਼ਰ ਹੋਵੇਗੀ। ਅਸਾਮ ਦੇ ਜੰਗਲ ਅਤੇ ਵਾਤਾਵਰਣ ਮੰਤਰੀ ਰੋਕੀਬੁਲ ਹੁਸੈਨ ਨੇ ਕਿਹਾ, "ਰੱਖਿਆ ਮੰਤਰਾਲਿਆ ਤੋਂ ਮਨਜ਼ੂਰੀ ਮਿਲ ਜਾਣ ਦੇ ਬਾਅਦ ਇਨ੍ਹਾਂ ਦੀ ਨਿਯਮਿਤ ਉਡਾਣ ਸ਼ੁਰੂ ਹੋ ਜਾਵੇਗੀ। ਇਸਦੇ ਇਲਾਵਾ ਅਸੀਂ ਇੱਕ ਨਵੇਂ ਨਿਗਰਾਨੀ ਤੰਤਰ 'ਇਲੈਕਟ੍ਰੋਨਿਕ ਆਮਦਨੀ' ਨੂੰ ਵੀ ਤੈਨਾਤ ਕਰਨ ਜਾ ਰਹੇ ਹਾਂ ਜੋ ਕਲੋਜ਼ ਸਰਕਟ ਕੈਮਰੇ ਦੀ ਤਰਜ 'ਤੇ ਕੰਮ ਕਰੇਗਾ।"

ਇਹ ਡ੍ਰੋਨ ਉਨ੍ਹਾਂ ਹਵਾਈ ਜਹਾਜ਼ਾਂ ਤੋਂ ਅਲੱਗ ਹੈ ਜਿਨ੍ਹਾਂ ਦਾ ਇਸਤੇਮਾਲ ਅਮਰੀਕਾ ਅਫਗਾਨਿਸਤਾਨ ਪਾਕਿਸਤਾਨ ਸੀਮਾ 'ਤੇ ਅੱਤਵਾਦੀਆਂ ਦੇ ਖਿਲਾਫ਼ ਕਰਦਾ ਹੈ। ਇਸ ਵਿੱਚ ਲੱਗੇ ਕੈਮਰੇ ਤਸਵੀਰਾਂ ਤਾਂ ਭੇਜ ਦੇਣਗੇ ਪਰ ਹਮਲਾ ਕਰਨ ਦੇ ਲਈ ਸੁਰੱਖਿਆ ਕਰਮਚਾਰੀਆਂ ਨੂੰ ਹੀ ਅੱਗੇ ਆਉਣਾ ਹੋਵੇਗਾ। ਹੁਸੈਨ ਨੇ ਦੱਸਿਆ ਕਿ ਜੰਗਲ ਦੇ ਸੁਰੱਖਿਆ ਕਰਮੀਆਂ ਨੂੰ ਸਵੈਚਲਿਤ ਹਥਿਆਰਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਜਿਸ ਵਿੱਚ ਕਿ ਸ਼ਿਕਾਰੀਆਂ 'ਤੇ ਲਗਾਮ ਲਗਾਈ ਜਾ ਸਕੇ। ਇਨ੍ਹਾਂ ਕੈਮਰਿਆਂ ਦੀ ਮਦਦ ਨਾਲ ਬਿਨ੍ਹਾਂ ਜੰਗਲ ਵਿੱਚ ਘੁੰਮੇ ਹੀ ਸ਼ਿਕਾਰੀਆਂ ਦੀਆਂ ਗਤੀਵਿਧੀਆਂ ਬਾਰੇ ਵਿੱਚ ਪਤਾ ਲਗਾਇਆ ਜਾ ਸਕੇਗਾ।

ਇੱਕ ਸਿੰਗ ਵਾਲੇ ਦੁਰਲਭ ਗੈਂਡਿਆਂ ਦੀ ਆਬਾਦੀ ਦਾ ਕਰੀਬ 75 ਫੀਸਦੀ ਹਿੱਸਾ ਭਾਰਤ ਦੇ ਆਸਾਮ ਰਾਜ ਵਿੱਚ ਰਹਿੰਦਾ ਹੈ। ਦੁਨੀਆਂ ਵਿੱਚ ਹੁਣ ਕੇਵਲ 2400 ਇੱਕ ਸਿੰਗ ਵਾਲੇ ਗੈਂਡੇ




ਹੀ ਬਚੇ ਹਨ। ਅਸਾਮ ਦੇ ਜੰਗਲਾਂ ਦੇ ਪ੍ਰਮੁੱਖ ਰੱਖਿਅਕ ਸੁਰੇਸ਼ ਚੰਦ ਨੇ ਸਮਾਚਾਰ ਏਜੰਸੀ ਡੀਪੀਏ ਨੂੰ ਦੱਸਿਆ, "ਸ਼ਿਕਾਰ ਇੱਕ ਬਹੁਤ ਗੰਭੀਰ ਸਮੱਸਿਆ ਹੈ ਅਤੇ ਗੈਂਡੇ ਹਮੇਸ਼ਾ ਹੀ ਭਾਰੀ ਖਤਰੇ ਵਿੱਚ ਰਹਿੰਦੇ ਹਨ।"

ਚੰਦ ਨੇ ਇਹ ਵੀ ਦੱਸਿਆ ਕਿ ਸ਼ਿਕਾਰੀਆਂ ਨੇ ਇਸ ਸਾਲ 16 ਗੈਂਡਿਆਂ ਦਾ ਸ਼ਿਕਾਰ ਕੀਤਾ ਜਦੋਂਕਿ ਪਿਛਲੇ ਸਾਲ ਕੁਲ 22 ਗੈਂਡੇ ਸ਼ਿਕਾਰੀਆਂ ਦੇ ਹੱਥ ਚੜ੍ਹੇ ਸੀ। ਸ਼ਿਕਾਰੀ ਇਨ੍ਹਾਂ ਗੈਂਡਿਆਂ ਦੇ ਸਿੰਗ ਅਤੇ ਉਨ੍ਹਾਂ ਦੀ ਖੱਲ ਦੇ ਲਈ ਇਨ੍ਹਾਂ ਦਾ ਸ਼ਿਕਾਰ ਕਰਦੇ ਹਨ। ਮੰਨਿਆ ਜਾਂਦਾ ਹੈ ਕਿ ਇਹ ਸਿੰਗਾਂ ਅਤੇ ਖੂਨ ਵਿੱਚ ਕਾਮੋਤੇਜਕ ਪ੍ਰਭਾਵ ਹੁੰਦਾ ਹੈ ਇਸਦਾ ਇਸਤੇਮਾਲ ਏਸ਼ੀਆ ਵਿੱਚ ਬਣਨ ਵਾਲੀ ਕਈ ਪਾਰੰਪਰਿਕ ਦਵਾਈਆਂ ਵਿੱਚ ਕੀਤਾ ਜਾਂਦਾ ਹੈ। ਇਸ ਦੇ ਇਲਾਵਾ ਇਸਦੀ ਖੱਲ ਵੀ ਬਹੁਤ ਮੋਟੀ ਅਤੇ ਮਜ਼ਬੂਤ ਹੁੰਦੀ ਹੈ। ਇਸਦਾ ਇਸਤੇਮਾਲ ਪਹਿਲਾਂ ਬੁਲਿਟਪਰੂਫ (ਜਿਸ ਉਤੇ ਗੋਲੀ ਅਸਰ ਨਾ ਕਰ ਸਕੇ) ਜੈਕੇਟ ਬਣਾਉਣ ਵਿੱਚ ਵੀ ਹੁੰਦਾ ਸੀ। ਇਹ ਹੀ ਖੱਲ, ਖੂਨ ਅਤੇ ਸਿੰਗ ਗੈਂਡਿਆਂ ਦੀ ਜਾਨ ਦੀ ਦੁਸ਼ਮਣ ਬਣ ਗਈ ਹੈ।

## * ਗੂਗਲ ਲੈਕੇ ਆਇਆ ਬੋਲਣ ਵਾਲੇ ਜੁੱਤੇ

ਗੂਗਲ ਵਰਕਸ਼ਾਪ ਹੁਣ ਲੈ ਕੇ ਆ ਰਿਹਾ ਹੈ ਇੱਕ ਖਾਸ ਯੰਤਰ। ਅਜਿਹਾ ਯੰਤਰ, ਜੋ ਤੁਹਾਨੂੰ ਹਮੇਸ਼ਾ ਜੋੜੀ ਰੱਖੇਗਾ। ਸਪੈਸ਼ਲ ਚਸ਼ਮੇ ਦੇ ਬਾਅਦ ਹੁਣ ਗੂਗਲ 'ਟ੍ਰਾਕਿੰਗ ਸ਼ੂਜ਼' ਲਿਆਉਣ ਜਾ ਰਿਹਾ ਹੈ। ਟੈਕਨਾਲੋਜੀ ਦੀ ਦੁਨੀਆਂ ਵਿੱਚ ਗੂਗਲ ਨੇ ਅਡੀਡਸ ਕੰਪਨੀ ਦੇ ਸ਼ੂਜ਼ ਨੂੰ ਬਦਲ ਕੇ ਇੱਕ ਲਾਜਵਾਬ ਚੀਜ਼ ਬਣਾ ਦਿੱਤੀ ਹੈ। ਇਨ੍ਹਾਂ ਬੂਟਾਂ ਦੇ ਜ਼ਰੀਏ ਤੁਸੀਂ ਨਾ ਸਿਰਫ਼ ਆਪਣੀ ਲੋਕੇਸ਼ਨ ਪਤਾ ਲਗਾ ਸਕਦੇ ਹੋ, ਬਲਕਿ ਕਿਤੇ ਵੀ ਜਾਣ ਦਾ ਰਸਤਾ ਵੀ ਲੱਭ ਸਕਦੇ ਹੋ। ਇਹ ਸ਼ੂਜ਼ ਨਾ ਸਿਰਫ਼ ਤੁਹਾਡੇ ਨਾਲ ਗੱਲ ਕਰਨਗੇ, ਜਦੋਂਕਿ ਆਪਣੀ ਐਕਟਿਵਿਟੀ ਦੇ ਕੁਝ ਅਪਡੇਟਸ ਸਿੱਧੇ ਫੇਸਬੁੱਕ ਅਤੇ ਟਵੀਟਰ 'ਤੇ ਵੀ ਪੋਸਟ ਕਰ ਸਕੇਗਾ।

ਗੂਗਲ ਨੇ ਅਨਸਯੂਸਿੰਗ ਅਡੀਡਸ ਸ਼ੂਜ਼ ਨੂੰ ਇੱਕ ਕੰਪਿਊਟਰ ਅਤੇ ਸਪੀਕਰ ਨਾਲ ਜੋੜਿਆ ਹੈ। ਇਨ੍ਹਾਂ ਜੁੱਤਿਆਂ ਵਿੱਚ ਐਕਸਲਰੋਮੀਟਰ, ਜਾਈਰੋਸਕੋਪ ਅਤੇ ਪ੍ਰੈਸ਼ਰ ਸੈਂਸਰ ਲੱਗੇ ਹੋਏ ਹਨ। ਜੋ ਵੀ ਵਿਅਕਤੀ ਇਨ੍ਹਾਂ ਜੁੱਤਿਆਂ ਨੂੰ ਪਹਿਨਕੇ ਕੋਈ ਮੂਵਮੈਂਟ (ਹਲਚਲ) ਕਰੇਗਾ, ਜੁੱਤੇ ਆਵਾਜ਼ ਅਪਡੇਟਸ ਦੇਣ ਲੱਗਣਗੇ। ਯਾਨੀ ਕਿ ਪਹਿਨਣ ਵਾਲਾ ਵਿਅਕਤੀ ਰੁਕਿਆ ਹੋਇਆ ਹੈ ਜਾਂ ਚਲ ਰਿਹਾ ਹੈ। ਇਸਦੇ ਨਾਲ ਹੀ ਦੌੜ ਲਗਾਉਣ ਜਾਂ ਫਿਰ ਹਵਾ ਵਿੱਚ ਉਛਲਣ 'ਤੇ ਵੀ ਇਹ ਆਵਾਜ਼ ਅਪਡੇਟ ਦਿੰਦੇ ਹੋਏ ਪਹਿਨਣ ਵਾਲੇ ਨਾਲ ਗੱਲਾਂ ਕਰੇਗਾ। ਜੇਕਰ ਤੁਸੀਂ ਅਚਾਨਕ ਰੁਕ ਗਏ ਹੋ, ਤਦ ਵੀ ਇਹ ਤੁਹਾਡੇ ਨਾਲ ਗੱਲ ਕਰੇਗਾ ਤੇ ਪੁੱਛੇਗਾ ਕਿ ਰੁਕੇ ਕਿਉਂ ਹੋ ?

## * ਦਿਲ ਹੀ ਤਾਂ ਹੈ!

ਹਾਲ ਹੀ ਵਿੱਚ ਜਰਮਨੀ ਦੇ ਹਨੋਵਰ ਮੈਡੀਕਲ ਸਕੂਲ ਵਿੱਚ 18 ਸਾਲ ਦੇ ਕਈ ਵਿਅਕਤੀ ਦੇ ਸਰੀਰ ਵਿੱਚ ਹਾਰਟ ਪੰਪ ਲਗਾਇਆ ਗਿਆ। ਇਹ ਹਾਰਟ ਪੰਪ ਪਾਉਣ ਵਾਲਾ ਜਰਮਨੀ ਦਾ 1,000ਵਾਂ ਵਿਅਕਤੀ ਹੈ। ਦੇਸ਼ ਵਿੱਚ ਦਿਲ ਦੀ ਜਗ੍ਹਾ ਮਸ਼ੀਨਾਂ ਲਗਵਾਉਣ ਵਾਲਿਆਂ ਦੀ ਸੰਖਿਆ ਵੱਧ ਰਹੀ ਹੈ।

ਹਾਰਟ ਪੰਪ ਯਾਨੀ ਦਿਲ ਵਿੱਚ ਲਗਾਉਣ ਵਾਲੀਆਂ ਮਸ਼ੀਨਾਂ ਦਾ ਜਰਮਨੀ ਵਿੱਚ ਕਾਫ਼ੀ ਇਸਤੇਮਾਲ ਹੋਣ ਲੱਗਿਆ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਮਸ਼ੀਨ ਲਗਵਾਉਣ ਦੀ ਜਗ੍ਹਾ ਦਿਲ ਦਾ ਪ੍ਰਤੀਰੋਪਨ ਇੱਕ ਬੇਹਤਰ ਵਿਕਲਪ ਹੈ। ਲੇਕਿਨ ਅੰਗਦਾਨ ਕਰਨ ਵਾਲਿਆਂ ਦੀ ਕਮੀ ਦੇ ਕਾਰਨ ਅਜਿਹਾ ਘੱਟ ਹੀ ਹੋ ਪਾਇਆ ਹੈ।

ਹਾਰਟਮੇਟ-2 ਦੇ ਨਾਮ ਨਾਲ ਮਸ਼ਹੂਰ ਇਸ ਪੰਪ ਦਾ ਕੰਮ ਹੈ ਦਿਲ ਤੱਕ ਸਹੀ ਮਾਤਰਾ ਵਿੱਚ ਖੂਨ ਪਹੁੰਚਾਉਣਾ। ਦਿਲ ਦਾ ਕੰਮ ਹੁੰਦਾ ਹੈ ਸਰੀਰ ਵਿੱਚ ਖੂਨ ਸੰਚਾਰ ਦਾ ਨਿਯੰਤਰਣ ਕਰਨਾ, ਪਰ ਕਈ ਵਾਰ ਸਾਡਾ ਦਿਲ ਐਨਾ ਕੰਮਜ਼ੋਰ ਹੋ ਜਾਂਦਾ ਹੈ ਕਿ ਇਹ ਖੂਨ ਦਾ ਠੀਕ ਨਾਲ ਸੰਚਾਰ ਨਹੀਂ ਕਰ ਪਾਉਂਦਾ। ਅਜਿਹੇ ਵਿੱਚ ਜਾ ਤਾਂ ਦਿਲ ਦਾ ਪ੍ਰਤੀਰੋਪਨ ਕੀਤਾ ਜਾਂਦਾ ਹੈ ਜਾਂ ਫਿਰ ਦਿਲ ਦੇ ਕੋਲ ਇੱਕ ਪੰਪ ਲਗਾ ਦਿੱਤਾ ਜਾਂਦਾ ਹੈ ਜੋ ਖੂਨ ਦੇ ਸੰਚਾਰ ਵਿੱਚ ਮਦਦ ਕਰਦਾ ਹੈ। ਹਾਰਟਮੇਟ-2 ਨੂੰ ਕੈਲੀਫੋਰਨੀਆ ਦੀ ਇੱਕ ਕੰਪਨੀ ਨੇ ਬਣਾਇਆ ਹੈ, ਇਹ ਕਰੀਬ ਅੱਠ ਸੈਂਟੀ ਮੀਟਰ ਵੱਡਾ ਹੈ ਅਤੇ ਇਸਦਾ ਵਜਨ 280 ਗ੍ਰਾਮ ਹੈ। ਪੰਪ ਨੂੰ ਕੰਟਰੋਲ ਕਰਨ ਦੇ ਲਈ ਇੱਕ ਮਸ਼ੀਨ ਲਗਾਈ ਜਾਂਦੀ ਹੈ ਜੋ ਬੈਟਰੀ ਨਾਲ ਚਲਦੀ ਹੈ। ਇਸ ਨੂੰ ਸ਼ਰਟ ਦੀ ਜੇਬ ਵਿੱਚ ਵੀ ਰੱਖਿਆ ਜਾ ਸਕਦਾ ਹੈ।

ਜਰਮਨੀ ਵਿੱਚ ਹਾਰਟ ਪੰਪ ਲਗਵਾਉਣ ਵਾਲੇ 1,000 ਵਿਅਕਤੀ ਯਾਨ ਲੁਕਾਸ ਹੋਐਲਸੇਬੁਸ ਕੰਸਟ੍ਰਕਸ਼ਨ (ਉਸਾਰੀ) ਵਰਕਰ ਹੈ। ਬੀਤੇ ਸਾਲ ਦਸੰਬਰ ਵਿੱਚ ਉਨ੍ਹਾਂ ਦੀ ਦਿਲ ਦੀ ਬਿਮਾਰੀ ਦਾ ਪਤਾ ਚੱਲਿਆ। ਹੁਣ ਜਨਵਰੀ ਤੋਂ ਉਹ ਇਸ ਪੰਪ ਦੇ ਨਾਲ ਜਿਓਂ ਰਹੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਦੇਖਕੇ ਕੋਈ ਨਹੀਂ ਕਹਿ ਸਕਦਾ ਕਿ ਉਨ੍ਹਾਂ ਨੂੰ ਦਿਲ ਦੀ ਬਿਮਾਰੀ ਹੈ, "ਮੈਂ ਚੰਗਾ ਭਲਾ ਹਾਂ, ਜਿਵੇਂ ਕਦੇ ਕੁਝ ਹੋਇਆ ਹੀ ਨਾ ਹੋਵੇ।" ਹਾਲਾਂਕਿ ਡਾਕਟਰਾਂ ਨੇ ਉਨ੍ਹਾਂ ਨੂੰ ਜ਼ਿਆਦਾ ਅਭਿਆਸ ਕਰਨ ਤੋਂ ਮਨ੍ਹਾ ਕੀਤਾ ਹੋਇਆ ਹੈ। ਉਨ੍ਹਾਂ ਨੂੰ ਸਵੀਮਿੰਗ ਕਰਨ ਜਾਂ ਡਿਸਕੋ ਵਿੱਚ ਜਾਣ ਦੀ ਇਜਾਜਤ ਨਹੀਂ ਹੈ। ਪਰ ਯਾਨ ਲੁਕਾਸ ਨੂੰ ਇਸ ਗੱਲ ਤੋਂ ਕੋਈ ਹਰਜ ਨਹੀਂ, "ਨਿੱਜੀ ਤੌਰ 'ਤੇ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਮੈਂ ਘਰ ਵਿੱਚ ਬੈਠਾ ਹਾਂ ਜਾਂ ਫਿਰ ਪਾਰਟੀ ਕਰ ਰਿਹਾ ਹਾਂ।"

ਹਨੋਵਰ ਮੈਡੀਕਲ ਕਾਲਜ ਦੇ ਦਿਲ ਦੇ ਰੋਗ ਦੇ ਮਾਹਿਰ ਆਕਸੇਲ ਹਾਫੇਰਿਸ ਦੱਸਦੇ ਹਨ ਕਿ ਹਾਰਟ ਪੰਪ ਲਗਵਾਉਣ ਵਾਲਿਆਂ ਦੀ ਸੰਖਿਆ ਲਗਾਤਾਰ ਵੱਧ ਰਹੀ ਹੈ, "ਜਰਮਨੀ ਵਿੱਚ ਦਿਲ ਦਾਨ ਕਰਨ ਵਾਲੇ ਲੋਕ ਬਹੁਤ ਘੱਟ ਹਨ, ਇਸ ਲਈ ਇਸ ਤਰ੍ਹਾਂ ਦੀਆਂ ਮਸ਼ੀਨ ਦੀ ਅਹਿਮੀਅਤ ਵੱਧ ਰਹੀ ਹੈ।" ਨਕਲੀ ਦਿਲ ਅਲੱਗ ਅਲੱਗ ਤਰ੍ਹਾਂ ਦੇ ਹੁੰਦੇ ਹਨ। ਇਸ ਦੀਆਂ ਪੰਜ ਤੋਂ ਸੱਤ ਅਲੱਗ ਕਿਸਮਾਂ ਮੌਜੂਦ ਹਨ। 1987 ਤੋਂ ਹੀ ਜਰਮਨੀ ਵਿੱਚ ਇਨ੍ਹਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਹੀ ਕਰੀਬ 800 ਲੋਕਾਂ ਨੂੰ ਇਸਦਾ ਫਾਇਦਾ ਪਹੁੰਚਿਆ।

ਡਾਕਟਰ ਹਾਫੇਰਿਸ ਦਾ ਕਹਿਣਾ ਹੈ ਕਿ ਇਸ ਨਾਲ ਮਰੀਜਾਂ






ਦੇ ਜੀਵਨ ਵਿੱਚ ਬਦਲਾਅ ਆਉਂਦਾ ਹੈ। ਹਾਲਾਂਕਿ ਕੁਝ ਲੋਕ ਸਰੀਰ ਵਿੱਚ ਮਸ਼ੀਨ ਲਗਾਉਣ ਦੀ ਕਲਪਨਾ ਵੀ ਨਹੀਂ ਕਰ ਸਕਦੇ, ਤਾਂ ਕੁਝ ਇਸ ਨੂੰ ਕਿਸੇ ਹੋਰ ਦਾ ਦਿਲ ਲਗਵਾਉਣ ਤੋਂ ਬੇਹਤਰ ਵਿਕਲਪ ਮੰਨਦੇ ਹਨ। ਸ਼ੁਰੂਆਤ ਵਿੱਚ ਹਾਰਟ ਪੰਪ ਜਾਂ ਦਿਲ ਵਿੱਚ ਲਗਾਉਣ ਵਾਲੀ ਕੋਈ ਵੀ ਮਸ਼ੀਨ ਇਸ ਵਿਚਾਰ ਦੇ ਨਾਲ ਲਗਾਈ ਜਾਂਦੀ ਹੈ ਕਿ ਕਿਸੇ ਡੋਨਰ ਦੇ ਆਉਂਦੇ ਹੀ ਮਸ਼ੀਨ ਹਟਾ ਕੇ ਨਵਾ ਦਿਲ ਲਗਾ ਦਿੱਤਾ ਜਾਵੇਗਾ। ਪਰ ਅੰਗਦਾਨ ਕਰਨ ਵਾਲੇ ਲੋਕ ਘੱਟ ਹੈ ਅਤੇ ਦਿਲ ਦੇ ਮਰੀਜ਼ ਜ਼ਿਆਦਾ। ਜੀਵਨਸ਼ੈਲੀ ਵਿੱਚ ਆ ਰਹੇ ਪਰਿਵਰਤਨਾਂ ਦੇ ਨਾਲ ਨਾਲ ਦਿਲ ਦੇ ਮਰੀਜ਼ਾਂ ਦੀ ਸੰਖਿਆ ਵਿੱਚ ਵੀ ਵਾਧਾ ਹੁੰਦਾ ਜਾ ਰਿਹਾ ਹੈ। ਅਜਿਹੇ ਵਿੱਚ ਹੁਣ ਡਾਕਟਰ ਇਸ ਨੂੰ ਇਲਾਜ ਦੇ ਤੌਰ 'ਤੇ ਦੇਖਣ ਲੱਗੇ ਹਨ। ਇੱਕ ਵਾਰ ਸਰੀਰ ਵਿੱਚ ਮਸ਼ੀਨ ਲੱਗ ਜਾਣ ਦੇ ਬਾਅਦ ਉਹ ਮਰੀਜ਼ ਨੂੰ ਜੀਵਨ ਭਰ ਉਸ ਦੇ ਨਾਲ ਜਿਉਣ ਦੀ ਸਲਾਹ ਦੇਣ ਲੱਗੇ ਹਨ।

## * ਸਮਾਰਟਫੋਨ ਤੋਂ ਹੋਵੇਗਾ ਪਿਸ਼ਾਬ ਟੈਸਟ

ਯੂਰਿਨ ਦੀ ਜਾਂਚ ਦੇ ਲਈ ਹੁਣ ਵਾਰ ਵਾਰ ਲੈਬ ਦੇ ਚੱਕਰ ਨਹੀਂ ਲਗਾਉਣੇ ਪੈਣਗੇ। ਹੁਣ ਇਹ ਕੰਮ ਤੁਹਾਡਾ ਸਮਾਰਟਫੋਨ ਹੀ ਕਰ ਦੇਵੇਗਾ। ਅਮਰੀਕਾ ਦੇ ਲਾਸ ਏਂਜਿਲਿਸ ਸ਼ਹਿਰ ਵਿੱਚ ਚਲ ਰਹੇ ਇੱਕ ਟੈਕਨੋਲਾਜੀ ਫੇਅਰ ਵਿੱਚ ਸਮਾਰਟਫੋਨ ਦਾ ਇੱਕ ਅਜਿਹਾ ਐਪਲੀਕੇਸ਼ਨ ਪੇਸ਼ ਕੀਤਾ ਗਿਆ ਹੈ, ਜੋ ਫੋਨ ਵਿੱਚ ਲੱਗੇ ਕੈਮਰੇ ਦੀ ਮਦਦ ਨਾਲ ਯੂਰਿਨ ਦੀ ਜਾਂਚ ਕਰਕੇ ਬਿਮਾਰੀਆਂ ਦਾ ਪਤਾ ਲਗਾ ਸਕਦਾ ਹੈ। ਇਸ ਨੂੰ ਯੂਚੇਕ ਦਾ ਨਾਮ ਦਿੱਤਾ ਗਿਆ ਹੈ ਅਤੇ ਇਹ ਸਿਹਤ ਸੰਬੰਧੀ 25 ਸਮੱਸਿਆਵਾਂ ਨਾਲ ਜੁੜੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਮਰੱਥ ਹੈ। ਖਾਸ ਕਰਕੇ ਇਹ ਫ਼ੋਨ ਵਿਕਾਸਸ਼ੀਲ ਦੇਸ਼ਾਂ ਵਿੱਚ ਬਿਮਾਰੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਦੇ ਇਲਾਜ ਵਿੱਚ ਕਾਰਗਾਰ ਸਾਬਿਤ ਹੋ ਸਕਦਾ ਹੈ। ਇਹ ਫ਼ੋਨ ਭਾਰਤ ਦੇ ਮਿਸ਼ਿਕਨ ਇੰਗਾਵਾਲੇ ਨੇ ਪੇਸ਼ ਕੀਤਾ ਹੈ।

# * ਸੋਚਣ ਵਾਲੇ ਕਲਪੁਰਜੇ

ਇਸ ਸਾਲ ਹਨੋਵਰ ਦੇ ਇੰਡਸਟ੍ਰੀ ਮੇਲੇ ਵਿੱਚ ਸੋਚਣ ਵਾਲੇ ਕਲ ਪੁਰਜਿਆ ਦੀ ਚਰਚਾ ਹੈ। ਪਹਿਲਾਂ ਤਾਂ ਮਸ਼ੀਨਾਂ ਹੀ ਬੁੱਧੀਮਾਨ ਸੀ ਪਰ ਹੁਣ ਉਨ੍ਹਾਂ ਦੇ ਪੁਰਜੇ ਵੀ ਸਮਾਰਟ ਬਣਾ ਦਿੱਤੇ ਗਏ ਹਨ। ਉਹ ਖੁਦ ਨੂੰ ਤੁਹਾਡੇ ਕੰਮ ਦੇ ਹਿਸਾਬ ਨਾਲ ਢਾਲਦੇ ਹਨ ਅਤੇ ਖਰਾਬ ਹੋਣ ’ਤੇ ਖੁਦ ਹੀ ਅਲਾਰਮ ਵਜਾ ਦਿੰਦੇ ਹਨ।

ਭਾਫ਼ ਨਾਲ ਚੱਲਣ ਵਾਲੇ ਇੰਜਨ ਦੀ ਖ਼ੋਜ ਦੇ ਨਾਲ ਉਦਯੋਗਿਕ ਕ੍ਰਾਂਤੀ ਸ਼ੁਰੂ ਹੋਈ। 20ਵੀਂ ਸਦੀ ਦੀ ਸ਼ੁਰੂਆਤ ਵਿੱਚ ਕਨਵੇਅਰ ਬੇਲਟ ਵੀ ਇਸ ਨਾਲ ਜੁੜਿਆ ਅਤੇ ਫਿਰ ਦੇਖਦੇ ਦੇਖਦੇ ਕੰਪਿਊਟਰ ਦੁਨੀਆਂ ’ਚ ਛਾਅ ਗਿਆ। ਹੁਣ ਚੌਥੀ ਉਦਯੋਗਿਕ ਕ੍ਰਾਂਤੀ ਦੀ ਦਸਤਕ ਹੈ। ਆਖੇਨ ਵਿੱਚ ਫਾਊਂਨਹੋਫਰ ਸੰਸਥਾਨ ਦੇ ਪ੍ਰੋਡਕਸ਼ਨ ਟੈਕਨੋਲੋਜੀ ਵਿਭਾਗ ਪ੍ਰਮੁੱਖ ਫ੍ਰਿਤਸ ਕਲੋਕੇ ਕਹਿੰਦੇ ਹਨ, “ਇੰਡਸਟ੍ਰੀ 4.0 ਦਾ ਮਤਲਬ ਹੈ ਕਿ ਅਸੀਂ ਕਾਰਖਾਨੇ ਵਿੱਚ ਇੰਟਰਨੈਟ ਲਾ ਰਹੇ ਹਾਂ।”

ਇਸਦਾ ਸਭ ਤੋਂ ਚੰਗਾ ਉਦਾਹਰਣ ਹੈ ਕਾਰ ਉਦਯੋਗ। ਇੱਥੇ ਕਾਰਾਂ ਹੁਣ ਪੂਰੀ ਤਰ੍ਹਾਂ ਆਟੋਮੈਟਿਕ ਬਣਨ ਲੱਗੀਆਂ ਹਨ। ਉਨ੍ਹਾਂ ਨੂੰ ਉੱਚ ਸੁਰੱਖਿਆ ਦੇਣੀ ਹੈ ਅਤੇ ਲੰਬੇ ਸਮੇਂ ਤੱਕ ਚਲਣਾ ਹੈ। ਕਾਰ ਵਿੱਚ ਸਭ ਠੀਕ ਹੈ ਜਾਂ ਨਹੀਂ, ਇਹ ਦੇਖਣ ਦੇ ਲਈ ਕਾਰ ਬਣਾਉਣ ਵਾਲਾ ਕਾਰ ਵੇਚਣ ਦੇ ਬਾਅਦ ਵੀ ਮਾਡਲ ਨਾਲ ਕਦੇ ਵੀ ਸੰਪਰਕ ਬਣਾ ਸਕਦਾ ਹੈ।

ਇੱਕ ਦੂਸਰੇ ਨਾਲ ਜੁੜੇ ਕਲਪੁਰਜੇ – ਇਸਦੇ ਲਈ ਕਾਰਾਂ ਨੂੰ ਇੱਕ ਨੈਟਵਰਕ ਨਾਲ ਜੋੜ ਦਿੱਤਾ ਜਾਂਦਾ ਹੈ। ਕਲੋਕੇ ਦੱਸਦੇ ਹਨ, “ਭਵਿੱਖ ਦੀਆਂ ਕਾਰਾਂ ਇੰਟਰਨੈਟ ਦਾ ਹਿਸਾ ਹੋਣਗੀਆਂ।” ਸੈਂਸਰ ਤੋਂ ਪਤਾ ਲੱਗ ਜਾਵੇਗਾ ਕਿ ਕਿਤੇ ਕੋਈ ਗੰਭੀਰ ਗੜਬੜੀ ਤਾਂ ਨਹੀਂ। ਕੋਈ ਮਸ਼ੀਨ ਬਹੁਤ ਗਰਮ ਤਾਂ ਨਹੀਂ ਹੋ ਰਹੀ, ਕਿਤੇ ਗੈਰ ਜ਼ਰੂਰੀ ਹਿਲਜੁਲ ਤਾਂ ਨਹੀਂ ਹੋ ਰਿਹਾ ਜਾਂ ਕੋਈ ਪੁਰਜਾ ਢਿੱਲਾ ਤਾਂ ਨਹੀਂ ਹੋ ਗਿਆ। ਇਹ ਸਾਰੀ ਜਾਣਕਾਰੀ ਆਪਣੇ ਆਪ ਸੈਂਸਰਾਂ ਦੇ ਜ਼ਰੀਏ ਨਿਰਮਾਤਾ ਤੱਕ ਪਹੁੰਚ ਜਾਵੇਗੀ।



“ਹਰ ਪੁਰਜਾ ਖੁਦ ਆਪਣੀ ਪਰੇਸ਼ਾਨੀ ਦੱਸ ਦੇਵੇ ਅਤੇ ਫਿਰ ਕਲਾਊਡ ਦੇ ਜ਼ਰੀਏ ਇੰਟਰਨੈਟ ਵਿੱਚ ਪੁੱਛੇ ਕਿ ਕੀ ਇਹ ਮੇਰੀ ਸਮਾਨ ਸਥਿਤੀ ਹੈ ਜਾਂ ਮੈਨੂੰ ਬਦਲਣ ਦੀ ਜ਼ਰੂਰਤ ਹੈ। ਕੀ ਮੈਂ ਖਰਾਬ ਹੋ ਗਿਆ ਹਾਂ। ਕੀ ਮੈਨੂੰ ਠੀਕ ਕਰਨ ਜਾਂ ਬਦਲਣ ਦੀ ਜ਼ਰੂਰਤ ਹੈ?”

**ਅਹਿਮ ਹਿੱਸਾ** – ਪੁਰਜੇ ਦਾ ਖੁਦ ਦੀ ਸਥਿਤੀ ਦੱਸ ਸਕਣਾ ਉਥੇ ਸਭ ਤੋਂ ਜ਼ਰੂਰੀ ਹੈ ਜਿੱਥੇ ਇਹ ਬਹੁਤ ਜ਼ਿਆਦਾ ਸਮਰੱਥਾ ਦੇ ਨਾਲ ਕੰਮ ਕਰਦੇ ਹਨ ਅਤੇ ਜਿੱਥੇ ਉੱਚ ਸੁਰੱਖਿਆ ਦੀ ਜ਼ਰੂਰਤ ਹੁੰਦੀ ਹੈ। ਜਿਵੇਂ ਕਿ ਪਰਮਾਣੂ ਊਰਜਾ ਯੰਤਰ ਵਿੱਚ ਜਾਂ ਫਿਰ ਵੱਡੇ ਉਦਯੋਗਾਂ ਵਿੱਚ। ਆਉਣ ਵਾਲੇ ਸਮੇਂ ਵਿੱਚ ਪੁਰਜਿਆਂ ਜਾਂ ਮਸ਼ੀਨ ਦੇ ਹਿੱਸਿਆਂ ਨੂੰ ਪਹਿਚਾਣ ਮਿਲੇਗੀ। ਇੱਕ ਉਨ੍ਹਾਂ ਦੇ ਆਕਾਰ ਪ੍ਰਕਾਰ ਦੇ ਬਾਰੇ ਵਿੱਚ ਅਤੇ ਦੂਸਰੀ ਡਿਜਿਟਲ।



ਇਸਦਾ ਫਾਇਦਾ, ਜਦੋਂ ਵੀ ਕੰਪਨੀ ਨੂੰ ਪੁਰਜਿਆਂ ਦੇ ਬਾਰੇ ਵਿੱਚ ਜਾਣਕਾਰੀ ਹਾਸਿਲ ਕਰਨੀ ਹੋਵੇਗੀ ਉਸ ਨੂੰ ਜਲਦੀ ਨਾਲ ਮਿਲ ਜਾਵੇਗੀ ਅਤੇ ਉਨ੍ਹਾਂ ਨੂੰ ਤੇਜ਼ੀ ਨਾਲ ਇਹ ਵੀ ਪਤਾ ਚਲ ਸਕੇਗਾ ਕਿ ਕੀ ਕੋਈ ਖਾਸ ਸਮੱਸਿਆ ਉਸ ਹਿੱਸੇ ਵਿੱਚ ਆ ਰਹੀ ਹੈ ਅਤੇ ਵਿਸ਼ੇਸ਼ ਮੁਸ਼ਕਿਲ ਦੇ ਸਮੇਂ ਕੰਪਨੀ ਸਿੱਧੇ ਗ੍ਰਾਹਕਾਂ ਨਾਲ ਸੰਪਰਕ ਬਣਾ ਸਕੇਗੀ। ਇਸਦੇ ਇਲਾਵਾ ਡੈਟਾ ਇਹ ਵੀ ਦਿਖਾਏਗਾ ਕਿ ਪੁਰਜੇ ਕਿਤੇ ਨਕਲੀ ਤਾਂ ਨਹੀਂ ਬਣੇ ਹੋਏ।

ਕੰਪਨੀ ਆਪਣੇ ਉਤਪਾਦਾਂ ਵਿੱਚ ਵਿਸ਼ੇਸ਼ ਪਹਿਚਾਣ ਢਾਲ ਸਕੇਗੀ। ਇਹ ਡਾਟਾ ਰਿਕਾਰਡ ਨਾਲ ਜੁੜੀ ਹੋਵੇਗੀ। ਇੰਟੇਗ੍ਰੇਟਿਵ ਉਤਪਾਦਨ ਤਕਨੀਕ ’ਤੇ ਕੰਮ ਕਰ ਰਹੇ ਕ੍ਰਿਸਟਿਯਾਨ ਬ੍ਰੇਸਰ ਕਹਿੰਦੇ ਹਨ, “ਜੇਕਰ ਇਹ ਜਾਣਕਾਰੀ ਪੁਰਜਿਆਂ ’ਤੇ ਨਹੀਂ ਹੈ ਤਾਂ ਮੈਨੂੰ ਪਤਾ ਹੈ ਕਿ ਇਹ ਪੁਰਜੇ ਅਸਲੀ ਨਹੀਂ ਹਨ।” ਜੇਕਰ ਮਸ਼ੀਨ ਦੇ ਭਾਗਾਂ ਵਿੱਚ ਚਿਪ ਲਗਾ ਦਿੱਤੀ ਜਾਵੇਗੀ ਤਾਂ ਨਕਲੀ ਭਾਗ ਨਹੀਂ ਬਣ ਸਕਣਗੇ।

ਆਖੇਨ ਵਿੱਚ ਫਰਾਊਨਹੋਫਰ ਸੰਸਥਾਨ ਦੇ ਪ੍ਰੋਡਕਸ਼ਨ ਟੈਕਨੋਲੋਜੀ ਵਿਭਾਗ ਦੇ ਆਕਸੇਲ ਡੇਸਰ ਵਿਸ਼ਵਾਸ ਦਿਵਾਉਂਦੇ ਹਨ ਕਿ ਡਾਟਾ ਰਿਕਾਰਡ ਰੱਖਣ ਦੇ ਇਲਾਵਾ ਉਸਦੀ ਕੁਝ ਹੋਰ ਵੀ ਖਾਸੀਅਤ ਹੋ ਸਕਦੀ ਹੈ। ਗੈਸ ਨਾਲ ਬਿਜਲੀ ਉਤਪਾਦਨ ਵਿੱਚ ਇਸਤੇਮਾਲ ਹੋਣ ਵਾਲੇ ਟਰਬਾਇਨ (ਮਸ਼ੀਨ ਦਾ ਪਹੀਆ) ਵਿੱਚ ਪੱਖੇ ਕਈ ਹਿੱਸਿਆਂ ਨੂੰ ਜੋੜਕੇ ਬਣਾਏ ਜਾਂਦੇ ਹਨ ਅਤੇ ਫਿਰ ਉਨ੍ਹਾਂ ਵਿੱਚ ਦੀ ਰਿੰਗ ਪਾਇਆ ਜਾਂਦਾ ਹੈ ਜਿਸਦੇ ਆਸਪਾਸ ਟਰਬਾਇਨ ਘੁੰਮਦੀ ਹੈ।

ਅੱਜਕਲ੍ਹ ਕੰਪਿਊਟਰ ਨਾਲ ਚੱਲਣ ਵਾਲੀ ਇੱਕ ਹੀ ਮਸ਼ੀਨ ਵੱਡੇ ਮੈਟਲ ਵਿੱਚੋਂ ਇਹ ਪੁਰਜਾ ਤਿਆਰ ਕਰਦੀ ਹੈ। ਇਸ ਨੂੰ ਕੁਝ ਇਸ ਤਰ੍ਹਾਂ ਬਣਾਇਆ ਜਾਂਦਾ ਹੈ ਕਿ ਇਹ ਜ਼ਿਆਦਾ ਤਾਪਮਾਨ ਅਤੇ ਦਬਾਅ ਸਹਿਣ ਕਰ ਸਕੇ। ਆਖਿਰ ਵਿੱਚ ਇੱਕ ਰੋਬੋਟ ਟਰਬਾਇਨ ਦੇ ਇਨ੍ਹਾਂ ਪੱਖਿਆਂ ਨੂੰ ਨਿਯਮਿਤ ਤਰੀਕੇ ਨਾਲ ਪਾਲਿਸ਼ ਕਰਦਾ ਹੈ। ਇਹ ਮਸ਼ੀਨ 50 ਦੂਸਰੇ ਉਪਕਰਨਾਂ ਨੂੰ ਤਿਆਰ ਰੱਖ ਸਕਦੀ ਹੈ। ਇਸ ਵਿੱਚ ਕਟਰ, ਗ੍ਰਾਇਡਰ ਅਤੇ ਪਾਲਿਸ਼ ਕਰਨ ਵਾਲੀ ਮਸ਼ੀਨ ਹੈ। ਇਸ ਨਾਲ ਕੰਮ ਦੇ ਦੌਰਾਨ ਕਦੇ

ਵੀ ਦੇਖਿਆ ਜਾ ਸਕਦਾ ਹੈ ਕਿ ਟਰਬਾਇਨ ਦੇ ਖੰਭ ਠੀਕ ਠਾਕ ਕੰਮ ਕਰ ਰਹੇ ਹਨ ਜਾਂ ਨਹੀਂ।

ਆਉਣ ਵਾਲੇ ਦਿਨਾਂ ਵਿੱਚ ਮਸ਼ੀਨ ਦੇ ਕਈ ਹਿੱਸਿਆਂ ਵਿੱਚ ਡਿਜੀਟਲ ਪਹਿਚਾਣ ਲਗਾਈ ਜਾਵੇਗੀ। ਪਰ ਇਨਸਾਨ ਦੀ ਅਹਿਮੀਅਤ ਕਦੇ ਵੀ ਘੱਟ ਨਹੀਂ ਹੋਵੇਗੀ। ਉਦਯੋਗ ਮੇਲੇ ਨਾਲ ਉਦਯੋਗਾਂ ਅਤੇ ਖਿਆਲ ਕਰਨ ਵਾਲਿਆਂ ਦੀ ਰਚਨਾਤਮਕਤਾ ਨੂੰ ਨਵੇਂ ਪੱਖ ਮਿਲਦੇ ਹਨ ਕਿਉਂਕਿ ਅੱਜ ਦੇ ਸਮੇ ਵਿੱਚ ਨਵੇਂ ਉਤਪਾਦ ਬਣਾਉਣ, ਉਨ੍ਹਾਂ ਨੂੰ ਠੀਕ ਕਰਨਾ ਆਸਾਨ ਹੋ ਗਿਆ ਹੈ।ਐਕਸਪਰਟ ਟੈਕਨਿਸ਼ਯਨ, ਕੰਪਿਊਟਰ ਮਾਹਿਰਾਂ ਅਤੇ ਇੰਜਨੀਅਰਾਂ ਦੇ ਬਿਨਾਂ ਹੁਣ ਕਾਰਖਾਨਿਆਂ ਦਾ ਵੀ ਕੋਈ ਭਵਿੱਖ ਨਹੀਂ। ਇਸ ਲਈ ਇਨ੍ਹਾਂ ਦੀ ਟ੍ਰੇਨਿੰਗ 'ਤੇ ਵੀ ਖੂਬ ਧਿਆਨ ਦਿੱਤਾ ਜਾ ਰਿਹਾ ਹੈ। ਤਕਨੀਕ ਉਚ ਤੋਂ ਉੱਚਤਮ ਹੁੰਦੀ ਜਾ ਰਹੀ ਹੈ ਪਰ ਮਸ਼ੀਨਾਂ ਦਾ ਇਸਤੇਮਾਲ ਹੋਰ ਹੋਰ ਆਸਾਨ ਹੋ ਰਿਹਾ ਹੈ।

## * ਇੱਕ ਕਿਲੋਮੀਟਰ ਦੂਰ ਤੋਂ ਵੀ ਖਿੱਚ ਸਕੋਂਗੇ 3ਡੀ ਤਸਵੀਰਾਂ

ਵਿਗਿਆਨਕਾਂ ਨੇ ਲੇਜਰ ਪਾਵਰ ਤੋਂ ਲੈੱਸ ਇਕ ਅਜਿਹਾ ਕੈਮਰਾ ਸਿਸਟਮ ਤਿਆਰ ਕੀਤਾ ਹੈ, ਜੋ ਇੱਕ ਕਿਲੋਮੀਟਰ ਤੱਕ ਦੀ ਦੂਰੀ ਤੋਂ ਹਾਈ ਰੇਜਲਯੂਸ਼ਨ 3ਡੀ ਤਸਵੀਰਾਂ ਖਿੱਚ ਸਕਦੇ ਹਾਂ। ਆਮ ਤੌਰ 'ਤੇ ਇਕ ਆਮ ਕੈਮਰਾ ਸਿਰਫ਼ 2ਡੀ ਤਸਵੀਰਾਂ ਹੀ ਖਿੱਚ ਸਕਦਾ ਹੈ।

**ਕਿਵੇਂ ਖਿੱਚੀਆਂ ਜਾਣਗੀਆਂ ਤਸਵੀਰਾਂ :** ਜਿਸ ਆਬਜੈਕਟ ਦੀ ਤਸਵੀਰ ਖਿੱਚੀ ਜਾਣੀ ਹੈ ਉਸ ਨਾਲ ਜੁੜੀ 3ਡੀ ਜਾਣਕਾਰੀ ਹਾਸਿਲ ਕਰਨ ਦੇ ਲਈ ਸਾਇੰਟਿਸਟ ਲੇਜਰ ਬੀਮ ਦਾ ਇਸਤੇਮਾਲ ਕਰਨਗੇ। ਇਹ 3ਡੀ ਜਾਣਕਾਰੀ ਕੁਝ ਵੀ ਹੋ ਸਕਦਾ ਹੈ। ਜਿਵੇਂ ਕਿ ਆਬਜੈਕਟ ਅਸਲ ਵਿੱਚ ਕਿੰਨੀ ਦੂਰੀ 'ਤੇ ਸਥਿਤ ਹੈ, ਇਸਦੀ ਜਾਣਕਾਰੀ ਪਾਉਣ ਦੇ ਲਈ ਲੇਜਰ ਬੀਮ ਨੂੰ ਆਬਜੈਕਟ 'ਤੇ ਪਾਕੇ ਬਾਉਂਸ ਕਰਾਇਆ ਜਾਵੇਗਾ। ਇਸ ਵਿੱਚ ਇਹ ਜਾਨਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਬੀਮ ਨੂੰ ਵਾਪਿਸ ਆਉਣ 'ਚ ਕਿੰਨਾ ਸਮਾਂ ਲੱਗਿਆ ? ਖੋਜ ਟੀਮ ਦੇ ਮੁੱਖ ਜੀਰਾਲਡ ਬੁਲਰ ਦਾ ਕਹਿਣਾ ਹੈ ਕਿ ਇਸ ਨਾਲ ਉਨ੍ਹਾਂ ਤਸਵੀਰਾਂ ਨੂੰ ਵੀ ਖਿੱਚਿਆ ਜਾ ਸਕੇਗਾ, ਜਿਨ੍ਹਾਂ ਨੂੰ ਪਹਿਲਾ ਖਿੱਚ ਸਕਣਾ ਕਾਫ਼ੀ ਮੁਸ਼ਕਿਲ ਹੁੰਦਾ ਸੀ।

**ਕਿੱਥੇ ਹੋਵੇਗਾ ਇਸਤੇਮਾਲ :** ਇਸ ਸਿਸਟਮ ਦਾ ਇਸਤੇਮਾਲ ਕਾਫੀ ਦੂਰੀ 'ਤੇ ਮੌਜੂਦ ਸਥਿਤ ਟਾਰਗੇਟ ਜਿਵੇਂ ਕਿ ਗੱਡੀਆਂ, ਇਨਸਾਨ ਆਦਿ ਦੀ ਮੈਪਿੰਗ ਵਿੱਚ ਕੀਤਾ ਜਾ ਸਕਦੀ ਹੈ। ਇਸਦੇ ਇਮੇਜ ਪ੍ਰੋਸੈਸਿੰਗ ਸਾਫ਼ਟਵੇਅਰ ਵਿੱਚ ਥੋੜ੍ਹੀ ਬਹੁਤ ਤਬਦੀਲੀ ਕਰਕੇ ਇਨ੍ਹਾਂ ਆਬਜੈਕਟਸ ਦੀ ਸਪੀਡ ਅਤੇ ਦਿਸ਼ਾ ਵੀ ਮਾਪੀ ਜਾ ਸਕਦੀ ਹੈ। ਖਾਸ ਗੱਲ ਇਹ ਹੈ ਕਿ ਤਕਨੀਕ ਵਿੱਚ ਇਸਤੇਮਾਲ ਹੋਣ ਵਾਲੀਆਂ ਲੇਜਰ ਕਿਰਨਾਂ ਕਿਸੇ ਵੀ ਵਾਤਾਵਰਣ ਵਿੱਚ ਮੂਵ ਕਰ ਸਕਦੀ ਹੈ ਅਤੇ ਧੁੱਪ ਜਾਂ ਲੋਅ ਲਾਇਟ ਦਾ ਇਸ 'ਤੇ ਕਈ ਪ੍ਰਭਾਵ ਨਹੀਂ ਪਵੇਗਾ।

**ਪੁਰਾਣੀਆਂ ਦਿੱਕਤਾਂ ਦੂਰ :** ਆਟੋਮੈਟਿਕ ਵੀਏਕਲਸ ਅਤੇ ਦੂਸਰੇ ਐਪਲੀਕੇਸ਼ਨ ਵਿੱਚ ਇਸਤੇਮਾਲ ਹੋਣ ਵਾਲੀ ਇਸ ਤਕਨੀਕ ਨੂੰ 'ਟਾਇਮ ਆਫ਼ ਫਲਾਈਟ ਨੇਵੀਗੇਸ਼ਨ ਸਿਸਟਮ' ਕਹਿੰਦੇ ਹਨ। ਹਾਲਾਂਕਿ, ਇਸ ਨਾਲ ਮਿਲਦੇ-ਜੁਲਦੇ ਬਹੁਤ ਸਾਰੇ ਸਿਸਟਮਾਂ ਦੀ ਰੇਂਜ ਫਿਲਹਾਲ ਬਹੁਤ ਘੱਟ ਹੈ ਅਤੇ ਇਹ ਉਨ੍ਹਾਂ ਆਬਜੈਕਟਸ ਦੀਆਂ ਤਸਵੀਰਾਂ ਲੈਣ ਵਿੱਚ ਸਮਰੱਥ ਨਹੀਂ ਹੈ, ਜੋ ਲੇਜਰ ਕਿਰਨਾਂ ਨੂੰ ਵਾਪਿਸ ਮੋੜ ਨਹੀਂ ਸਕਦੀਆਂ।

## * ਸਹੂਲੀਅਤ ਅਤੇ ਚਿੰਤਾ ਨਾਲ ਭਰਿਆ ਭਵਿੱਖ






ਸਵੇਰੇ ਫੁੱਟਬਾਲ ਖੇਡਣ ਦਾ ਮਨ ਹੋਵੇ ਤਾਂ ਬੈਡਰੂਮ ਵਿੱਚ ਖੇਡ ਲਓ। ਘਰ ਵਿੱਚ ਮਸ਼ੀਨਾਂ ਦੱਸ ਦੇਣਗੀਆਂ ਕਿ ਤੁਹਾਨੂੰ ਮੌਸਮ ਦੇ ਹਿਸਾਬ ਨਾਲ ਕਿਹੋ ਜਿਹੇ ਪਾਨੀ ਨਾਲ ਨਹਾਉਣਾ ਚਾਹੀਦਾ ਹੈ। ਨੈਨੋਫਾਈਬਰ ਨਾਲ ਬਣੇ ਖਾਸ ਕੱਪੜਿਆਂ ਨੂੰ ਠੰਡ ਜਾਂ ਗਰਮੀ ਤੋਂ ਬਚਾਉਣਗੇ। ਤਕਨੀਕ ਭਵਿੱਖ ਨੂੰ ਕੁਝ ਅਜਿਹਾ ਹੀ ਬਣਾਉਣਾ ਚਾਹ ਰਹੀ ਹੈ।

ਐਨਾ ਕਰਨ ਦੇ ਬਾਅਦ ਤੁਸੀਂ ਤਿਆਰ ਹੋ ਕੇ ਆਪ ਆਪਣੀ ਖਾਸ ਈ ਕਾਰ ਵਿੱਚ ਵਾਤਾਵਰਣ ਦਾ ਖਿਆਲ ਰੱਖਦੇ ਹੋਏ ਦਫ਼ਤਰ ਪਹੁੰਚੋਗੇ। ਜੇਕਰ ਬੌਸ ਬਹੁਤ ਪ੍ਰਗਤੀਸ਼ੀਲ ਹੈ, ਤਾਂ ਸ਼ਾਇਦ ਤੁਹਾਨੂੰ ਦਫ਼ਤਰ ਜਾਣ ਦੀ ਵੀ ਜ਼ਰੂਰਤ ਨਾ ਪਵੇ। ਘਰ 'ਚ ਇੰਟਰਨੈਟ ਦੇ ਜ਼ਰੀਏ ਤੁਸੀਂ ਕੰਮ ਕਰ ਸਕੋਗੇ। ਜਦੋਂ ਕਦੇ ਮੂਰਤੀ ਬਣਾਉਣ ਦਾ ਮਨ ਕਰੇ ਤਾਂ ਤੁਸੀਂ 3ਡੀ ਪ੍ਰਿੰਟਰ ਦੀ ਮਦਦ ਨਾਲ ਉਨ੍ਹਾਂ ਦੀਆਂ ਮੂਰਤੀਆਂ ਪ੍ਰਿੰਟ ਕਰ ਸਕੋਗੇ।

ਜੇਕਰ ਹਨੋਵਰ ਮੇਲੇ ਵਿੱਚ ਜਮ੍ਹਾਂ ਹੋਏ ਵਿਗਿਆਨਕਾਂ ਅਤੇ ਕਾਰੋਬਾਰੀਆਂ ਦੀ ਗੱਲ ਸੁਣੀ ਜਾਵੇ ਤਾਂ ਸ਼ਾਇਦ ਭਵਿੱਖ ਅਜਿਹਾ ਹੀ ਹੋਵੇਗਾ। ਨਵੇਂ ਮੌਕਿਆਂ ਅਤੇ ਸ਼ਹਿਰੀ ਪ੍ਰਬੰਧ ਦੇ ਨਵੇਂ ਤਰੀਕਿਆਂ ਨਾਲ ਇਹ ਸਭ ਹੌਲੀ ਹੌਲੀ ਸੰਭਵ ਹੋ ਰਿਹਾ ਹੈ।

ਮਿਸਾਲ ਦੇ ਤੌਰ 'ਤੇ ਸਮਾਰਟ ਸਿਟੀਜ ਪ੍ਰੋਜੈਕਟ ਚਲਾ ਰਹੀ ਕੰਪਨੀ ਇਨਵੇਂਸਿਸ। ਇਨਵੇਂਸਿਸ ਵਿੱਚ ਬਿਜਨੈਸ ਡਿਵੈਲਪਮੈਂਟ ਦਾ ਕੰਮ ਕਰ ਰਹੇ ਗੈਰੋ ਕੂਰਾ ਕਹਿੰਦੇ ਹਨ, "ਸਮਾਰਟ ਸਿਟੀਜ ਪ੍ਰੋਜੈਕਟ ਦੇ ਤਹਿਤ ਸ਼ਹਿਰਾਂ ਨੂੰ ਹੁਸ਼ਿਆਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।"

ਇੰਟੈਲੀਜੈਂਟ ਯਾਨੀ ਬੁੱਧੀਮਾਨ, ਮਤਲਬ ਅਜਿਹੇ ਸ਼ਹਿਰਾਂ ਤੋਂ ਹਨ ਜਿਥੇ ਊਰਜਾ ਦੀ ਖਪਤ ਘੱਟ ਹੈ। ਕੂਰਾ ਕਹਿੰਦੇ ਹਨ ਕਿ ਦੁਨੀਆ ਭਰ ਵਿਚ 70 ਪ੍ਰਤੀਸ਼ਤ ਊਰਜਾ ਇਮਾਰਤਾਂ ਵਿੱਚ ਖਰਚ ਹੁੰਦੀ ਹੈ। ਇਸਦਾ ਵੱਡਾ ਹਿੱਸਾ ਸਪਲਾਈ ਦੇ ਦੌਰਾਨ ਖੋ ਜਾਂਦਾ




ਹੈ। ਇਨਵੇਂਸਿਸ ਕੁਝ ਅਜਿਹੇ ਸਾਫਟਵੇਅਰ ਬਣਾਉਂਦੀ ਹੈ ਜਿਸ ਨਾਲ ਇਮਾਰਤਾਂ ਵਿੱਚ ਖਰਚ ਕੀਤੀ ਜਾਣ ਵਾਲੀ ਊਰਜਾ ਯਾਨੀ ਬਿਜਲੀ, ਪਾਣੀ ਅਤੇ ਹੀਟਿੰਗ ਨੂੰ ਮਾਪਿਆ ਜਾ ਸਕੇ। ਇਸ ਨਾਲ ਪਤਾ ਚੱਲੇਗਾ ਕਿ ਕਿਸ ਜਗ੍ਹਾ ਕਿੰਨੀ ਊਰਜਾ ਖਰਚ ਹੋਈ ਹੈ। ਕੂਰਾ ਕਹਿੰਦੇ ਹਨ ਕਿ ਕੇਵਲ ਐਨਾ ਕਰਕੇ ਤੁਸੀਂ ਆਪਣੇ ਘਰ ਵਿੱਚ ਊਰਜਾ ਦੀ ਖਪਤ ਨੂੰ 10 ਫੀਸਦੀ ਘੱਟ ਕਰ ਸਕਦੇ ਹੋ। ਕੂਰਾ ਬ੍ਰੇਸਨ ਸ਼ਹਿਰ ਦੀ ਮਿਸਾਲ ਦਿੰਦੇ ਹਨ ਜਿੱਥੇ ਊਰਜਾ ਮਾਪਣ ਦੀ ਸਾਫ਼ਟਵੇਅਰ ਦੀ ਵਜ੍ਹਾ ਨਾਲ ਸਾਲਾਨਾ 10 ਪ੍ਰਤੀਸ਼ਤ ਊਰਜਾ ਬਚਾਈ ਜਾ ਰਹੀ ਹੈ।

**ਨੈਟਵਰਕ ਵਿੱਚ ਸ਼ਹਿਰ** : ਮੇਲੇ ਵਿੱਚ ਭਵਿੱਖ ਦੇ ਸ਼ਹਿਰਾਂ ਦੇ ਲਈ ਸਾਂਝੇ ਮੈਨੇਜਮੈਂਟ ਦੀ ਗੱਲ ਕੀਤੀ ਜਾ ਰਹੀ ਹੈ। ਯਾਨੀ ਹਰ ਇਮਾਰਤ ਦੂਸਰੀ ਇਮਾਰਤ ਨਾਲ ਇੱਕ ਨੈਟਵਰਕ ਦੇ ਜ਼ਰੀਏ ਜੁੜੀ ਹੋਵੇਗੀ। ਊਰਜਾ ਅਤੇ ਪਾਣੀ ਸਪਲਾਈ ਦੇ ਨੈਟਵਰਕ ਮਿਲਕੇ ਕੰਮ ਕਰਨਗੇ। ਇਹ ਹੀ ਨਹੀਂ, ਸ਼ਹਿਰ ਦੀ ਯਾਤਰਾ ਵੀ ਇਸ ਤਰ੍ਹਾਂ ਦੇ ਨੈਟਵਰਕ ਵਿੱਚ ਸ਼ਾਮਿਲ ਹੋਵੇਗੀ ਤਾਂਕਿ ਯਾਤਰੀ ਘੱਟ ਤੋਂ ਘੱਟ ਸਮੇਂ ਵਿੱਚ ਆਪਣੀ ਮੰਜ਼ਿਲ ਤੱਕ ਪਹੁੰਚ ਸਕੇ। ਸ਼ਹਿਰ ਕਾਰਬਨ ਡਾਇਆਕਸਾਈਡ ਦੇ ਵਾਧੇ ਨੂੰ ਵੀ ਕਾਬੂ ਵਿੱਚ ਰੱਖਣ ਸਕਣਗੇ। ਰੂਸੀ ਕੰਪਨੀ ਆਰਵੇਲ ਆਰ ਇਸ ਕੰਮ ਦੇ ਲਈ ਖਾਸ ਰਡਾਰ ਸਿਸਟਮ ਬਣਾਉਂਦੀ ਹੈ ਜੋ ਸੜਕਾਂ ’ਤੇ ਨਜ਼ਰ ਰੱਖਦੀ ਹੈ ਅਤੇ ਯਾਤਰੀਆਂ ਨੂੰ ਸੁਰੱਖਿਅਤ ਬਣਾਉਂਦਾ ਹੈ।

ਟ੍ਰੇਨ ਅਤੇ ਮੈਟਰੋ ਦੇ ਇਲਾਵਾ ਅਜਿਹੀਆਂ ਕਾਰਾਂ ਅਤੇ ਮੋਟਰ ਸਾਈਕਲਾਂ ਵੀ ਬਣ ਰਹੀਆਂ ਹਨ ਜਿਨ੍ਹਾਂ ਵਿੱਚ ਊਰਜਾ ਦੀ ਖੱਪਤ ਘੱਟ ਤੋਂ ਘੱਟ ਹੋਵੇ। ਮਿਸਾਲ ਦੇ ਤੌਰ ’ਤੇ ਜਰਮਨ ਕੰਪਨੀ ਜੋਜ ਦੀ ਇਲੈਕਟ੍ਰੋ ਰੋਲਰ, ਗੱਡੀ ਹਾਈਡ੍ਰੋਜਨ ਨਾਲ ਚਲਦੀ ਹੈ। ਜਰਮਨੀ ਵਿੱਚ ਇਸ ਕੰਪਨੀ ਨੇ ਸੈਂਕੜਿਆਂ ਮਾਡਲ ਵੇਚੇ ਹਨ। ਕਾਰ ਕੰਪਨੀ ਸਿਟ੍ਰੋਐਨ ਵੀ ਬਿਜਲੀ ਨਾਲ ਚੱਲਣ ਵਾਲੀ ਆਪਣੀ ਗੱਡੀ ਜੀਰੋ ਜੀ ਪੇਸ਼ ਕਰ ਰਹੀ ਹੈ। ਹਨੋਵਰ ਮੇਲੇ ਵਿੱਚ ਇਨ੍ਹਾਂ ਕਾਰਾਂ ਦਾ ਇਸਤੇਮਾਲ ਕੀਤਾ ਗਿਆ ਅਤੇ ਮੇਲੇ ਵਿੱਚ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਤੱਕ ਜਾਣ ਵਿੱਚ ਮਹਿਮਾਨਾਂ ਨੂੰ ਮਦਦ ਮਿਲੀ।

**ਘਰ ਤੋਂ ਸਭ ਕੁਝ** : ਪਰ ਹੋ ਸਕਦਾ ਹੈ ਕਿ ਭਵਿੱਖ ਵਿੱਚ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣ ਦੀ ਜ਼ਰੂਰਤ ਹੀ ਨਹੀਂ ਪਵੇ। ਜਰਮਨ ਸਾਫਟਵੇਅਰ ਕੰਪਨੀ ਐਸਏਪੀ ਨੇ ਭਵਿੱਖ ਦੀ ਦੁਕਾਨ ਦੀ ਇੱਕ ਤਸਵੀਰ ਪ੍ਰਦਰਸ਼ਨੀ ਵਿੱਚ ਪੇਸ਼ ਕੀਤੀ। ਇਹ ਮੋਬਾਇਲ ਪ੍ਰੋਗਰਾਮ ਹੋਣਗੇ ਜਿਨ੍ਹਾਂ ਦੇ ਜ਼ਰੀਏ ਗਾਹਕ ਸਮਾਨ ਮੰਗਵਾ ਵੀ ਸਕਣਗੇ ਅਤੇ ਅਸਲੀ ਦੁਕਾਨ ਦੀ ਤਰ੍ਹਾਂ ਆਪਣੇ ਪਸੰਦੀ ਦੀਆਂ ਚੀਜ਼ਾਂ ਚੁਣ ਵੀ ਸਕਣਗੇ। ਉਨ੍ਹਾਂ ਨੂੰ ਇਨ੍ਹਾਂ ਚੀਜ਼ਾਂ ਦੇ ਬਾਰਕੋਡ ਵੀ ਪ੍ਰੋਗਰਾਮ ਵਿੱਚ ਮਿਲ ਜਾਣਗੇ। ਫਿਰ ਇਹ ਜਾਂ ਤਾਂ ਦੁਕਾਨ ’ਤੇ ਜਾਕੇ ਆਪਣੇ ਫੋਨ ਨਾਲ ਪੈਸੇ ਦੇਕੇ ਸਾਮਾਨ ਲਿਆ ਸਕੇਗਾ ਜਾਂ ਫਿਰ ਇਨ੍ਹਾਂ ਨੂੰ ਉਨ੍ਹਾਂ ਦੇ ਘਰ ਤੱਕ ਪਹੁੰਚਾ ਦਿੱਤਾ ਜਾਵੇਗਾ।

ਨਵੀਂ ਤਕਨੀਕ ਦੇ ਜ਼ਰੀਏ ਸਕੈਨਮੋਸ਼ਨ ਵਰਗੀਆਂ ਕੰਪਨੀਆਂ ਲੋਕਾਂ ਦੀਆਂ ਮੂਰਤੀਆਂ ਤੱਕ ਬਣਾਉਣ ਵਿੱਚ ਸਫ਼ਲ ਹੋ ਗਈਆਂ ਹਨ। ਜੇਕਰ ਕੋਈ ਅਜਿਹਾ ਵਿਅਕਤੀ ਦਿਸੇ ਜਿਸ ਨੂੰ ਪਹਿਚਾਣ ਨਾ ਸਕੇ, ਤਾਂ ਐਸੈਫਸ ਸੋਲਯੂਸ਼ੰਸ ਆਪਣੇ ਸਾਫਟਵੇਅਰ ਨਾਲ ਇਹ ਸਮੱਸਿਆ ਵੀ ਸੁਲਝਾ ਸਕਦਾ ਹੈ। ਇਹ ਸਾਫਟਵੇਅਰ ਹਰ ਉਸ ਚਿਹਰੇ ਨੂੰ ਪਹਿਚਾਣ ਸਕਦਾ ਹੈ ਜੋ ਵਿਅਕਤੀ ਇੰਟਰਨੈਟ ’ਤੇ ਹੋਵੇ। ਇਹ ਹੀ ਨਹੀਂ, ਦਿਲ ਦੇ ਦੌਰੇ ਦੇ ਬਾਅਦ ਦਿਲ ਦੇ ਲਈ ਮਾਸ ਪੇਸ਼ੀਆਂ ਦੇ ਲਈ ਖਾਸ ਪੁਰਜੇ ਬਣਾਏ ਜਾ ਰਹੇ ਹਨ। ਚਮੜੀ ਦੀ ਬਿਮਾਰੀ ਵਿੱਚ ਪਰਾਬੈਂਗਨੀ ਕਿਰਨਾਂ ਤੋਂ ਹੋਣ ਵਾਲੇ ਇਲਾਜ ਨੂੰ ਸੀਮਿਤ ਕੀਤਾ ਜਾ ਰਿਹਾ ਹੈ ਤਾਂਕਿ ਮਰੀਜ਼ ਨੂੰ ਚਮੜੀ ਕੈਂਸਰ ਨਾ ਹੋਵੇ, ਅੱਖਾਂ ਅਤੇ ਕੰਨ ਦੇ ਲਈ ਨਕਲੀ ਪੁਰਜੇ ਤਾਂ ਹੁਣ ਤੋਂ ਮਿਲਣ ਲੱਗੇ ਹਨ।

**ਵਿਕਾਸ ਦੀ ਕੀਮਤ** : ਜੇਕਰ ਭਵਿੱਖ ਸੱਚਮੁੱਚ ਐਨਾ ਨਿਯਮਿਤ ਅਤੇ ਬਿਨਾਂ ਪਰੇਸ਼ਾਨੀ ਦਾ ਹੋਵੇ, ਤਾਂ ਕੀ ਗੱਲ ਹੈ। ਪਰ ਕਈ ਚਿੰਤਾਵਾਂ ਵੀ ਹਨ। ਤਕਨੀਕੀ ਰਸਤਾ ਜੇਕਰ ਸਾਡੀ ਜ਼ਿੰਦਗੀ ਨੂੰ ਸਹੂਲੀਅਤ ਨਾਲ ਭਰ ਤਾਂ ਰਿਹਾ ਹੈ, ਨਾਲ ਹੀ ਇਨਸਾਨ ਨੂੰ ਆਲਸੀ ਅਤੇ ਮਾਨਸਿਕ ਰੂਪ ਤੋਂ ਨਿਕੰਮਾ ਵੀ ਬਣਾ ਰਿਹਾ ਹੈ।

ਜੇਕਰ ਇੰਟਰਨੈਟ ਵਿੱਚ ਹਰ ਵਿਅਕਤੀ ਦੀ ਪਹਿਚਾਣ ਹੋਵੇ, ਤਾਂ ਉਸਦਾ ਨਿੱਜੀ ਜੀਵਨ ਸਰਵਜਨਕ ਹੋ ਜਾਵੇਗਾ। ਜੇਕਰ ਸ਼ਹਿਰੀ ਯਾਤਰਾ ਅਤੇ ਪ੍ਰਸ਼ਾਸਨ ਇੱਕ ਨੈਟਵਰਕ ਵਿੱਚ ਸ਼ਾਮਿਲ ਹੋਵੇ, ਤਾਂ ਉਸਦੀ ਸੁਰੱਖਿਆ ’ਤੇ ਸਵਾਲ ਉਠੇਗਾ। ਜੇਕਰ ਊਰਜਾ ਦੀ ਖਪਤ ਨੂੰ ਸੱਚ ਵਿੱਚ ਘੱਟ ਕਰਨਾ ਹੈ, ਤਾਂ ਮੁੱਲ ਘੱਟ ਕਰਨੇ ਹੋਣਗੇ ਅਤੇ ਨਵੀਨੀਕ੍ਰਿਤ ਊਰਜਾ ਦੇ ਸਰੋਤਾਂ ਨੂੰ ਟਿਕਾਊ ਬਣਾਉਣਾ ਹੋਵੇਗਾ।

## * ਇਨ੍ਹਾਂ ਦਸਤਾਨਿਆਂ ਨੂੰ ਪਹਿਨੋ ਅਤੇ ਹਵਾ ਵਿੱਚ ਲਿਖੋ

ਸਿਰਫ਼ ਹਵਾ ਵਿੱਚ ਉਂਗਲੀਆਂ ਘੁਮਾਓ ਅਤੇ ਤੁਹਾਡੀਆਂ ਗੱਲਾਂ ਐਸਐਮਐਸ ਜਾਂ ਈਮੇਲ ਦੇ ਰੂਪ ਵਿੱਚ ਟਾਇਪ ਹੋ ਜਾਵੇ ਤਾਂ ਫੋਨ ਦੇ ਕੀਪੈਡ ਨਾਲ ਕੌਣ ਜੂਝਣਾ ਚਾਹੇਗਾ। ਖੋਜੀਆਂ ਨੇ ਅਜਿਹੇ ਹੀ ਦਸਤਾਨੇ ਬਣਾਏ ਹਨ ਜਿਨ੍ਹਾਂ ਵਿੱਚ ‘ਹਵਾ ਵਿੱਚ ਲਿਖਣ’ ਦੀ ਇੱਕਦਮ ਨਵੀਂ ਤਕਨੀਕ ਦਾ ਇਸਤੇਮਾਲ ਕੀਤਾ ਹੋਇਆ ਹੈ। ਇਨ੍ਹਾਂ ਨੂੰ ਪਹਿਨਦੇ ਹੀ ਜਦੋਂ ਤੁਸੀਂ ਹਵਾ ਵਿੱਚ ਹੱਥ ਨਾਲ ਕੁਝ ਅੱਖਰ ਬਣਾਉਂਦੇ ਹੋ ਤਾਂ ਦਸਤਾਨੇ ਵਿੱਚ ਲੱਗਿਆ ਸਿਸਟਮ ਉਨ੍ਹਾਂ ਅੱਖਰਾਂ ਦੀ ਪਹਿਚਾਣ ਕਰ ਲੈਂਦਾ ਹੈ। ਇਸਦੇ ਬਾਅਦ ਇਹ ਅੱਖਰ ਡਿਜੀਟਲ ਟੈਕਸਟ ਵਿੱਚ ਤਬਦੀਲ ਹੋ ਜਾਂਦੇ ਹਨ ਅਤੇ ਇਨ੍ਹਾਂ ਨੂੰ ਈਮੇਲ, ਟੈਕਸਟ ਮੈਸੇਜ ਜਾਂ ਕਿਸੇ ਦੂਸਰੀ ਮੋਬਾਇਲ ਐਪਲੀਕੇਸ਼ਨ ਦੇ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ‘ਗਿਜਮੈਗ’ ਦੀ ਰਿਪੋਰਟ ਦੇ ਮੁਤਾਬਿਕ, ਇਨ੍ਹਾਂ ਦਸਤਾਨਿਆਂ ਨੂੰ ਜਰਮਨੀ ਦੇ ਕਾਲਰਸਰੂਹ ਇਨਸੀਚਿਊਟ ਆਫ਼ ਟੈਕਨਾਲੋਜੀ ਦੇ ਕੰਪਿਊਟਰ ਸਾਇੰਟਿਸਟ ਨੇ ਡਿਵੈਲਪ ਕੀਤਾ ਹੈ। ਹੱਥਾਂ ਦੀ ਮੂਵਮੈਂਟ ਪਹਿਚਾਨਣ ਦੇ ਲਈ ਇਸ ਵਿੱਚ ਐਸਿਲੀਰੋਮੀਟਰ ਅਤੇ ਗਾਯਰੋਸਕੋਪਸ ਲੱਗੇ ਹੁੰਦੇ ਹਨ। ਇਹ ਦਸਤਾਨੇ ਕਰੀਬ 8,000 ਸ਼ਬਦਾਂ ਅਤੇ ਕਈ ਵਾਕਾਂ ਦੀ ਪਹਿਚਾਣ ਕਰ ਸਕਦੇ ਹਨ।

# ਛੱਡੋ ਕੱਲ੍ਹ ਦੀਆਂ ਗੱਲਾਂ

ਪੁਰਾਣੇ ਅਤੇ ਨਵੇਂ ਜ਼ਮਾਨੇ ਦੇ ਵਿੱਚ ਤੁਲਨਾ ਕਰਨ ਦੀ ਬਜਾਏ ਬਜ਼ੁਰਗ ਜੇਕਰ ਸਮਾਜ ਅਤੇ ਜੀਨਸ਼ੈਲੀ ਵਿੱਚ ਤਬਦੀਲੀ ਦੇ ਸਕਾਰਾਤਮਕ ਪਹਿਲੂ ਨੂੰ ਦੇਖਣ ਤਾਂ ਇਹ ਜ਼ਮਾਨਾ ਵੀ ਉਹਨਾਂ ਨੂੰ ਆਪਣਾ ਹੀ ਨਜ਼ਰ ਆਵੇਗਾ।

"ਸਾਡੇ ਜ਼ਮਾਨੇ ਵਿੱਚ ਬਹੂਆਂ ਆਪਣੇ ਵੱਡੇ ਬਜ਼ੁਰਗਾਂ ਨਾਲ ਘੁੰਡ ਚੁੱਕਕੇ ਗੱਲ ਨਹੀਂ ਕਰਦੀਆਂ ਸਨ। ਉਸ ਜ਼ਮਾਨੇ ਵਿੱਚ 'ਇਹ' ਰਾਤ ਹੋਣ ਤਕ ਮੇਰਾ ਮੂੰਹ ਨਹੀਂ ਦੇਖ ਪਾਂਦੇ ਸਨ। ਅੱਜਕੱਲ ਤਾਂ ਬਹੂਆਂ ਵਿੱਚ ਪਰਦੇ ਦਾ ਰਿਵਾਜ਼ ਹੀ ਉੱਠ ਗਿਆ ਹੈ। ਨਵੇਂ ਲੜਕੇ ਲੜਕੀਆਂ ਨੂੰ ਨਾ ਤਾਂ ਚਾਲ-ਚਲਨ ਸੰਬੰਧੀ ਗੁਣਾਂ ਦੀ ਪਰਵਾਹ ਹੈ ਨਾ ਉਹ ਵੱਡੇ ਬਜ਼ੁਰਗਾਂ ਦਾ ਆਦਰ ਕਰਨਾ ਜਾਣਦੇ ਹਨ।" ਨਵੀਂ-ਨਵੀਂ ਵਿਆਹ ਕੇ ਸਹੁਰੇ ਘਰ ਆਈ ਅਰਚਨਾ ਨੂੰ ਉਸ ਦੀ ਸੱਸ ਆਪਣੇ ਜ਼ਮਾਨੇ ਅਤੇ ਅੱਜ ਦੇ ਜ਼ਮਾਨੇ ਵਿੱਚ ਫ਼ਰਕ ਸਮਝਾ ਰਹੀ ਸੀ।

ਅਰਚਨਾ ਦੀ ਸੱਸ ਹੀ ਕਿਉਂ ਤੁਸੀਂ ਕਿਸੇ ਵੀ ਬਜ਼ੁਰਗ ਵਿਅਕਤੀ ਨਾਲ ਗੱਲਬਾਤ ਸ਼ੁਰੂ ਕਰੋ, ਉਹ ਥੋੜ੍ਹੀ ਦੇਰ ਵਿੱਚ ਗੱਲਬਾਤ ਨੂੰ ਉਸ ਮੰਜ਼ਲ ਉੱਤੇ ਲੈ ਜਾਣਗੇ ਜਿਥੇ ਪੁਰਾਣੇ ਅਤੇ ਨਵੇਂ ਦੀ ਤੁਲਨਾ ਸ਼ੁਰੂ ਹੋ ਜਾਵੇਗੀ। ਇਸ ਤੁਲਨਾ ਵਿੱਚ ਇਹ ਬਜ਼ੁਰਗ ਤਰਕ ਨੂੰ ਤਾਕ ਉੱਪਰ ਰੱਖ ਕੇ ਆਪਣੇ ਜ਼ਮਾਨੇ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਣੇ ਸ਼ੁਰੂ ਕਰ ਦੇਣਗੇ ਅਤੇ ਅੱਜ ਦੇ ਜ਼ਮਾਨੇ ਨੂੰ ਮਾੜਾ-ਚੰਗਾ ਕਹਿਣ ਲੱਗਣਗੇ ਇਹਨਾਂ ਲੋਕਾਂ ਨੂੰ ਆਪਣੇ ਜ਼ਮਾਨੇ ਦੇ ਰੀਤੀਰਿਵਾਜ਼, ਸੰਸਕਾਰ, ਕੰਮ ਦੇ ਢੰਗ ਤਰੀਕੇ, ਸਮਾਜਿਕ ਪ੍ਰਬੰਧ ਸਮੇਤ ਹਰ ਚੀਜ਼ ਅਤੇ ਹਰ ਗੱਲ ਅੱਜ ਦੇ ਮੁਕਾਬਲੇ ਬਿਹਤਰ ਨਜ਼ਰ ਆਉਂਦੀ ਹੈ।

ਇਹਨਾਂ ਲੋਕਾਂ ਨੂੰ ਨਾ ਤਾਂ ਅੱਜਕੱਲ ਦੇ ਨੌਜਵਾਨਾਂ ਦਾ ਚਾਲ ਚਲਨ ਚੰਗਾ ਲਗਦਾ ਹੈ ਨਾ ਗੱਲ ਕਰਨ ਦਾ ਢੰਗ। ਉਨ੍ਹਾਂ ਨੂੰ ਨੌਜਵਾਨਾਂ ਦੇ ਸ਼ੌਕ ਵਿਵਹਾਰ, ਕੰਮਕਾਜ ਖਾਣਪਾਣ ਦੇ ਤਰੀਕੇ ਆਦਿ ਸਭਨਾਂ ਵਿੱਚ ਕਮੀਆਂ ਦਿੱਸਦੀਆਂ ਹਨ। ਕਿਸੀ ਘਰ ਵਿੱਚ ਬਹੂ ਨੌਕਰੀ ਕਰਦੀ ਹੋਵੇ ਅਤੇ ਕਿਸੇ ਦਿਨ ਘਰ ਵਾਪਸੀ ਵਿੱਚ ਦੇਰ ਹੋ ਜਾਵੇ ਤਾਂ ਉਸਨੂੰ ਤਰ੍ਹਾਂ-ਤਰ੍ਹਾਂ ਦੇ ਮਿਹਣੇ ਤਾਹਨੇ ਸੁਣਨੇ ਪੈਂਦੇ ਹਨ ਜਿਵੇਂ :

**ਮੂਲ ਲੇਖ ਅਲੋਕ ਖਟੇੜ**

'ਸਾਡੇ ਜ਼ਮਾਨੇ ਵਿੱਚ ਸ਼ਾਮ ਢਲਨ ਦੇ ਬਾਅਦ ਬਹੂ ਦਾ ਘਰ ਤੋਂ ਬਾਹਰ ਰਹਿਣਾ ਘਰ ਦੀ ਇੱਜ਼ਤ ਦੇ ਵਿਰੁੱਧ ਮੰਨਿਆਂ ਜਾਂਦਾ ਸੀ। ਪਰੰਤੂ ਅੱਜਕੱਲ੍ਹ ਨਵੇਂ ਜਮਾਨੇ ਦੀਆਂ ਬਹੂਆਂ ਘਰ ਦੀ ਮਰਿਆਦਾ ਅਤੇ ਇੱਜ਼ਤ ਨੂੰ ਕੀ ਸਮਝਣ' ਜਾਂ ਫੇਰ 'ਸਾਡੇ ਜ਼ਮਾਨੇ ਵਿੱਚ ਇਸਤਰੀਆਂ ਘਰ ਤੋਂ ਬਾਹਰ ਨਿਕਲ ਕੇ ਆਪਣੇ ਪਰਿਵਾਰ ਦੀ ਨੱਕ ਨਹੀਂ ਕੱਟਵਾਉਂਦੀਆਂ ਸਨ।'

ਅਜਿਹੀਆਂ ਗੱਲਾਂ ਕਰਦੇ ਸਮੇਂ ਇਹ ਬਜ਼ੁਰਗ ਇਹ ਨਹੀਂ ਸਮਝਦੇ ਕਿ ਉਸ ਜ਼ਮਾਨੇ ਵਿੱਚ ਪਰਿਵਾਰਾਂ ਦੀਆਂ ਜ਼ਰੂਰਤਾਂ ਵੀ ਤਾਂ ਸੀਮਤ ਹੁੰਦੀਆਂ ਸਨ ਅਤੇ ਅੱਜ ਉਹਨਾਂ ਦੀਆਂ ਲੋੜਾਂ ਪਹਿਲਾਂ ਤੋਂ ਦਸਗੁਣੀ ਵੱਧ ਹੋ ਚੁੱਕੀਆਂ ਹਨ। ਉਹ ਇਹ ਕਿਉਂ ਨਹੀਂ ਸਮਝਦੇ ਕਿ ਕੰਮਕਾਜੀ ਬਹੂਆਂ ਮਿਹਨਤ ਕਰ ਕੇ ਘਰ ਦੇ ਆਰਥਿਕ ਢਾਂਚੇ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

**ਸਿੱਕੇ ਦਾ ਦੂਜਾ ਪੱਖ :-** ਬਜ਼ੁਰਗ ਅੱਜ ਜਿਸ ਆਚਰਣ ਵਿਗਾੜ ਦੀ ਗੱਲ ਕਰਦੇ ਹਨ ਉਹ ਸਾਡਾ ਸਭਿਆਚਾਰ ਵਿਰਾਸਤ ਰਿਹਾ ਹੈ। ਸਾਡੇ ਸ਼ਾਸਤਰ ਛਲਕਪਟ ਅਤੇ ਲਿੰਗਕ ਦੁਰਾਚਾਰ ਦੇ ਪ੍ਰਸੰਗਾਂ ਨਾਲ ਭਰੇ ਪਏ ਹਨ। ਸਾਡੇ ਧਰਮਸ਼ਾਸਤਰਾਂ ਵਿੱਚ ਵੀ ਭੋਗ ਦੀ ਚਾਹਨਾ ਅਤੇ ਧੋਖੇਬਾਜ਼ੀ ਦੇ ਬਹੁਤ ਸਾਰੇ ਪ੍ਰਸੰਗ ਆਉਂਦੇ ਹਨ। ਅੱਜ ਕੱਲ੍ਹ ਫਿਲਮਾਂ ਅਤੇ ਟੈਲੀਵਿਜ਼ਨ ਦੇ ਸੀਰੀਅਲਾਂ ਵਿੱਚ ਵੱਧ ਰਹੀ ਅਸ਼ਲੀਲਤਾ ਦੀ ਨਿੰਦਾ ਕਰਨ ਵਾਲੇ ਉਮਰ ਵਿੱਚ ਵਡੇਰੇ ਸਾਡੇ ਮੰਦਰਾਂ ਵਿੱਚ ਰੱਖੀਆਂ ਉਹਨਾਂ ਅਸ਼ਲੀਲ ਮੂਰਤੀਆਂ ਨੂੰ ਭੁੱਲ ਕਿਉਂ ਜਾਂਦੇ ਹਨ ਜਿਹਨਾਂ ਨੂੰ ਅਸੀਂ ਆਪਣੀ ਧਾਰਮਿਕ ਅਤੇ ਸਭਿਆਚਾਰਕ ਅਮਾਨਤ ਮੰਨਦੇ ਹਾਂ।

ਬਜ਼ੁਰਗ ਜੇਕਰ ਇਤਿਹਾਸ ਦੇ ਪੰਨੇ ਉਲਟਾ ਕੇ ਦੇਖਣ ਤਾਂ ਉਹਨਾਂ ਨੂੰ ਆਪ ਹੀ ਪਤਾ ਚਲ ਜਾਵੇਗਾ ਕਿ ਜਿਸ 'ਆਪਣੇ ਸਮੇਂ' ਨੂੰ ਉਹ ਸਰਵਣ ਯੁੱਗ ਦੀ ਸੰਗਿਆ ਦਿੰਦੇ ਹਨ ਉਸ ਯੁੱਗ ਦੇ ਲੋਕਾਂ ਦਾ ਚਰਿੱਤਰ ਪੱਧਰ ਕਿੰਨਾ ਨਫ਼ਰਤ ਪੈਦਾ ਕਰਨ ਵਾਲਾ। ਘਿਰਣਤ ਅਤੇ ਵਿੱਭਚਾਰ ਨਾਲ ਭਰਿਆ ਹੋਇਆ ਸੀ। ਉਸ ਜ਼ਮਾਨੇ ਵਿੱਚ ਇਸਤਰੀਆਂ ਉੱਤੇ ਇੱਕ ਪਾਸੇ ਤਾਂ ਘੁੰਡ ਨਾਲ ਚਿਹਰਾ ਢਕਣਾ ਜ਼ਰੂਰੀ ਹੁੰਦਾ, ਬਾਹਰ ਨਿਕਲਣ ਤੱਕ ਪਾਬੰਦੀ ਸੀ। ਉਥੇ ਹੀ ਦੂਜੇ ਪਾਸੇ ਉਹਨਾਂ ਨੂੰ ਆਪਣੇ ਹੀ ਪਰਿਵਾਰ ਦੇ ਕਾਮੀ ਆਦਮੀਆਂ ਦੀ ਹਵਸ ਦਾ ਵੀ ਸ਼ਿਕਾਰ ਹੋਣਾ ਪੈਂਦਾ ਸੀ ਅਤੇ ਆਪਣੇ ਇਸ ਯੌਨ ਉਤਪੀੜਨ ਦੀ ਉਹ ਕਿਸੇ ਨੂੰ ਸ਼ਿਕਾਇਤ ਵੀ ਨਹੀਂ ਕਰ ਪਾਉਂਦੀਆਂ ਸਨ।

**ਚੰਗੇ ਬੁਰੇ ਦੋਹਾਂ ਨੂੰ ਪਰਖੋ :** ਇਸਤਰੀ ਦੀ ਸਾਮਾਜਿਕ ਹਾਲਤ ਨੂੰ ਯਾਦ ਕਰਦੇ ਹੋਏ 90 ਸਾਲਾਂ ਦੇ ਮੋਹਨ ਲਾਲ ਸ਼ਰਮਾਂ ਜੀ ਨੇ ਲੇਖਕ ਨੂੰ ਦੱਸਿਆ "ਉਸ ਯੁੱਗ/ਕਾਲ ਵਿੱਚ ਇਸਤਰੀਆਂ ਦਾ ਜੀਵਨ ਦੁੱਖਾਂ ਨਾਲ ਭਰਿਆ ਹੋਇਆ ਸੀ। 1920 ਅਤੇ 30 ਦੇ ਦਹਾਕਿਆਂ ਵਿੱਚ ਇਸਤਰੀ ਦੀ ਹਾਲਤ ਏਨੀ ਤਰਸਯੋਗ ਸੀ ਕਿ ਉਸ ਦਾ ਸਾਰਾ ਜੀਵਨ ਘੁੰਡ ਵਿੱਚ ਹੰਝੂ ਵਹਾਉਂਦੇ ਹੋਏ ਹੀ ਬੀਤਦਾ ਸੀ।"

ਅੱਜ ਜਿਹੜੀਆਂ ਘਟਨਾਵਾਂ ਬਲਾਤਕਾਰ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ ਉਸ ਯੁੱਗ ਵਿੱਚ ਉਹ ਆਦਮੀਆਂ ਦੇ ਮਨ ਪ੍ਰਚਾਵੇ ਦਾ ਸਾਧਨ ਸਮਝੀਆਂ ਜਾਂਦੀਆਂ ਸਨ। ਆਦਮੀਆਂ ਦੀਆਂ ਇਹਨਾਂ ਸ਼ਰਮਨਾਕ ਹਰਕਤਾਂ ਦੇ ਲਈ ਨਾ ਤਾਂ ਕਿਸੀ ਸਜ਼ਾ ਦਾ ਕਾਨੂੰਨ ਸੀ ਨਾ ਸਤਾਉਣ ਦਾ। ਉਲਟਾ ਉਹ ਕਿਸੇ ਵੀ ਗੈਰ ਇਸਤਰੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਕੇ ਆਪਣੇ ਤਥਾਕਥਿਤ ਮਰਦਪੁਣੇ ਦੇ ਕਿੱਸੇ ਮਾਣ ਨਾਲ ਸੁਣਾਉਂਦੇ ਸਨ। ਉਸ ਯੁੱਗ ਵਿੱਚ ਇਸਤਰੀ ਦਾ ਇੱਕ ਵਿਅਕਤੀ ਦੀ ਪਤਨੀ ਦੇ ਰੂਪ ਵਿੱਚ ਕੋਈ ਹੋਂਦ ਹੀ ਨਹੀਂ ਸੀ। ਉਸ ਦੀ ਖ਼ੁਸ਼ੀ, ਇੱਛਾ ਜਾਂ ਭਾਵਨਾ ਦੀ ਪਰਵਾਹ ਕਰਨਾ ਤਾਂ ਦੂਰ ਉਸ ਦੇ ਸ਼ਰ੍ਹੇਆਮ ਹੋਣ ਵਾਲੇ ਯੌਨ ਉਤਪੀੜਨ ਅਤੇ ਸ਼ੋਸ਼ਣ ਦਾ ਵਿਰੋਧ ਕਰਨ ਵਾਲਾ ਵੀ ਨਹੀਂ ਮਿਲਦਾ ਸੀ।

ਉਸ ਯੁੱਗ ਵਿੱਚ ਅਮੀਰ ਪਰਿਵਾਰਾਂ ਦੇ ਨੌਜਵਾਨ ਵੇਸ਼ਵਾਵਾਂ ਦੇ ਕੋਠਿਆਂ ਉੱਤੇ ਜਾਣਾ ਆਪਣੀ ਸ਼ਾਨ ਸਮਝਦੇ ਸਨ। 70-75 ਸਾਲ ਪਹਿਲਾਂ ਸਮਾਜ ਵਿੱਚ ਵਿਭਚਾਰ ਆਪਣੀ ਸਿਖਰ ਉੱਤੇ ਸੀ।

ਉਸ ਜ਼ਮਾਨੇ ਵਿੱਚ ਵੇਸ਼ਵਾਵ੍ਰਿਤੀ ਰਈਸ, ਅਮੀਰ ਆਦਮੀਆਂ ਦਾ ਸ਼ੌਕ ਹੋਇਆ ਕਰਦਾ ਸੀ। ਅੱਜ ਧਨ ਦੇ ਵੱਧਦੇ ਮਹੱਤਵ ਦੀ ਸ਼ਿਕਾਇਤ ਕਰਨ ਵਾਲੇ ਲੋਕ ਨਹੀਂ ਜਾਣਦੇ ਕਿ ਉਸ ਯੁੱਗ ਵਿੱਚ ਵੀ ਚੰਦ ਅਮੀਰ (ਕੁੱਝ ਕੁ ਅਮੀਰ) ਲੋਕ ਆਪਣੀ ਦੌਲਤ ਦੇ ਦਮ ਉੱਤੇ ਨਾ ਸਿਰਫ ਆਪਣੀ ਮਨਮਰਜ਼ੀ ਕਰਦੇ ਸਨ, ਬਲਕਿ ਸਮਾਜ ਦੇ ਠੇਕੇਦਾਰ ਵੀ ਉਹਨਾਂ ਦੇ ਸਾਰੇ ਐਬਾਂ ਨੂੰ ਸਲੀਕਾ ਮੰਨ ਕੇ ਸਾਰਾ ਦਿਨ ਉਹਨਾਂ ਦੀ ਜੀ ਹਜ਼ੂਰੀ ਵਿੱਚ ਲੱਗੇ ਰਹਿੰਦੇ ਸਨ। ਅਮੀਰ ਪਰਿਵਾਰਾਂ ਵਿੱਚ ਬਹੁਪਤਨੀ ਪ੍ਰਥਾ ਦਾ ਰਿਵਾਜ਼ ਆਪਣੇ ਸਿਖਰ ਉੱਤੇ ਸੀ ਘਰ ਵਿੱਚ ਵਿਆਹਤਾਵਾਂ ਦੀ ਮੌਜੂਦਗੀ ਦੇ ਬਾਵਜੂਦ ਆਦਮੀ ਬੇਗਾਨੀਆਂ ਇਸਤਰੀਆਂ ਨੂੰ ਬੇਸ਼ਰਮੀ ਨਾਲ ਪਤਨੀ ਬਣਾ ਕੇ ਘਰ ਲੈ ਆਉਂਦੇ ਸਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਉਸ ਯੁੱਗ ਵਿੱਚ ਆਦਮੀਆਂ ਦੀ ਇਸ ਹਰਕਤ ਦਾ ਸਮਾਜ ਵਿੱਚ ਜ਼ਰਾ ਵੀ ਵਿਰੋਧ ਤਕ ਨਹੀਂ ਹੁੰਦਾ ਸੀ। ਅੱਜ ਵੀ ਬਹੁਤ ਸਾਰੀਆਂ ਬੁੱਢੀਆਂ ਜਿਉਂਦੀਆਂ ਮਿਲਣਗੀਆਂ ਜਿਹਨਾਂ ਦੇ ਪਤੀਆਂ ਨੇ 2-3 ਵਿਆਹ ਕੀਤੇ ਸਨ ਅਤੇ ਹਾਲਤ ਦੀਆਂ ਮੌਨ, ਮਜ਼ਬੂਰ ਅਤੇ ਦੱਬੂ ਦਰਸ਼ਕ ਬਣੀਆਂ ਰਹੀਆਂ ਹਨ।

ਬਜ਼ੁਰਗਾਂ ਦੀ ਮਾਨਸਿਕਤਾ ਅਜਿਹੀ ਹੁੰਦੀ ਹੈ ਕਿ ਉਹ ਨਵੇਂ ਜ਼ਮਾਨੇ ਦੀ ਕਿਸੇ ਵੀ ਗੱਲ ਨਾਲ ਸੰਤੁਸ਼ਟ ਨਹੀਂ ਹੁੰਦੇ। ਛੋਟੀਆਂ-ਛੋਟੀਆਂ ਗੱਲਾਂ ਵਿੱਚ ਮੀਨਮੇਖ ਕੱਢਣ ਵਿੱਚ ਉਹਨਾਂ ਨੂੰ ਮਾਨਸਿਕ ਆਨੰਦ ਮਿਲਦਾ ਹੈ, "ਸਾਡੇ ਜ਼ਮਾਨੇ ਵਿੱਚ ਚੁੱਲ੍ਹੇ ਉੱਤੇ ਰੋਟੀਆਂ ਬਣਦੀਆਂ ਸਨ, ਜਿਨ੍ਹਾਂ ਦੀ ਦੂਰ ਤੋਂ ਸੁਗੰਧ ਆਉਂਦੀ ਸੀ।" "ਅੱਜਕੱਲ੍ਹ ਇਸਤਰੀਆਂ ਸੁਵਿਧਾਭੋਗੀ ਹੋ ਗਈਆਂ ਹਨ, ਗੈਸ ਉੱਤੇ ਖਾਣਾ ਬਣਾਉਣ ਵਾਲੀਆਂ ਇਸਤਰੀਆਂ ਚੁੱਲ੍ਹੇ ਅੱਗੇ ਤਾਂ ਇੱਕ ਘੰਟਾ ਵੀ ਨਹੀਂ ਟਿਕ ਸਕਦੀਆਂ।" ਵਰਗੀਆਂ ਬੇਮੇਲ ਗੱਲਾਂ ਕਰਦੇ ਰਹਿੰਦੇ ਹਨ। ਇਹ ਲੋਕ ਜਿਹੜੇ ਸਵਾਦ ਅਤੇ ਸੁਗੰਧ ਦੀ ਗੱਲ ਕਰਦੇ ਹਨ, ਉਹ ਪਾਣ ਦੇ ਲਈ ਚੁੱਲ੍ਹੇ ਵਿੱਚ ਫੂਕਾਂ ਮਾਰਨੀਆਂ ਪੈਂਦੀਆਂ ਸੀ ਅਤੇ ਧੂੰਏ ਨਾਲ ਆਪਣੀਆਂ ਅੱਖਾਂ ਜਲਾਉਣੀਆਂ ਪੈਂਦੀਆਂ ਸਨ। ਇਸ ਲਿਹਾਜ ਨਾਲ ਇਹ ਸਵਾਦ ਅਤੇ ਸੁਗੰਧ ਕੀ ਜ਼ਿਆਦਾ ਮਹਿੰਗਾ ਨਹੀਂ ਪੈਂਦਾ ਸੀ ?

**ਪੁਰਾਣੇ ਖਿਆਲਾਂ ਤੋਂ ਆਜ਼ਾਦ ਹੋਵੋ** :- ਕਈ ਬਜ਼ੁਰਗ ਆਪਣੇ ਜ਼ਮਾਨੇ ਦੀਆਂ ਯਾਤਰਾਵਾਂ ਦੇ ਕਿੱਸੇ ਮਾਣ ਦੇ ਨਾਲ ਸੁਣਾਉਂਦੇ ਹਨ ਅਤੇ ਅੱਜਕੱਲ੍ਹ ਦੀਆਂ ਯਾਤਰਾਵਾਂ ਨੂੰ ਕੋਸਦੇ ਹਨ। ਉਹ ਦੱਸਦੇ ਹਨ ਕਿ ਉਸ ਜ਼ਮਾਨੇ ਵਿੱਚ 5-7 ਲੋਕਾਂ ਦਾ ਇਹ ਸਮੂਹ ਊਠ ਗੱਡੀ ਵਿੱਚ ਬੈਠ ਕੇ ਪਰਦੇਸ਼ ਕਮਾਉਣ ਦੇ ਲਈ ਰਵਾਨਾ ਹੁੰਦਾ ਸੀ। ਰਸਤੇ ਵਿੱਚ ਸੁਆਦੀ ਖਾਣੇ ਅਤੇ ਗੱਲਾਂ ਦਾ ਆਨੰਦ ਲੈਂਦੇ ਹੋਏ ਆਰਾਮ ਨਾਲ 2 ਮਹੀਨੇ ਦਾ ਸਫ਼ਰ ਕੱਟ ਜਾਂਦਾ ਸੀ। ਉਹ ਨਾਲ ਇਹ ਨਹੀਂ ਦੱਸਦੇ ਹਨ ਕਿ 2 ਮਹੀਨੇ ਦੇ ਸਫ਼ਰ ਉੱਤੇ ਨਿਕਲਣ ਵਾਲੇ ਲੋਕ ਕਿਸ ਤਰ੍ਹਾਂ ਰਸਤੇ ਵਿੱਚ ਲੜਦੇ ਝਗੜਦੇ ਸਨ। ਕਿਸ ਤਰ੍ਹਾਂ ਰਾਤ ਦੇ ਸਮੇਂ ਇੱਕ ਦੂਜੇ ਦਾ ਸਮਾਨ ਚੋਰੀ ਕਰ ਲੈਂਦੇ ਸਨ ਅਤੇ ਕਿਸ ਤਰ੍ਹਾਂ ਪਾਣੀ ਦੇ ਲਈ ਰਸਤੇ ਵਿੱਚ ਹਿੰਸਕ ਲੜਾਈਆਂ ਹੁੰਦੀਆਂ ਸਨ। ਅੱਜ ਉਹ ਦੂਰੀ ਵਿਅਕਤੀ ਰੇਲਗੱਡੀ ਨਾਲ 24 ਘੰਟੇ ਵਿੱਚ ਤੈਅ ਕਰ ਸਕਦਾ ਹੈ ਅਤੇ ਹਵਾਈ ਜਹਾਜ਼ ਨਾਲ ਸਿਰਫ ਇੱਕ ਘੰਟੇ ਵਿੱਚ ਤੈਅ ਕਰ ਸਕਦਾ ਹੈ। ਪਰੰਤੂ ਬਜ਼ੁਰਗ ਲੋਕ ਇਸ ਯੰਤਰੀ ਵਿਕਾਸ ਦੀ ਸ਼ਲਾਘਾ ਕਰਨ ਦੀ ਬਜਾਏ ਆਪਣੇ ਹੀ ਯੁੱਗ ਦੇ ਗੀਤ ਗਾਉਂਦੇ ਰਹਿੰਦੇ ਹਨ। ਇਸ ਨੂੰ ਦਿਮਾਗੀ ਅਪਰਪੱਕਤਾ ਜਾਂ ਪੁਰਾਣੇ ਖਿਆਲਾਂ ਦੇ ਇਲਾਵਾ ਕੀ ਕਿਹਾ ਜਾਵੇ ?

"ਸਾਡੇ ਜ਼ਮਾਨੇ ਵਿੱਚ ਆਦਮੀ ਨੇਕੀ ਅਤੇ ਸੱਚਾਈ ਦੇ ਰਸਤੇ ਉੱਤੇ ਚਲਦਾ ਸੀ।" ਬੱਚੇ ਵੱਡੇ ਬਜ਼ੁਰਗਾਂ ਦਾ ਆਦਰ ਕਰਦੇ ਸਨ।", "ਮੁਟਿਆਰਾਂ ਆਪਣੇ ਸ਼ੀਲ (ਆਚਰਣ) ਦੀ ਰੱਖਿਆ ਕਰਦੀਆਂ ਸਨ।", ਬਹੂਆਂ ਨੌਕਰੀ ਉੱਤੇ ਜਾਣ ਦਾ ਮਨ ਵਿੱਚ ਵਿਚਾਰ ਵੀ ਨਹੀਂ ਲਿਆਉਂਦੀਆਂ ਸਨ।", "ਉਹ ਘਰ ਦੀ ਦੇਖਭਾਲ ਅਤੇ ਸੱਸ ਸਹੁਰੇ ਦੀ ਸੇਵਾ ਵਿੱਚ ਸਮਰਪਿਤ ਰਹਿੰਦੀ ਸੀ।", "ਲੋਕਾਂ ਵਿੱਚ ਧਰਮ ਦੇ ਪ੍ਰਤੀ ਸ਼ਰਧਾ ਸੀ।", ਉਨ੍ਹਾਂ ਵਿੱਚ ਰੱਬ ਦਾ ਡਰ ਸੀ", "ਉਸ ਜ਼ਮਾਨੇ ਵਿੱਚ ਭੋਜਨ ਸ਼ੁੱਧ, ਸੁਆਦੀ ਅਤੇ ਪੌਸ਼ਟਿਕ ਹੁੰਦਾ ਸੀ" ਆਦਿ ਅਜਿਹੀਆਂ ਸੈਂਕੜੇ ਗੱਲਾ ਜਿਹੜੀਆਂ ਬਜ਼ੁਰਗਾਂ ਨਾਲ ਗੱਲਬਾਤ ਕਰਨ ਉੱਤੇ ਸੁਣਨ ਨੂੰ ਮਿਲਦੀਆਂ ਹਨ। ਇਹਨਾਂ ਬੁੱਢੇ ਲੋਕਾਂ ਨੂੰ ਆਪਣੇ ਜ਼ਮਾਨੇ ਦੀ ਤਾਰੀਫ਼ ਕਰਨ ਵਿੱਚ ਮਜ਼ਾ ਆਉਂਦਾ ਹੈ, ਭਾਵੇਂ ਹੀ ਉਹ ਝੂਠੀ ਹੀ ਕਿਉਂ ਨਾ ਹੋਵੇ।

**ਤਾਰੀਫ਼ ਕਰਨਾ ਸਿੱਖੋ** : ਜੇਕਰ ਬਜ਼ੁਰਗ ਸੁਤੰਤਰ ਭਾਵਨਾ ਨਾਲ ਆਪਣੇ ਸਮੇਂ ਅਤੇ ਅੱਜ ਦੇ ਯੁੱਗ ਦੀ ਤੁਲਨਾ ਕਰਨ ਤਾਂ ਉਹ ਦੇਖਣਗੇ ਕਿ ਇਸ ਸਮੇਂ ਵਿੱਚ ਦੇਸ਼ ਅਤੇ ਸਮਾਜ ਬਹੁਤ ਤਰ੍ਹਾਂ ਸਕਾਰਾਤਮਕ ਪਵਿੱਤਰਤਾ ਹੋਏ ਹਨ। ਇਸ ਸਮੇਂ ਵਿੱਚ ਦੇਸ਼ ਵਿੱਚ ਜ਼ਬਰਦਸਤ ਸਿੱਖਿਅਕ ਕ੍ਰਾਂਤੀ ਆਈ ਹੈ। ਉਦਯੋਗ ਅਤੇ ਵਪਾਰ ਵਿਕਸਿਤ ਹੋਏ ਹਨ। ਦੇਸ਼ ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ ਬੇਸ਼ੁਮਾਰ ਵਾਧਾ ਹੋਇਆ ਹੈ। ਅੱਜ ਦਾ ਨੌਜਵਾਨ ਉਸ ਜ਼ਮਾਨੇ ਦੇ ਨੌਜਵਾਨ ਤੋਂ ਕਿਧਰੇ ਵੱਧ ਸਿੱਖਿਅਤ, ਅਮੀਰ ਅਤੇ ਮਾਹਰ ਨਜ਼ਰ ਆਉਂਦਾ ਹੈ।

ਉਸ ਜ਼ਮਾਨੇ ਵਿੱਚ ਬੱਚੇ ਸਿਰਫ ਆਪਣੇ ਮਾਤਾ ਪਿਤਾ ਜਾਂ ਪਰਿਵਾਰ ਦੀ ਇੱਜ਼ਤ ਕਰਦੇ ਸਨ ਪਰੰਤੂ ਕਿਸੇ ਅਣਜਾਣ ਨੂੰ ਮਿਲਣਸਾਰ ਸ਼ਰਮਾ ਜਾਂਦੇ ਸਨ। ਅੱਜ ਦੇ ਬੱਚੇ ਨਾ ਸਿਰਫ ਕਿਸੀ ਨਾਵਾਕਫ਼ ਦਾ ਬਾਖ਼ੂਬੀ ਆਦਰ ਕਰਨਾ ਜਾਣਦੇ ਹਨ ਸਗੋਂ ਪਰਵਾਰ ਵਿੱਚ ਕਿਸੀ ਵੱਡੇ ਦੀ ਗੈਰਹਾਜ਼ਰੀ ਵਿੱਚ ਉਸ ਨਾਲ ਜ਼ਰੂਰੀ ਗੱਲਬਾਤ ਕਰਨ ਵਿੱਚ ਵੀ ਪੂਰਣ ਗਿਆਨੀ ਹਨ।

**ਵਰਤਮਾਨ ਵਿੱਚ ਜੀਓ** : ਜਿੱਥੇ ਤਕ ਚੰਗਿਆਈਆਂ ਅਤੇ ਬੁਰਾਈਆਂ ਦਾ ਪ੍ਰਸ਼ਨ ਹੈ, ਇਹ ਕਿਸੀ ਵੀ ਸਮਾਜ ਵਿੱਚ, ਕਿਸੇ ਵੀ ਯੁੱਗ ਵਿੱਚ ਨਾਲ ਨਾਲ ਚਲਦੀਆਂ ਹਨ। ਹਰ ਯੁੱਗ ਵਿੱਚ ਜਿਥੇ ਸਰੀਫ, ਚਰਿੱਤਰਵਾਨ ਅਤੇ ਮਿਹਨਤੀ ਲੋਕ ਰਹੇ ਹਨ ਉਥੇ ਹੀ ਬੇਈਮਾਨ, ਕੰਮਚੋਰ ਅਤੇ ਕਪਟੀ ਲੋਕਾਂ ਦੀ ਵੀ ਕਮੀ ਨਹੀਂ ਰਹੀ।

ਬਜ਼ੁਰਗ ਜੇਕਰ ਈਮਾਨਦਾਰੀ ਨਾਲ ਸੋਚਣ ਤਾਂ ਵੱਡੀ ਤਬਦੀਲੀ ਜ਼ਮਾਨੇ ਵਿੱਚ ਨਹੀਂ ਆਈ ਹੈ। ਸਗੋਂ ਉਹਨਾਂ ਦੇ ਆਪਣੇ ਸ਼ਰੀਰ ਅਤੇ ਵਿਚਾਰ ਵਿੱਚ ਆ ਗਈ ਹੈ।

ਬਜ਼ੁਰਗ ਬੀਤੇ ਜ਼ਮਾਨੇ ਦੀ ਯਾਦ ਵਿੱਚ ਨਿਰਾਸ਼ ਰਹਿਣ ਦੀ ਬਜਾਏ ਵਰਤਮਾਨ ਵਿੱਚ ਜਿਉਣਾ ਸਿੱਖਣ ਤਾਂ ਉਹਨਾਂ ਨੂੰ ਅੱਜ ਦਾ ਯੁੱਗ ਵੀ 'ਆਪਣਾ' ਹੀ ਨਜ਼ਰ ਆਏਗਾ। ਉਹਨਾਂ ਨੂੰ ਬਜਾਏ 2 ਯੁੱਗਾਂ ਦੀ ਨਾਕਾਰਾਤਮਕ ਤੁਲਨਾ ਵਿੱਚ ਆਪਣਾ ਸਮਾਂ ਅਤੇ ਸ਼ਕਤੀ ਲਗਾਉਣ ਦੇ, ਆਪਣੇ ਤਜ਼ਰਬੇ ਅਤੇ ਊਰਜਾ ਦਾ ਸਮਾਜਹਿਤ ਵਿੱਚ ਗੁਣਕਾਰੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਸਕਾਰਾਤਮਕ ਚਿੰਤਨ ਦਾ ਸਹਾਰਾ ਲਈਏ ਤਾਂ ਉਹ ਨਾ ਸਿਰਫ ਨੌਜਵਾਨਾਂ ਦਾ ਉਪਰੋਕਤ ਮਾਰਗਦਰਸ਼ਨ ਕਰਨ ਵਿੱਚ ਸਮਰੱਥ ਹੋਣਗੇ ਬਲਕਿ ਉਹਨਾਂ ਤੋਂ ਉਹ ਆਦਰ ਅਤੇ ਸਨਮਾਨ ਵੀ ਪਾਉਣਗੇ, ਜਿਸ ਦੀ ਉਹ ਉਮੀਦ ਕਰਦੇ ਹਨ।

***

# ਧਾਰਮਿਕ ਤੰਗਨਜ਼ਰੀਆ!

ਜੈਪ੍ਰਕਾਸ਼ ਯਾਦਵ

ਅਸਮਾਨਤਾਵਾਂ, ਵਿਰੋਧ ਦੀਆਂ ਝਲਕਾਂ ਅਤੇ ਜਾਤੀਭਾਵਨਾ ਦੇ ਬਾਵਜੂਦ ਧਰਮ ਇਕ ਧਾਰਮਿਕ ਮੱਤ ਹੁੰਦਾ ਹੈ ਅਤੇ ਇਹ ਲੋਕਾਂ ਦਾ ਧਾਰਮਿਕ ਮੱਤ ਦੇ ਆਧਾਰ ਉੱਤੇ ਭਰੋਸਗੀ ਜਾਂ ਪਕਿਆਈ ਕਰਦਾ ਹੈ। ਹਰੇਕ ਫਿਰਕਾ ਆਪਣੇ ਆਪ ਨੂੰ ਸਭ ਤੋਂ ਉੱਤਮ/ਵੱਡਾ ਅਤੇ ਆਪਣੇ ਧਰਮ ਨੂੰ ਹੀ ਠੀਕ ਮੰਨਦਾ ਹੈ। ਇਹੀ ਗੱਲ ਅੱਗੇ ਚੱਲ ਕੇ ਧਾਰਮਿਕ ਦੰਗਿਆਂ ਦਾ ਰੂਪ ਧਾਰਣ ਕਰਦੀ ਹੈ ਅਤੇ ਕਿਧਰੇ ਧਾਰਮਿਕ ਫਾਸੀਵਾਦ (ਤਾਕਤ ਦੀ ਵਰਤੋਂ ਕਰਕੇ ਆਪਣੇ ਧਰਮ ਦੀ ਹਕੂਮਤ ਚਲਾਉਣ ਦਾ ਸਿਧਾਂਤ) ਦਾ।

ਧਰਮ ਜੇਕਰ ਸ਼ੋਸ਼ਕ ਵਰਗ (ਧਨ-ਲੋਟੂ) ਦਾ ਇਕ ਹਥਿਆਰ ਹੈ ਤਾਂ ਪੂੰਜੀਵਾਦੀ ਲੋਕਤੰਤਰ ਵਿੱਚ ਹਕੂਮਤ ਤੱਕ ਪਹੁੰਚਣ ਦੀ ਪੌੜੀ ਦਾ ਕੰਮ ਵੀ ਇਸ ਤੋਂ ਲਿਆ ਗਿਆ। ਆਜ਼ਾਦੀ ਦੇ ਬਾਅਦ ਧਰਮ ਦੇ ਨਾਂ ਉੱਤੇ ਪਾਕਿਸਤਾਨ ਦਾ ਗਠਨ ਅਤੇ ਫੇਰ ਫਿਰਕੇ ਸੰਬੰਧੀ ਇੱਛਾਵਾਂ ਦੇ ਨਤੀਜੇ ਸਨ। ਧਰਮ ਲੋਕਾਂ ਨੂੰ ਵੰਡਣ ਅਤੇ ਸ਼ੋਸ਼ਕ ਅਤੇ ਸ਼ਾਸਕ ਵਰਗ ਦੀ ਗੱਦੀ ਦੀ ਸੁਰੱਖਿਆ ਦਾ ਸੰਦ ਹੈ। ਕਈ ਵਾਰ ਜਦ ਲੋਕ ਸ਼ੋਸ਼ਕਾਂ ਦੀਆਂ ਇਹਨਾਂ ਚਾਲਾਂ ਨੂੰ ਸਮਝਣ ਲੱਗਦੇ ਹਨ ਤਾਂ ਧਰਮਾਂ ਦੇ ਮੇਲ ਮਿਲਾਪ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਪਰੰਤੂ ਧਰਮ ਉੱਤੇ ਕਦੇ ਸੱਟ ਨਹੀਂ ਮਾਰੀ ਜਾਂਦੀ।

**ਧਰਮ ਮਨੁੱਖ ਜਾਤੀ ਦਾ ਵੈਰੀ ਹੈ:** ਰਾਹੁਲ ਸਾਂਕ੍ਰਿਤਆਇਨ ਜੀ ਕਹਿੰਦੇ ਹਨ, "ਧਰਮਾਂ ਦੀ ਜੜ੍ਹ ਵਿੱਚ ਕੁਹਾੜਾ ਲੱਗ ਗਿਆ ਹੈ ਅਤੇ ਇਸ ਲਈ ਹੁਣ ਮਜ਼ਹਬਾਂ ਦੇ ਮੇਲ-ਮਿਲਾਪ ਦੀਆਂ ਗੱਲਾਂ ਵੀ ਕਦੇ-ਕਦੇ ਸੁਣਨ ਵਿੱਚ ਆਉਂਦੀਆਂ ਹਨ। ਪਰੰਤੂ ਕੀ ਇਹ ਸੰਭਵ ਹੈ? 'ਮਜ਼ਹਬ ਨਹੀਂ ਸਿਖਾਉਂਦਾ ਆਪਸ ਵਿੱਚ ਵੈਰ ਰੱਖਣਾ' - ਇਸ ਸਫ਼ੈਦ ਝੂਠ ਦਾ ਕੀ ਠਿਕਾਣਾ ਹੈ। ਜੇਕਰ ਮਜ਼ਹਬ ਨਹੀਂ ਸਿਖਾਉਂਦਾ ਤਾਂ ਬੋਦੀਦਾੜੀ ਦੀ ਇਸ ਲੜਾਈ ਵਿੱਚ ਹਜ਼ਾਰ ਸਾਲ ਤੋਂ ਅੱਜ ਤੱਕ ਸਾਡਾ ਮੁਲਕ ਪਾਗਲ ਕਿਉਂ ਹੈ?



ਪੁਰਾਣੇ ਇਤਿਹਾਸ ਨੂੰ ਛੱਡ ਦਿਓ ਅੱਜ ਵੀ ਹਿੰਦੁਸਤਾਨ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਇਕ ਮਜ਼ਹਬ ਵਾਲਿਆਂ ਨੂੰ ਦੂਜੇ ਮਜ਼ਹਬ ਵਾਲਿਆਂ ਦੇ ਖ਼ੂਨ ਦਾ ਪਿਆਸਾ ਕੌਣ ਬਣਾ ਰਿਹਾ ਹੈ? ਅਸਲ ਗੱਲ ਇਹ ਹੈ -'ਮਜ਼ਹਬ ਹੀ ਤਾਂ ਹੈ ਸਿਖਾਂਦਾ ਆਪਸ ਵਿੱਚ ਵੈਰ ਰੱਖਣਾ। ਇਨਸਾਨ ਨੂੰ ਸਿਖਾਉਂਦਾ ਹੈ ਇਨਸਾਨ ਦਾ ਖ਼ੂਨ ਪੀਣਾ।' ਹਿੰਦੁਸਤਾਨ ਵਿੱਚ ਏਕਤਾ ਮਜ਼ਹਬ ਦੇ ਮੇਲ ਉੱਤੇ ਨਹੀਂ ਹੋਵੇਗੀ, ਸਗੋਂ ਮਜ਼ਹਬਾਂ ਦੀ ਚਿੰਤਾ ਉੱਤੇ ਹੋਵੇਗੀ। ਧਾਰਮਿਕ ਤੰਗਨਜ਼ਰੀ ਜਾਂ ਫਿਰਕੇ ਸੰਬੰਧੀ ਦੰਗਿਆਂ ਦੀ ਇਕਮਾਤਰ ਵਜ੍ਹਾ ਧਾਰਮਿਕ ਕੱਟੜਤਾ ਅਤੇ ਧਾਰਮਿਕ ਫਾਸੀਵਾਦ ਹੈ। ਆਮ ਤੌਰ 'ਤੇ ਦੰਗਿਆਂ ਦੇ ਬਾਅਦ ਸਭ ਤਰ੍ਹਾਂ ਦੇ ਧਰਮਗੁਰੂ ਆਪਣੇ-ਆਪਣੇ ਧਾਰਮਿਕ ਪੈਰੋਕਾਰਾਂ ਨੂੰ ਸ਼ਾਂਤੀ ਬਣਾਈ ਰੱਖਣ ਦਾ ਪਾਠ ਪੜ੍ਹਾਉਂਦੇ ਹੋਏ ਉਹਨਾਂ ਨੂੰ ਆਪਣੇ-ਆਪਣੇ ਧਰਮ ਦਾ ਸੱਚਾ ਪੈਰੋਕਾਰ ਬਣਨ ਦੀ ਸਿੱਖਿਆ ਦਿੰਦੇ ਹਨ ਕਿ ਧਰਮ ਕਦੇ ਵੀ ਵੈਰ ਵਿਰੋਧ ਨਹੀਂ ਸਿਖਾਉਂਦਾ। ਸਭ ਧਰਮਾਂ ਦੇ ਲੋਕ ਰੱਬ ਦੀ ਔਲਾਦ ਹਨ; ਬਸ ਪ੍ਰਮਾਤਮਾ ਤਕ ਪਹੁੰਚਣ ਦੇ ਰਸਤੇ ਵੱਖ ਹਨ। ਸੱਚੇ ਹਿੰਦੂ ਬਣੋ, ਸੱਚੇ ਮੁਸਲਮਾਨ ਬਣੋ। ਮੰਦਰ ਸਮੇਂ ਨਾਲ ਜਾਓ, ਮਸਜਿਦ ਸਮੇਂ ਨਾਲ ਜਾਓ। ਹਿੰਦੂ ਮੁਸਲਮਾਨ ਭਾਈ-ਭਾਈ ਹਨ....ਆਦਿ।

ਸੁਆਲ ਉੱਠਦਾ ਹੈ ਕਿ ਜਦ ਸੱਚੇ ਹਿੰਦੂ ਸੱਚੇ ਮੁਸਲਮਾਨ ਏਨੇ ਖ਼ਤਰਨਾਕ (ਦੰਗਿਆਂ ਦੇ ਦੌਰਾਨ) ਹੋ ਸਕਦੇ ਹਨ ਤਾਂ ਪੱਕੇ ਹਿੰਦੂ ਜਾਂ ਪੱਕੇ ਮੁਸਲਮਾਨ ਕਿੰਨੇ ਖ਼ਤਰਨਾਕ ਹੋਣਗੇ? ਸੱਚਾਈ ਤਾਂ ਇਹ ਹੈ, ਆਪਣੇ-ਆਪਣੇ ਧਰਮ ਵਿੱਚ ਕੱਟੜ ਹੁੰਦੇ ਜਾਣਾ ਹੀ ਅਗਲੇ ਦੰਗਿਆਂ ਦੀ ਕਾਰਜ ਯੋਜਨਾ ਤਿਆਰ ਕਰਨਾ ਹੈ, ਜਿਸ ਦਾ ਸ਼ਿਕਾਰ ਹਰੇਕ ਧਰਮ ਦੀ ਮਿਹਨਤਕਸ਼ ਉਤਪਾਦਕ ਅਬਾਦੀ, ਇਸਤਰੀਆਂ ਅਤੇ ਮਾਸੂਮ ਬੱਚੇ ਬਣਦੇ ਹਨ। ਸ਼ਹੀਦ ਭਗਤ ਸਿੰਘ ਜੀ ਲਿਖਦੇ ਹਨ, "ਭਾਰਤ ਵਰਸ਼ ਦੀ ਦਸ਼ਾ ਬੜੀ ਤਰਸ਼ਯੋਗ ਹੈ। ਇਕ ਧਰਮ ਦੇ ਪੈਰੋਕਾਰ ਦੂਜੇ ਧਰਮ ਦੇ ਪੈਰੋਕਾਰਾਂ ਦੇ ਜਾਨੀ ਦੁਸ਼ਮਣ ਹਨ।"

**ਇਕ ਧਰਮ ਦੂਜੇ ਧਰਮ ਦਾ ਕੱਟੜ ਦੁਸ਼ਮਣ :** ਇੱਕ ਧਰਮ ਦਾ ਹੋਣਾ ਹੀ ਦੂਸਰੇ ਧਰਮ ਦਾ ਕੱਟੜ ਦੁਸ਼ਮਣ ਹੋਣਾ ਹੈ...। ਇਹਨਾਂ ਧਰਮਾਂ ਨੇ ਹਿੰਦੁਸਤਾਨ ਦਾ ਬੇੜਾ ਗਰਕ ਕਰ ਦਿੱਤਾ ਹੈ। ਪਤਾ ਨਹੀਂ ਧਾਰਮਿਕ ਦੰਗੇ ਕਦੋਂ

ਭਾਰਤ ਦਾ ਪਿੱਛਾ ਛੱਡਣਗੇ।

**ਭਾਰਤ ਵਿੱਚ ਫਿਰਕੂ ਦੰਗੇ ਅਤੇ ਫਿਰਕੂ ਤਣਾਅ :** 20ਵੀਂ ਸਦੀ ਦੀ ਸ਼ੁਰੂਆਤ ਤੋਂ ਹੀ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿੱਚ ਧਾਰਮਿਕ ਦੰਗਿਆਂ ਦੀ ਸ਼ੁਰੂਆਤ ਹੋਈ ਅਤੇ ਭਾਰਤ ਪਾਕ ਵੰਡ ਦੇ ਸਮੇਂ ਇਹ ਦੰਗੇ ਸਿਰੇ ਦੀ ਹੱਦ ਤੱਕ ਪਹੁੰਚ ਗਏ ਸਨ। ਇਹਨਾਂ ਦੰਗਿਆਂ ਦੇ ਪਿੱਛੇ ਜਿਹੜੇ ਕਾਰਨ ਸਨ ਉਹਨਾਂ ਵਿੱਚ ਫਾਸੀਵਾਦ (ਤਾਕਤ ਦੀ ਵਰਤੋਂ ਨਾਲ ਆਪਣੀ ਮਰਜ਼ੀ ਦੀ ਹਕੂਮਤ ਚਲਾਉਣ ਦਾ ਸਿਧਾਂਤ) ਦੀ ਭੂਮਿਕਾ ਤੁੱਛ/ਜੋ ਕਿਸੇ ਗਿਣਤੀ ਵਿੱਚ ਆਵੇ, ਕਦੇ ਇਹਨਾਂ ਵਿੱਚ ਰਾਜਨੀਤੀਵਾਨਾਂ ਦੀ ਭੂਮਿਕਾ ਸੀ ਤਾਂ ਕਦੇ ਛੋਟੀ-ਮੋਟੀ ਗੱਲ ਨੂੰ ਲੈ ਕੇ ਦੰਗੇ ਭੜਕ ਉੱਠਦੇ ਸਨ। ਇਹ ਲੜੀ ਚਲਦੀ ਰਹਿੰਦੀ ਸੀ ਪਰੰਤੂ ਉਨ੍ਹਾਂ ਵਿੱਚ ਕੋਈ ਯੋਜਨਾਵਾਂ ਨਹੀਂ ਸਨ, ਮਨੁੱਖੀ ਕਤਲੇਆਮ ਨਹੀਂ ਸੀ। ਇਹ ਧਰਮ ਦੇ ਜਨੂੰਨ ਵਿੱਚ ਪਾਗਲ ਲੋਕਾਂ ਦੀ ਆਪਸੀ ਮਾਰ ਕਾਟ ਸੀ। ਇਹਨਾਂ ਦੰਗਿਆਂ ਦੇ ਪਿੱਛੇ ਦੋਹਾਂ ਧਰਮਾਂ ਦੀ ਗੰਦੀ ਸਾਜ਼ਿਸ ਯਾਨੀ ਮੁਸਲਿਮ ਲੀਗ ਅਤੇ ਹਿੰਦੂ ਮਹਾਂਸਭਾ ਦੀ ਵੀ ਭੂਮਿਕਾ ਹੁੰਦੀ ਸੀ।

**ਵੰਡਾਈ ਵੀ ਦੰਗਿਆਂ ਦੀ ਦੇਣ :** ਆਜ਼ਾਦੀ ਦੇ ਬਾਅਦ ਇੱਕੇ-ਦੁੱਕੇ ਦਸ਼ਕਾਂ ਵਿੱਚ ਜਿਹੜੇ ਦੰਗੇ ਹੋਏ ਸਨ ਉਹ ਜ਼ਿਆਦਾਤਰ ਵੰਡ ਦੀ ਕੜਵਾਹਟ ਅਤੇ ਨਫਰਤ ਦੇ ਸਿੱਟੇ ਸਨ। ਆਜ਼ਾਦੀ ਤੋਂ ਪਹਿਲਾਂ ਜਿਥੇ ਸਾਮਰਾਜਵਾਦ (ਰਾਜ ਨੂੰ ਦਿਨੋਂ ਦਿਨ ਵਧਾਉਣ ਦਾ ਅਸੂਲ) 'ਫੁੱਟ ਪਾਓ ਰਾਜ ਕਰੋ' ਦੀ ਨੀਤੀ ਅੰਦਰ ਦੰਗਿਆਂ ਨੂੰ ਹਵਾ ਦਿੰਦੇ ਸਨ ਉਥੇ ਹੀ ਆਜ਼ਾਦੀ (ਜਾਂ ਹਕੂਮਤ ਬਦਲਣ) ਦੇ ਬਾਅਦ ਭਾਰਤ ਦੇ ਰਾਜ ਕਰ ਰਹੇ ਲੀਡਰਾਂ ਨੂੰ ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਅਤੇ ਅਸਲੀ ਸਮੱਸਿਆਵਾਂ ਤੋਂ ਲੋਕਾਂ ਦਾ ਧਿਆਨ ਵੰਡਣ ਦੇ ਲਈ ਫਿਰਕੂ ਦੰਗਿਆਂ ਤੋਂ ਕੋਈ ਗੁਰੇਜ਼ ਨਹੀਂ ਹੈ ਕਿਉਂਕਿ ਦੰਗਿਆਂ ਦੀ ਆਂਚ ਨਾਲ ਉਹ ਅਤੇ ਉਹਨਾਂ ਦੇ ਮਾਲਕ ਪੂੰਜੀਪਤੀ ਤਾਂ ਸੁਰੱਖਿਅਤ ਰਹਿੰਦੇ ਨਹੀਂ ਇਹਨਾਂ ਦੀ ਲਪੇਟ ਵਿੱਚ ਅਸਿੱਖਿਅਤ ਅਤੇ ਅਗਿਆਨਤਾ ਦੀ ਸ਼ਿਕਾਰ ਗਰੀਬ ਮਿਹਨਤਕਸ਼ ਜੰਤਾ, ਇਸਤਰੀਆਂ ਅਤੇ ਮਾਸੂਮ ਬੱਚੇ ਹੀ ਆਉਂਦੇ ਹਨ।

**ਵੋਟ ਵੀ ਦੰਗਿਆਂ ਦਾ ਜਨਮਦਾਤਾ ਹੈ :** ਦੰਗੇ ਭੜਕਣ ਦਾ ਇੱਕ ਕਾਰਨ ਵੋਟ ਬੈਂਕ ਦੀ ਰਾਜਧਾਨੀ ਵੀ ਹੈ। ਹੋਰ ਤਾਂ ਹੋਰ ਹੁਣ ਭਿੰਨ-ਭਿੰਨ ਫਾਸੀਵਾਦੀ ਸੰਗਠਨ ਅਤੇ ਰਾਜਨੀਤਕ ਦਲ ਸਕੀਮਬੱਧ ਦੰਗੇ ਕਰਵਾਉਂਦੇ ਹਨ। ਸਥਾਨਕ ਬੁਰਜ਼ੂਆਂ ਹਿਤਾਂ ਦੇ ਟਕਰਾਓ ਅਤੇ ਪੁਲਿਸ ਪ੍ਰਸ਼ਾਸਨ ਦੀ ਘੱਟ ਗਿਣਤੀ ਲੋਕਾਂ ਵਿਰੋਧੀ ਨੀਤੀਆਂ ਵੀ ਦੰਗਿਆਂ ਦਾ ਇੱਕ ਕਾਰਨ ਰਹੀਆਂ ਹਨ।

**ਹਿੰਦੂਆਂ ਦਾ ਵੀ ਫਾਸੀਵਾਦ ਚਿਹਰਾ ? :** ਕੱਟੜਪੰਥੀ ਹਿੰਦੂਵਾਦੀ ਤਾਕਤਾਂ ਦਾ ਇੱਕ ਚਰਿੱਤਰ 90 ਦੇ ਦਹਾਕੇ ਵਿੱਚ 'ਰਾਮਜਨਮ ਭੂਮੀ ਅੰਦੋਲਨ ਦੇ ਰੂਪ ਵਿੱਚ ਸਾਹਮਣੇ ਆਇਆ। ਕੱਟੜਪੰਥੀ ਘੱਟਗਿਣਤੀ ਤਾਕਤਾਂ ਨੇ ਵੀ ਹਿੰਦੂਵਾਦੀਆਂ ਦੇ ਜ਼ਹਿਰੀਲੇ ਪ੍ਰਚਾਰ ਦੇ ਲਈ ਜ਼ਮੀਨ ਮੁਹੱਈਆ ਕਰਾਈ। ਫਿਰਕੂ ਆਧਾਰ ਉੱਤੇ ਵੋਟਾਂ ਦਾ ਧਰੁਵੀਕਰਣ ਹੋਇਆ। 'ਬਾਬਰੀ ਮਸਜਿਦ' ਨਸ਼ਟ ਕਰ ਦਿੱਤੀ ਗਈ ਅਤੇ ਉਸ ਦੇ ਬਾਅਦ ਫਿਰਕੂ ਦੰਗਿਆਂ ਦਾ ਦੌਰ ਚੱਲਿਆ।

ਫਿਰਕੂ ਦੰਗਿਆਂ ਤੋਂ ਆਜ਼ਾਦੀ ਦਾ ਉਪਾਅ ਇਹ ਹੈ-ਲੋਕਾਂ ਨੂੰ ਆਪਸ ਵਿੱਚ ਲੜਨ ਤੋਂ ਰੋਕਣ ਦੇ ਲਈ ਵਰਗ ਚੇਤਨਾ ਦੀ ਜ਼ਰੂਰਤ ਹੈ। ਗਰੀਬ ਮਿਹਨਤਕਸ਼ਾਂ ਅਤੇ ਕਿਸਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਧਰਮ ਦੇ ਧੰਦੇਬਾਜ਼ ਹਨ, ਇਸ ਲਈ ਤੁਹਾਨੂੰ ਉਹਨਾਂ ਦੇ ਹੱਥ ਕੰਡਿਆਂ/ਗੁਪਤਚਾਲਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਅਤੇ ਇਹਨਾਂ ਦੇ ਹੱਥੇ ਚੜ੍ਹ ਕੇ ਤੁਹਾਨੂੰ ਕੁੱਝ ਵੀ ਨਹੀਂ ਕਰਨਾ ਚਾਹੀਦਾ। ਸੰਸਾਰ ਦੇ ਸਭ ਗਰੀਬਾਂ ਦੇ, ਭਾਵੇਂ ਉਹ ਕਿਸੇ ਵੀ ਜਾਤ, ਰੰਗ, ਧਰਮ ਜਾਂ ਰਾਸ਼ਟਰ ਦੇ ਹੋਣ, ਹੱਕ ਇੱਕ ਹੀ ਹੈ। ਤੁਹਾਡੀ ਭਲਾਈ ਇਸੇ ਵਿੱਚ ਹੈ ਕਿ ਤੁਸੀਂ ਧਰਮ, ਰੰਗ, ਨਸਲ, ਰਾਸ਼ਟਰੀਅਤਾ ਅਤੇ ਦੇਸ਼ ਦੇ ਭੇਦਭਾਵ ਖ਼ਤਮ ਕਰਕੇ ਇੱਕਜੁੱਟ ਹੋ ਜਾਉ ਅਤੇ ਸਰਕਾਰ ਦੀ ਤਾਕਤ ਨੂੰ ਸਿਰਫ ਸੁਰੱਖਿਆ ਤਕ ਹੀ ਸੀਮਤ ਕਰਨ ਦੀ ਕੋਸ਼ਿਸ਼ ਕਰੋ। ਇਹਨਾਂ ਕੋਸ਼ਿਸ਼ਾਂ ਵਿੱਚ ਤੁਹਾਡਾ ਨੁਕਸਾਨ ਕੁੱਝ ਨਹੀਂ ਹੋਵੇਗਾ, ਇਸ ਨਾਲ ਇੱਕ ਦਿਨ ਤੁਹਾਡੀਆਂ ਜੰਜ਼ੀਰਾਂ ਵੱਢ ਹੋ ਜਾਣਗੀਆਂ ਅਤੇ ਤੁਹਾਨੂੰ ਆਰਥਿਕ ਆਜ਼ਾਦੀ ਮਿਲੇਗੀ।

ਜਿਉਂ ਜਿਉਂ ਧਰਮ ਦਾ ਬੁਖ਼ਾਰ ਲੋਕਾਂ ਦੇ ਮਨ ਤੋਂ ਉਤਰੇਗਾ, ਧਾਰਮਿਕ ਤੰਗ ਨਜ਼ਰੀਆ ਖ਼ਤਮ ਹੋ ਜਾਵੇਗਾ। ਇੱਕ ਗਰੀਬ ਹਿੰਦੂ ਇੱਕ ਗਰੀਬ ਮੁਸਲਮਾਨ ਦੇ ਸੀਨੇ ਵਿੱਚ ਜਾਂ ਇੱਕ ਗਰੀਬ ਮੁਸਲਮਾਨ ਇੱਕ ਗਰੀਬ ਹਿੰਦੂ ਦੇ ਪੇਟ ਵਿੱਚ ਛੁਰਾ ਉਤਾਰਨ ਤੋਂ ਪਹਿਲਾਂ ਸੋਚੇਗਾ ਕਿ ਉਸ ਦੇ ਅਤੇ ਮੇਰੇ ਹਾਲਾਤ ਤਾਂ ਇੱਕੋ ਜਿਹੇ ਹਨ... ਹਿੰਦੂ ਮੁਸਲਮਾਨ ਹੋਣ ਨਾਲ ਕੀ ਫ਼ਰਕ ਪੈਂਦਾ ਹੈ

**ਧਰਮ ਹੀ ਝਗੜਿਆਂ ਦੀ ਜੜ੍ਹ ਹੈ ? :-** ਨਿਡਰ ਵਿਚਾਰਕ ਰਾਧਾ-ਮੋਹਨ ਗੋਕੁਲ ਜੀ ਕਹਿੰਦੇ ਹਨ, "ਨੰਗੇ ਰਹਿਣ ਵਾਲੇ ਜੈਨੀਆਂ, ਸਫ਼ੈਦ ਕਪੜੇ ਪਾਉਣ ਵਾਲੇ ਜੈਨੀਆਂ ਦਾ ਇੱਕ ਮੁੱਖ ਸੰਪਰਦਾਇ, ਆਰੀਆਂ, ਸਨਾਤਨ-ਧਰਮੀਆਂ ਅਤੇ ਪੰਜ ਦੇਵਤਿਆਂ ਦੇ ਉਪਾਸਕਾਂ ਦੇ ਆਪਸ ਵਿੱਚ ਝਗੜਿਆਂ ਨੂੰ ਕੋਈ ਝੂਠਾ ਨਹੀਂ ਠਹਿਰਾ ਸਕਦਾ, ਪਰੰਤੂ ਜਦ ਅਸੀਂ ਇਹਨਾਂ ਝਗੜਿਆਂ ਦੀ ਤਹਿ ਤਕ ਪਹੁੰਚਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਸਿਰਫ਼ ਲੜਾਕੂ-ਅਕਲ, ਸਿਰਫ ਪਾਗਲਪਨ, ਸਰਾਸਰ ਅਸੱਭਿਅਤਾ ਜਾਂ ਬਦਤਮੀਜ਼ੀ ਦੇ ਇਲਾਵਾ ਇਹਨਾਂ ਧਾਰਮਿਕ ਝਗੜਿਆਂ ਵਿੱਚ ਹੋਰ ਕੁੱਝ ਨਹੀਂ ਹੁੰਦਾ।"

**ਧਰਮ ਦੀ ਕੋਈ ਲੋੜ ਨਹੀਂ :-** ਰਾਧਾਮੋਹਨ ਗੁਕੁਲ ਜੀ ਅੱਗੇ ਲਿਖਦੇ ਹਨ, ਮੈਂ ਜਿਥੇ ਤਕ ਖੋਜ ਕੀਤੀ, ਧਰਮ ਜਾਂ ਮਜ਼ਹਬ ਨੂੰ ਮਨੁੱਖ ਦੇ ਲਈ ਕਿਧਰੇ ਵੀ ਲੋੜੀਂਦਾ ਨਹੀਂ ਪਾਇਆ... ਇੱਕ ਰੱਬ ਦੀ ਕਲਪਨਾ ਕਰ ਕੇ ਧਰਮਾਂ ਦੀਆਂ ਬੇਸਿਰ ਪੈਰ ਇਮਾਰਤਾਂ ਖੜ੍ਹੀਆਂ ਕਰਨਾ ਅਤੇ ਆਪਸੀ ਸਿਰ ਭੰਨਣੇਂ ਤਾਂ ਪਸ਼ੂਆਂ ਤੋਂ ਵੀ ਹੇਠਾਂ ਡਿੱਗੇ ਹੋਏ ਲੋਕਾਂ ਦਾ ਕੰਮ ਹੈ... ਮੁਸਲਮਾਨਾਂ ਨੇ ਮੰਦਰ ਤੋੜਨ ਦਾ ਨਮੂਨਾ ਹਿੰਦੂਆਂ ਦੇ ਸਾਹਮਣੇ ਰੱਖਿਆ, ਹਿੰਦੂਆਂ ਨੇ ਵੀ ਮਸਜਿਦ ਤੋੜ ਕੇ ਦੱਸਿਆ ਕਿ ਉਹ ਵੀ ਇਸ ਕਲਾ ਵਿੱਚ ਮਾਹਰ ਹਨ।

ਇੱਟ, ਪੱਥਰ, ਗਾਰਿਆਂ ਵਿੱਚ ਪਹਿਲਾਂ ਲੱਖਾਂ ਰੁਪਏ ਖਰਾਬ ਕੀਤੇ, ਫੇਰ ਉਹਨਾਂ ਨੂੰ ਤੋੜਿਆ ਅਤੇ ਆਪਸ ਵਿਚ ਸਿਰ ਪੜਵਾਏ ਨੇ ਉਹਨਾਂ ਨੂੰ ਤਿਆਰ ਕਰਨਗੇ ਅਤੇ ਇਸੇ ਪ੍ਰਕਾਰ ਦੀ ਬਦਤਮੀਜ਼ੀ ਦੀ ਦੁਹਰਾਈ ਹੁੰਦੀ ਰਹਿੰਦੀ ਹੈ... ਮਨੁੱਖ ਜਾਤੀ ਦੇ ਲਈ ਚੰਗਾ ਤਾਂ ਇਹੀ ਹੋਵੇਗਾ ਕਿ ਉਹ ਧਰਮ ਦੀ ਸ਼ਰਾਬ ਪੀਣਾ ਛੱਡ ਕੇ ਸਿਧਾ-ਸਾਦਾ ਮਨੁੱਖ ਬਣੇ ਅਤੇ ਧਰਮ ਦੇ ਲੀਡਰ ਦੇ ਨਾਂ ਉੱਤੇ ਖ਼ੂਨ ਖਰਾਬਾ ਕਰ ਕੇ ਮਨੁੱਖ ਨੂੰ ਕਲੰਕਤ ਨਾ ਕਰੇ।

*****

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

**■ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ**

ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ/*ਪ੍ਰੋ. ਵੜੈਚ* 50/-
ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/*ਸੱਤਯਮ ਵਰਮਾ* 65/-
ਇਨਕਲਾਬ (ਜੀਵਨੀ ਸ਼ਹੀਦ ਭਗਤ ਸਿੰਘ) 80/-
ਸ਼ਹੀਦ ਭਗਤ ਸਿੰਘ/ਕੰਵਰਜੀਤ 60/-
ਸ਼ਹੀਦਾਂ ਦੇ ਅੰਗ ਸੰਗ/*ਸ਼ਿਵ ਵਰਮਾ* 60/-
ਅਮਰ ਸ਼ਹੀਦਾਂ ਦੀਆਂ ਯਾਦਾਂ/*ਰਾਜਾ ਰਾਮ ਸ਼ਾਸ਼ਤਰੀ* 40/-
ਸ਼ਹੀਦਾਂ ਦੀ ਵਿਰਸਾਤ/*ਭਗਵਾਨ, ਸਦਾਸਿਵ* 50/-
ਮੈਂ ਨਾਸਤਿਕ ਕਿਉਂ ਹਾਂ/*ਭਗਤ ਸਿੰਘ* 5/-
ਭਗਤ ਸਿੰਘ ਦੇ ਚੁਣਵੇਂ ਵਿਚਾਰ/*ਸਾਵਲਾ ਰਾਮ* 10/-
ਭਗਤ ਸਿੰਘ ਦੀ ਵਿਚਾਰਧਾਰਾ/*ਕਮਲੇਸ਼ ਮੋਹਨ* 10/-
ਭਗਤ ਸਿੰਘ ਦੀ ਨਾਸਤਿਕਤਾ/*ਅਮਰਜੀਤ ਸੂਫੀ* 20/-
ਸ਼ਹੀਦ ਚੰਦਰ ਸ਼ੇਖਰ ਅਜ਼ਾਦ /*ਸ਼ਿਵ ਵਰਮਾ* 10/-
ਸ਼ਹੀਦ ਰਾਜਗੁਰੂ /*ਸ਼ਿਵ ਵਰਮਾ* 10/-
ਸ਼ਹੀਦ ਊਧਮ ਸਿੰਘ/*ਸੁਖਦੇਵ ਸਿੱਧੂ* 10/-
ਸ਼ਹੀਦ ਕਰਤਾਰ ਸਿੰਘ ਸਰਾਭਾ/*ਵਿਸ਼ਵਭਾਰਤੀ* 10/-
ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/*ਬਲਵੀਰ ਚੰਦ* 10/-
ਸਾਮਰਾਜੀ ਧੌਂਸ ਨੂੰ ਵੰਗਾਰ/*ਨਵਤੇਜ ਸਿੰਘ* 300/-
ਜੀਵਨ ਤੇ ਰਚਨਾ ਲਾਲਾ ਹਰਦਿਆਲ/*ਡਾ. ਕੋਮਲ* 100/-
ਹੁਤਾਤਮਾ ਰਾਜਗੁਰੂ/ਚਰਨ ਕੌਸ਼ਲ 100/-
ਕੂਕਾ ਲਹਿਰ ਤੋਂ ਭਗਤ ਸਿੰਘ ਤੱਕ/ਜਰਨੈਲ ਅੱਚਰਵਾਲ 120/-

**■ ਇਨਕਲਾਬੀ ਨਾਵਲ**

ਫਾਂਸੀ ਦੇ ਤਖ਼ਤੇ ਤੋਂ/*ਜੂਲੀਅਸ ਫ਼ੀਚਕ* 50/-
ਨੀਲੇ ਪੱਤਰੇ/*ਇਮਾਨੂਅਲ ਕਜ਼ਾਕੇਵਿਚ* 50/-
ਜੰਗਲਨਾਮਾ/*ਸਤਨਾਮ* 60/-
ਪਰਬਤੋਂ ਭਾਰੀ ਮੌਤ (ਨਾਵਲ)/*ਅਨਿਲ ਵਾਰਵੇ* 20/-
ਜਦੋਂ ਖੇਤ ਜਾਗੇ (ਨਾਵਲ)/*ਕ੍ਰਿਸ਼ਨ ਚੰਦਰ* 30/-
ਬਾਲ ਸਿਪਾਹੀ (ਚੀਨੀ ਨਾਵਲ)/*ਸ਼ੀ ਕੁਆਂਗ ਯਾਓ* 30/-
ਚਮਕਦਾ ਲਾਲ ਸਿਤਾਰਾ (ਨਾਵਲ)/*ਲੀ ਸ੍ਰਿਨ-ਤੀਅਨ* 20/-
ਮੱਛੀ ਤੇ ਪਾਣੀ (ਚੀਨੀ ਨਾਵਲ)/*ਚੈਨ ਤੈਂਗ ਕੀ* 20/-
ਜੋ ਹਾਰੇ ਨਹੀਂ (ਨਾਵਲ)/*ਪ੍ਰੋ. ਹਰਭਜਨ ਸਿੰਘ* 250/-
ਮਾਸਟਰ ਸਾਹਿਬ/*ਮਹਾਂਸ਼ਵੇਤਾ ਦੇਵੀ* 30/-

**■ ਇਨਕਲਾਬੀ ਗੀਤ**

ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ/*ਇਕਬਾਲ ਉਦਾਸੀ* 30/-
ਪਾਸ਼ ਦੀ ਚੋਣਵੀਂ ਕਵਿਤਾ/*ਅਵਤਾਰ ਪਾਸ਼* 40/-
ਗੂੰਜ ਬਗਾਵਤ ਦੀ/*ਜਸਦੇਵ ਲਲਤੋਂ* 30/-
ਉੱਠੋ ਨੌਜਵਾਨੋਂ/*ਕ੍ਰਿਸ਼ਨ ਕੌਰਪਾਲ* 30/-
ਖੇਤਾਂ ਦੀ ਬੁੱਕਲ 'ਚੋਂ (ਗੀਤ)/*ਮਿੰਦਰਪਾਲ ਭੱਠਲ* 30/-
ਅੱਜ ਦੇ ਜ਼ਮਾਨੇ ਵਿੱਚ/*ਦਰਸ਼ਨ ਭੋਤਨਾ* 25/-
ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/*ਤਜਿੰਦਰ* 50/-
ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/*ਅਜਮੇਰ ਸਿੱਧੂ* 50/-
ਛੱਲਾਂ ਲਹਿਰ ਦੀਆਂ/*ਜਸਦੇਵ ਸਿੰਘ ਲਲਤੋਂ* 30/-
ਭਰੂਣ ਹੱਤਿਆ ਇਕ ਸਮਾਜਿਕ ਕੋਹੜ/*ਮੱਖਣ ਸਿੰਘ ਜੌਹਲ* 50/-
ਭਗਤ ਸਿੰਘ ਉਦੋਂ ਤੇ ਹੁਣ 50/-

**■ ਇਨਕਲਾਬੀ ਵਾਰਤਕ**

ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ 130/-
ਲਾਲ ਕਿਤਾਬ/*ਕਾਮਰੇਡ ਮਾਓ ਦੇ ਵਿਚਾਰ* 60/-
ਨੌਜਵਾਨ ਭਾਰਤ ਸਭਾ ਦਾ ਇਤਿਹਾਸ 70/-
ਨੌਜਵਾਨਾਂ ਨੂੰ/*ਸਵੈ ਸਾਚੀ* 20/-
ਸਮਾਜ ਨੂੰ ਬਦਲ ਦਿਓ/*ਸਵੈ ਸਾਚੀ* 20/-
ਭਾਰਤ ਦਾ ਮੁਕਤੀ ਸੰਘਰਸ਼/*ਨੌਜਵਾਨ ਦਸਤਾ* 50/-
ਸੂਹੀ ਸਵੇਰ/*ਸਵੈ ਸਾਚੀ* 50/-
ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ 40/-
ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/*ਬਲਵੀਰ ਪ੍ਰਵਾਨਾ* 40/-
ਇਨਕਲਾਬੀ ਇਤਿਹਾਸ ਦੇ ਸੁਨਿਹਰੀਪੰਨੇ/*ਚਮਨ ਲਾਲ* 50/-
ਪੰਜਾਬ ਦੀ ਨਕਸਲਬਾੜੀ ਲਹਿਰ/*ਬਲਵੀਰ ਪਰਵਾਨਾ* 40/-
ਗੁਲਾਮੀ ਤੋਂ ਮੁਕਤੀ/*ਫਰੈਡਰਿਕ ਡਗਲਸ* 20/-
ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ 60/-
ਗੁਲਮੀ ਵਾਲੀ ਜੂਨ ਬੁਰੀ /*ਗੁਰਚਰਨ ਜੈਤੋਂ* 50/-
ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/*ਮੇਰੀ ਟਾਈਲਰ* 80/-
ਵਿਦਰੋਹੀ ਜੰਗਲ/ਰਾਹੁਲ ਪੰਡਿਤਾ 60/-

**■ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ**

ਸਾਹਿਤ ਦਾ ਸਾਗਰ : ਪਾਸ਼/*ਸੋਹਣ ਸਿੰਘ ਸੰਧੂ* 400/-
ਜੋਜ਼ਫ ਸਟਾਲਿਨ (ਜੀਵਨੀ)/ਸਰਜੀਤ ਤਲਵਾਰ 50/-
ਉਕਾਬਣ ਕੂੰਜਾਂ (ਸੰਸਾਰ ਪ੍ਰਸਿੱਧ ਔਰਤਾਂ ਦੀਆਂ ਜੀਵਨੀਆਂ)ਗਿੱਲ 100/-
ਹਾਕਮ ਸਿੰਘ ਸਮਾਓਂ/*ਸੁਖਦਰਸ਼ਨ ਨੱਤ* 150/-
ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/*ਤੇਜਵੰਤ ਮਾਨ* 50/-
ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ/*ਬਲਵੀਰ ਚੰਦ* 20/-
ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/*ਬਲਵੀਰ* 30/-
ਡਾਇਰੀ ਬਾਬਾ ਹਰੀ ਸਿੰਘ ਉਸਮਾਨ/*ਪ੍ਰੋ. ਵੜੈਚ* 50/-
ਗ਼ਦਰੀ ਬਾਬਾ ਜਵਾਲਾ ਸਿੰਘ/*ਬਲਵੀਰ ਪਰਵਾਨਾ* 30/-
ਸੰਘਰਸ਼ੀਲ ਯੋਧਾ ਹਰੀ ਸਿੰਘ ਤਰਕ 50/-
ਗਦਰੀ ਬਾਬਾ ਦੂਲਾ ਸਿੰਘ/*ਜਰਨੈਲ ਅੱਚਰਵਾਲ* 30/-
ਇਨਕਲਾਬੀ ਯੋਧਾ ਮੈਡਮ ਕਾਮਾ/*ਸੂਫ਼ੀ ਅਮਰਜੀਤ* 40/-

**■ ਹੋਰ ਇਨਕਲਾਬੀ ਪੁਸਤਕਾਂ**

ਚੀਨੀ ਸਾਹਿਤ ਦੀ ਅਲੋਚਨਾ ਦੇ ਸਿਧਾਂਤ/ਅਮਰਜੀਤ ਸੂਫ਼ੀ 50/-
ਤਾਮਿਲ ਗੁਰਿਲਿਆਂ ਦੇ ਦੇਸ਼ 'ਚ/*ਹਰਜਿੰਦਰ* 40/-
ਸੰਗਰਾਮੀ ਪਿੰਡ/*ਜਰਨੈਲ ਸਿੰਘ ਅੱਚਰਵਾਲ* 60/-
ਕਿਊਬਾ ਸਫ਼ਰਨਾਮਾ/*ਪ੍ਰੋ. ਗੁਰਮੀਤ ਟਿਵਾਣਾ* 150/-
ਸਾਮਰਾਜੀ ਤਾਕਤਾਂ ਇਰਾਕ ਜੰਗ/*ਬਲਜਿੰਦਰ ਕੋਟਭਾਰਾ* 20/-
ਸਮਕਾਲ ਦੇ ਸਨਮੁੱਖ/*ਬਲਵਿੰਦਰ* 70/-
ਜਿੱਤਾਂਗੇ ਹਨੇਰੇ ਨੂੰ/*ਮਣੀਮਾਲਾ* 50/-
ਜੋਗਿੰਦਰ ਬਾਹਰਲਾ/*ਇੰਦਰਜੀਤ ਨੰਦਨ* 40/-
ਪੰਜਾਬ 'ਚ ਕੌਮੀਅਤ ਤੇ ਜ਼ਰੂਈ ਸਵਾਲ/*ਕਰਮ ਬਰਸਟ* 50/-
ਗਾਥਾ ਕਿਸ਼ਨਗੜ੍ਹ/*ਦੇਸ ਰਾਜ ਛਾਜਲੀ* 30/-
ਪੱਤਣੋਂ ਲੰਘੇ ਪਾਣੀ/ਰਣਧੀਰ ਗਿੱਲ ਪੱਤੀ 40/-

**■ ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ**

ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ* 50/-
ਪ੍ਰਮਾਤਮਾ ਦੀ ਉਤਪਤੀ, ਇਸ ਭਰਮ ਦਾ ਭਵਿੱਖ 50/-
ਪੈਗੰਬਰ ਮੂਸਾ ਤੇ ਇੱਕ ਈਸ਼ਵਰਵਾਦ/*ਸਿਗਮੰਡ ਫਰਾਇਡ* 40/-
ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ* 50/-
ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ/*ਸਿਗਮੰਡ* 50/-
ਪੁਰਾਤਨ ਸਮਾਜ/*ਐਲ. ਐਚ. ਮੌਰਗਨ* 100/-





















### ■ ਸਧਾਂਤਿਕ ਤਰਕਸ਼ੀਲ ਸਾਹਿਤ

...ਤੇ ਦੇਵ ਪੁਰਸ਼ ਹਾਰ ਗਏ/ਅਬਰਾਹਮ ਟੀ. ਕਾਵੂਰ 30/-
ਦੇਵ, ਦੈਂਤ ਤੇ ਰੂਹਾਂ/ਅਬਰਾਹਮ ਟੀ. ਕਾਵੂਰ 30/-
ਰੌਸ਼ਨੀ/ਮੇਘ ਰਾਜ ਮਿੱਤਰ 20/-
ਤਰਕਬਾਣੀ/ਮੇਘ ਰਾਜ ਮਿੱਤਰ 20/-
ਤਰਕਜੋਤੀ/ਮੇਘ ਰਾਜ ਮਿੱਤਰ 20/-
ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/ਮੇਘ ਰਾਜ ਮਿੱਤਰ 30/-
ਜੋਤਿਸ਼ ਝੂਠ ਬੋਲਦਾ ਹੈ/ਮਨਜੀਤ ਬੋਪਾਰਾਏ 20/-
ਜੋਤਿਸ਼ ਤੇ ਵਿਗਿਆਨ/ਮੇਘ ਰਾਜ ਮਿੱਤਰ 50/-
ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/ਮੇਘ ਰਾਜ ਮਿੱਤਰ 40/-
ਰੱਬ ਕਦੋਂ, ਕਿੱਥੇ ਤੇ ਕਿਵੇਂ?/ਰਾਜਾ ਰਾਮ 30/-
ਕਿਹੜਾ ਗੁਰੂ, ਕਿਹੜੀ ਮੁਕਤੀ?/ਰਾਜਾ ਰਾਮ 40/-
ਪਰ ਇਹ ਸੱਚ ਹੈ/ਰਾਜਾ ਰਾਮ 70/-
ਵਾਸਤੂ ਸ਼ਾਸਤਰ ਕੋਰਾ ਝੂਠ/ਬਹਾਦਰ ਸਿੰਘ ਧੌਲਾ 40/-
ਚਮਤਕਾਰਾਂ ਦੀ ਦੁਨੀਆਂ/ਅਜਮੇਰ ਸਿੱਧੂ 50/-
ਰਜ਼ਨੀਸ਼ ਬੇਨਕਾਬ/ਡਾ. ਕਰਮਜੀਤ ਸਿੰਘ 30/-
ਝਮੇਲਾ ਰੱਬ ਦਾ/ਡਾ. ਹਰੀਸ਼ ਮਲਹੋਤਰਾ 50/-
ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/ਡਾ. ਕੋਵੂਰ 50/-
ਕਰਾਮਾਤਾਂ ਦਾ ਪਰਦਾਫਾਸ਼/ਡਾ.ਅਬਰਾਹਮ ਟੀ ਕੋਵੂਰ 50/-
ਚਿੱਠੀਆਂ ਲਿਖ ਤਰਕਸ਼ੀਲਾਂ ਨੂੰ ਪਾਈਆਂ 30/-
ਸ਼ੰਕਾ ਨਵਿਰਤੀ/ਮੇਘ ਰਾਜ ਮਿੱਤਰ 50/-
ਰੱਬਾਂ ਬਿਨਾਂ ਮੁਕਤੀ/ਸਰਜੀਤ ਤਲਵਾਰ 20/-
ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/ਸਰਜੀਤ ਤਲਵਾਰ 40/-
ਜੋਤਿਸ਼ ਅਤੇ ਤਾਂਤ੍ਰਿਕ/ਡਾ. ਆਰ. ਜੇ ਸਿੰਘ 30/-
ਗੇੜ ਚੁਰਾਸੀ ਦਾ/ਗੁਰਚਰਨ ਨੂਰਪੁਰ 30/-
ਕੀ ਝੂਠ ਕੀ ਸੱਚ/ਗੁਰਚਰਨ ਨੂਰਪੁਰ 40/-
ਨਾਸਟ੍ਰੇਡਮਸ ਬੇਨਕਾਬ/ਜੇਮਜ਼ ਰੇਂਡੀ 150/-
ਧਰਮ ਦੇ ਅੰਗ ਸੰਗ/ਰਣਜੀਤ ਝਨੇਰ 50/-
ਅੰਧਵਿਸ਼ਵਾਸ ਮੁਰਦਾਬਾਦ/ਸਰਜੀਤ ਤਲਵਾਰ 40/-

### ■ ਹਿਪਨੋਟੀਜ਼

ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/ਸਰਜੀਤ ਤਲਵਾਰ 10/-
ਹਿਪਨੋਟਿਜ਼ਮ ਤੁਹਾਡੇ ਲਈ/ਟੀ. ਐਸ. ਰਾਓ 25/-
ਹਿਪਨੋਟਿਜ਼ਮ ਕਿਵੇਂ ਸਿੱਖੀਏ ?/ਸਰਜੀਤ ਤਲਵਾਰ 20/-

### ■ ਜਾਦੂ ਦੀਆਂ ਕਿਤਾਬਾਂ

ਜੀਵਨ ਦੀਆਂ ਗਣਿਤਕ ਉਲ਼ਝਣਾਂ/ਹੇਮ ਰਾਜ ਗਰਗ 70/-
ਤਰਕਸ਼ੀਲ ਦਿਮਾਗੀ ਕਸਰਤਾਂ /ਮੇਘ ਰਾਜ ਮਿੱਤਰ 30/-
ਦਿਮਾਗੀ ਵਿਕਾਸ ਕਿਵੇਂ ਕਰੀਏ?/ਮੇਘ ਰਾਜ ਮਿੱਤਰ 20/-
ਅੰਕਾਂ ਦਾ ਜਾਦੂ/ਸਰਜੀਤ ਤਲਵਾਰ 40/-
ਵਿਗਿਆਨਕ ਜਾਦੂਗਰ/ਸਰਜੀਤ ਤਲਵਾਰ 30/-
ਤਰਕਸ਼ੀਲ ਜਾਦੂਗਰ/ਸਰਜੀਤ ਤਲਵਾਰ 30/-
ਸਟੇਜ ਦੇ ਜਾਦੂ/ਨਰਿੰਦਰ 30/-
ਨੰਨ੍ਹਾ ਜਾਦੂਗਰ/ਨਰਿੰਦਰ 20/-
ਚਮਤਕਾਰਾਂ ਪਿੱਛੇ ਵਿਗਿਆਨ/ਬੀ. ਪ੍ਰੇਮਾਨੰਦ 40/-
ਰਸਾਇਣਕ ਜਾਦੂਗਰ/ਸਰਜੀਤ ਤਲਵਾਰ 20/-
ਰਸੋਈ ਵਿੱਚ ਵਿਗਿਆਨ/ਸਰਜੀਤ ਤਲਵਾਰ 30/-
ਚਮਤਕਾਰਾਂ ਦੇ ਰਹੱਸ/ਜ਼ੇਮਜ਼ ਰਾਂਡੀ 150/-

### ■ ਗਿਆਨ ਵਿਗਿਆਨ ਦੀਆਂ ਪੁਸਤਕਾਂ

ਮਾਦੇ ਤੋਂ ਮਨੁੱਖ ਤੱਕ/ਮੇਘ ਰਾਜ ਮਿੱਤਰ 10/-
ਕਣ-ਕਣ ਵਿੱਚ ਵਿਗਿਆਨ/ਮੇਘ ਰਾਜ ਮਿੱਤਰ 15/-
ਸਮੇਂ ਦਾ ਇਤਿਹਾਸ/ਮੇਘ ਰਾਜ ਮਿੱਤਰ 30/-
ਪ੍ਰਸਿੱਧ ਵਿਗਿਆਨਕ ਖੋਜਾਂ/ਡਾ. ਜਤਿੰਦਰਪਾਲ ਸਿੰਘ 50/-
ਵਿਗਿਆਨ ਦੇ ਚਮਤਕਾਰ/ਡਾ. ਜਤਿੰਦਰਪਾਲ ਸਿੰਘ 70/-
ਸਾਡਾ ਦੋਸਤ ਵਿਗਿਆਨ/ਡਾ. ਜਤਿੰਦਰਪਾਲ ਸਿੰਘ 80/-
ਮਨੁੱਖੀ ਸਰੀਰ ਦੇ ਰਹੱਸ/ਡਾ. ਜਤਿੰਦਰਪਾਲ ਸਿੰਘ 80/-
ਮਹਾਨ ਵਿਗਿਆਨੀ/ਡਾ. ਜਤਿੰਦਰਪਾਲ 70/-
ਵਿਗਿਆਨ ਦੀ ਅਦਭੁੱਤ ਦੁਨੀਆ/ਡਾ. ਜਤਿੰਦਰਪਾਲ 80/-
ਵਾਤਾਵਰਣ ਦਾ ਪ੍ਰਦੂਸ਼ਣ/ਡਾ. ਜਤਿੰਦਰਪਾਲ 80/-
ਫੈਲ ਰਹੀ ਮਹਾਂਮਾਰੀ ਏਡਜ਼/ਡਾ. ਜਤਿੰਦਰਪਾਲ 40/-
ਮਨੋਰੰਜਨ ਰਾਹੀਂ ਵਿਗਿਆਨ/ਸਰਜੀਤ ਤਲਵਾਰ 30/-
ਵਿਗਿਆਨ ਹੀ ਵਿਗਿਆਨ/ਸਰਜੀਤ ਤਲਵਾਰ 20/-
ਗ੍ਰਹਿਣਾਂ ਦੀ ਕਹਾਣੀ/ਸਰਜੀਤ ਤਲਵਾਰ 20/-
ਜੱਗ ਰਚਨਾ ਦਾ ਸੱਚ/ਅਮਰਜੀਤ ਢਿੱਲੋਂ 20/-
ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/ਬਰਟਰੈਂਡ ਰਸਲ 40/-
ਖੇਡ ਖੇਡ 'ਚ ਵਿਗਿਆਨ/ਬਰਜਿੰਦਰਪਾਲ ਸਿੰਘ 20/-
ਆਓ ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/ਬਲਜਿੰਦਰਪਾਲ 30/-
ਬੋਦੀ ਵਾਲੇ ਤਾਰੇ/ਸਰਜੀਤ ਤਲਵਾਰ 30/-
ਮਨੁੱਖ ਮਹਾਂਬਲੀ ਕਿਵੇਂ ਬਣਿਆ/ਐਮ. ਇਲੀਨ 100/-
ਮਨੁੱਖ ਦੀ ਉਤਪਤੀ/ਚਾਰਲਸ ਡਾਰਵਨ 100/-
ਜੀਵ ਦੀ ਉਤਪਤੀ/ਚਾਰਲਸ ਡਾਰਵਨ 150/-
ਜੀਵਨ ਸੋਝੀ/ਮਹਿੰਦਰ ਸਿੰਘ 30/-
ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ/ਰਣਜੀਤ ਝਨੇਰ 80/-
ਸਾਇੰਸ ਸਿਟੀ/ਮੇਘ ਰਾਜ ਮਿੱਤਰ 50/-
ਵਿਗਿਆਨ ਤੇ ਪਰਾਵਿਗਿਆਨ/ਮੇਘ ਰਾਜ ਮਿੱਤਰ 40/-
ਗਿਆਨ ਸਾਗਰ ਦੀ ਯਾਤਰਾ/ਸੰਪਾ. ਮੇਘ ਰਾਜ ਮਿੱਤਰ 20/-
ਦੁਨੀਆਂ ਦੀਆਂ ਭਾਸ਼ਾਵਾਂ/ਕੁੰਦਨ ਲਾਲ ਭੱਟੀ 70/-

### ■ ਦਾਰਸ਼ਨਿਕ ਸਾਹਿਤ

ਗੁਰੂ ਨਾਨਕ ਬਾਰੇ ਸੱਚ ਦੀ ਖੋਜ/ਡਾ. ਸ. ਸ. ਦੁਸਾਂਝ 80/-
ਧਰਮ ਕੀ ਹੈ?/ਗਰੀਨ ਇੰਗਰਸੋਲ 10/-
ਇੰਗਰਸੋਲ ਦੇ ਅਨਮੋਲ ਬਚਨ/ਸੰਪਾ. ਅਮਿੱਤ ਮਿੱਤਰ 40/-
ਸਤਯੁੱਗ ਤੋਂ ਕਲਯੁੱਗ ਤੱਕ/ਖੁਸ਼ਵੰਤ ਬਰਗਾੜੀ 30/-
ਪ੍ਰਾਚੀਨ ਭਾਰਤੀ ਸਭਿਆਚਾਰ/ਖੁਸ਼ਵੰਤ ਬਰਗਾੜੀ 30/-
ਦਰਸ਼ਨ ਪਰੰਪਰਾ/ਗਿਆਨ ਸਿੰਘ ਬੱਲ 50/-
ਤਰਕਸ਼ੀਲ ਦਰਸ਼ਨ/ਮੱਖਣ ਸਿੰਘ ਜੌਹਲ 30/-
ਸਿੱਖ ਵੀਰਾਂ ਨਾਲ ਕੁਝ ਗੱਲਾਂ/ਮੱਖਣ ਸਿੰਘ ਜੌਹਲ 80/-
ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/ਮੱਖਣ ਸਿੰਘ ਜੌਹਲ 30/-

### ■ ਤਰਕਸ਼ੀਲ ਨਾਵਲ/ਕਹਾਣੀਆਂ/ਜੀਵਨੀਆਂ/ਸਫ਼ਰਨਾਮੇ

ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/ਮੇਘ ਰਾਜ ਮਿੱਤਰ 50/-
ਮਾਓ ਦੇ ਦੇਸ਼ 'ਚ/ਮੇਘ ਰਾਜ ਮਿੱਤਰ 20/-
ਬੇਗਾਨੀ ਧਰਤੀ ਆਪਣੇ ਲੋਕ/ਮੇਘ ਰਾਜ ਮਿੱਤਰ 40/-
ਕ੍ਰਿਸ਼ਨ ਬਰਗਾੜੀ/ਖੁਸ਼ਵੰਤ ਬਰਗਾੜੀ 50/-
ਫਿਰ ਸੁਲਗੇ ਨਾ ਚੰਗਿਆੜੀ/ਮੱਖਣ ਸਿੰਘ ਜੌਹਲ 40/-
ਤਰਕਸ਼ੀਲ ਸੁਨੇਹੇ/ਮੱਖਣ ਸਿੰਘ ਜੌਹਲ 60/-
ਤਰਕਸ਼ੀਲ ਵਾਰਤਾ/ਮੱਖਣ ਸਿੰਘ ਜੌਹਲ 40/-
ਪਿੰਡ ਦੀ ਸੱਥ/ਰਣਜੀਤ ਝਨੇਰ 30/-
ਤਰਕਵਾਰਤਾ/ਰਣਜੀਤ ਝਨੇਰ 50/-
ਬਾਬਿਆਂ ਦਾ ਬਾਬਾ/ਰਣਜੀਤ ਸਿੰਘ ਪ੍ਰੀਤ 30/-
ਆਤਮਾ ਮੁੜਜਨਮ ਤੇ ਅਦਾਲਤ/ਸੀਮਾ ਸਬਲੋਕ 40/-
ਦੁਖਦੀ ਵਰਣਮਾਲਾ ਦਾ ਸੰਵਾਦ ਮਨੁੱਖ/ਮੀਤ ਖੱਟੜਾ 20/-

### ■ ਤਰਕਸ਼ੀਲ ਕਾਵਿ ਸਾਹਿਤ

ਤਰਕਸ਼ੀਲ ਬੋਲੀਆ/ਰਾਮ ਸਰੂਪ ਸ਼ਰਮਾ 25/-
ਤਰਕਸ਼ੀਲ ਹੇਕਾਂ/ਮੱਖਣ ਸਿੰਘ ਜੌਹਲ 60/-
ਤਰਕਸ਼ੀਲ ਕਾਵਿ ਵਿਅੰਗ/ਮੱਖਣ ਸਿੰਘ ਜੌਹਲ 30/-
ਤਰਕਸ਼ੀਲ ਕਾਵਿ ਵਿਅੰਗ/ਅਮਰਜੀਤ ਢਿੱਲੋਂ 30/-






## ਟੈਕਨੀਕਲ

ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਰੀ 150/-
ਪੰਜਾਬ ਵਸੀਕਾ ਨਵੀਸੀ/ਆਰ. ਕੇ ਭਰਦਵਾਜ਼ 250/-
ਕਚਹਿਰੀ ਸ਼ਬਦ ਕੋਸ਼/ਆਰ. ਕੇ ਭਰਦਵਾਜ਼ 150/-
ਜਨਰਲ ਨਾਲਿਜ/*ਹਰਬੰਸ ਸਿੰਘ ਵਾਰਵਲ* 50/-
ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ/*ਸੀ.ਪੀ.ਕੰਬੋਜ* 60/-
ਆਓ ਕੰਪਿਓਟਰ ਸਿੱਖੀਏ/*ਕ੍ਰਿਪਾਲ ਸਿੰਘ ਪੰਨੂ* 50/-
ਸੂਚਨਾ ਦਾ ਅਧਿਕਾਰ ਕਾਨੂੰਨ-2005 30/-
ਭਵਨ ਨਿਰਮਾਣ ਕਿਵੇਂ ਕਰੀਏ?/*ਇੰਜ.ਰਾਜ ਕੁਮਾਰ* 120/-
ਮਸਤਾਨਾ ਮੋਟਰ ਮਿਸਤਰੀ/*ਪ੍ਰੇਮ ਸਿੰਘ ਮਸਤਾਨਾ* 40/-
ਨਿਊਜ਼ੀਲੈਂਡ ਕਿਵੇਂ ਜਾਈਏ/*ਜਤਿੰਦਰ ਪੰਜਤੂਰੀ* 40/-
ਪੰਜਾਬੀ ਭਾਸ਼ਾ ਦਾ ਅਧਿਆਪਨ/*ਪ੍ਰੋ. ਇਕਬਾਲ ਸਿੰਘ* 70/-
ਟੈਲੀਵਿਜ਼ਨ/*ਸੀ.ਪੀ. ਕੰਬੋਜ* 20/-
ਮੋਬਾਇਲ ਫੋਨ/*ਸੀ.ਪੀ. ਕੰਬੋਜ* 20/-
ਕੰਪਿਊਟਰ/*ਸੀ.ਪੀ. ਕੰਬੋਜ* 20/-
ਰੋਬੋਟ/*ਸੀ.ਪੀ. ਕੰਬੋਜ* 20/-
ਸੰਚਾਰ ਦੇ ਸਾਧਨ/*ਸੀ.ਪੀ. ਕੰਬੋਜ* 20/-

## ਸਿਹਤ ਸਬੰਧੀ ਸਾਹਿਤ

ਦਿਲ ਦੀ ਵਿਗੜ ਰਹੀ ਸਿਹਤ/*ਡਾ. ਦੀਪਤੀ* 60/-
ਸਿਹਤ ਅਤੇ ਵਹਿਮ ਭਰਮ/*ਡਾ. ਸ਼ਿਆਮ ਸੁੰਦਰ ਦੀਪਤੀ* 80/-
ਮਾਨਸਿਕ ਰੋਗ-ਕਾਰਣ, ਲੱਛਣ ਤੇ ਇਲਾਜ/ਡਾ. ਸੰਦੀਪ 50/-
ਸਾਡੇ ਬੱਚੇ ਸਾਡੇ ਚਿਰਾਗ/*ਡਾ. ਹਰਸ਼ਿੰਦਰ ਕੌਰ* 60/-
ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ 100/-
ਬੱਚਿਆਂ ਬਾਰੇ ਗਿਆਨ, ਵਿਗਿ. ਤੇ ਮਨੋਵਿਗਿਆਨ 100/-
ਬਾਲ ਮਨਾਂ ਵਿੱਚ/ਡਾ. ਹਰਸ਼ਿੰਦਰ ਕੌਰ 120/-
ਸਿਹਤ ਸੰਭਾਲ/*ਡਾ. ਅਜੀਤਪਾਲ ਸਿੰਘ* 50/-
ਤੰਦਰੁਸਤ ਕਿਵੇਂ ਰਹੀਏ/*ਡਾ. ਅਜੀਤਪਾਲ ਸਿੰਘ* 40/-
ਡਾਕਟਰ ਦੀ ਸਲਾਹ/*ਡਾ. ਅਜੀਤਪਾਲ ਸਿੰਘ* 40/-
ਸਿਹਤ ਫੁਲਵਾੜੀ/*ਡਾ. ਅਜੀਤਪਾਲ ਸਿੰਘ* 50/-
ਤੰਦਰੁਸਤੀ ਇਕ ਨਿਆਮਤ ਹੈ/ਡਾ. ਅਜੀਤਪਾਲ 100/-
ਸ਼ੂਗਰ ਰੋਗ/*ਡਾ. ਸ਼ਿਆਮ ਸੁੰਦਰ ਦੀਪਤੀ* 10/-
ਬਲੱਡ ਪ੍ਰੈਸ਼ਰ/*ਡਾ. ਸ਼ਿਆਮ ਸੁੰਦਰ ਦੀਪਤੀ* 15/-
ਕੈਂਸਰ/*ਡਾ. ਸ਼ਿਆਮ ਸੁੰਦਰ ਦੀਪਤੀ* 10/-
ਏਡਜ਼/*ਡਾ. ਸ਼ਿਆਮ ਸੁੰਦਰ ਦੀਪਤੀ* 10/-
ਉਦਾਸੀ ਰੋਗ/*ਡਾ. ਪਰਮਜੀਤ ਸਿੰਘ* 10/-
ਮਿਰਗੀ ਰੋਗ/*ਡਾ. ਪਰਮਜੀਤ ਸਿੰਘ* 10/-
ਅੱਖਾਂ ਦੀ ਸੰਭਾਲ/*ਡਾ. ਬਲਜੀਤ ਸਿੰਘ ਢਿੱਲੋਂ* 10/-
ਸੁਖਾਵੇਂ ਪਿਆਰ ਸਬੰਧ/*ਡਾ. ਰਣਜੀਤ ਸਿੰਘ* 30/-
ਨਸ਼ੇ ਕਿਵੇਂ ਛੱਡੀਏ/*ਰਣਜੀਤ ਝਨੇਰ* 70/-
ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ* 30/-
ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ* 20/-
ਬਾਲ ਮਨੋਵਿਗਿਆਨ/*ਬਲਵਿੰਦਰ ਬਰਨਾਲਾ* 30/-
ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ* 20/-
ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ* 40/-

### ■ ਬੱਚਿਆਂ ਲਈ ਪੁਸਤਕਾਂ

ਰੂਸੀ ਬਾਲ ਕਹਾਣੀ 'ਲਾਖੀ'/*ਅਨੰਤ ਚੇਖ਼ਵ* 20/-
ਨਿੱਕੇ ਨਿੱਕੇ ਸੂਰਜ/*ਅਮਰ ਕੋਮਲ* 10/-
ਬਾਲ ਖੇਡ ਵੰਨਗੀ/*ਕੁੰਦਨ ਲਾਲ ਭੱਟੀ* 70/-
ਸੰਗੀ ਸਾਥੀ/*ਸੁਲੱਖਣ ਮੀਤ (ਪ੍ਰੋ:)* 50/-
ਮੇਰੀ ਪੁਸਤਕ ਤੇਰੀ ਪੁਸਤਕ/*ਸੁਲੱਖਣ ਮੀਤ (ਪ੍ਰੋ:)* 50/-
ਫੁੱਲਾਂ ਵਰਗੇ ਬੱਚੇ/ਅਮਰੀਕ ਸਿੰਘ ਤਲਵੰਡੀ 50/-
ਛਹਿਬਰ/ਨਵਰਾਹੀ ਘੁਗਿਆਣਵੀ 50/-
ਆਓ ਕਰੀਏ ਪੜ੍ਹਾਈ/ਕੰਚਨ 50/-
ਅਮਰ ਕਹਾਣੀਆਂ (ਸੌ ਦੰਦ ਕਥਾਵਾਂ)/ਡਾ. ਅਮਰ ਕੋਮਲ 50/-
ਗੁਲੀਵਰ ਦੀਆਂ ਯਾਤਰਾਵਾਂ/*ਜੋਨਾਥਨ ਸਵਿਫਟ* 15/-
ਗਨੇਰੀਆਂ/*ਨਵਰਾਹੀ ਘੁਗਿਆਣਵੀ* 40/-
ਜੈਜ਼ੀਨਾਮਾ/*ਹਰਨੇਕ ਸਿੰਘ ਰਾਣਾ* 30/-
ਘਰ ਦੀ ਰੌਣਕ/*ਅਮਰੀਕ ਤਲਵੰਡੀ* 100/-
ਸਾਡੇ ਗੁਰੂ/*ਅਮਰੀਕ ਸਿੰਘ ਤਲਵੰਡੀ* 30/-
ਨਮੋਲੀਆਂ/*ਨਵਰਾਹੀ ਘੁਗਿਆਣਵੀ* 30/-
ਬੱਚੇ ਮਨ ਦੇ ਸੱਚੇ/*ਅਜਮੇਰ ਸਿੰਘ ਮੋਹੀ* 50/-
ਹੀਰੇ ਪੁੱਤਰ ਮਾਵਾਂ ਦੇ/*ਅਮਰੀਕ ਤਲਵੰਡੀ* 30/-
ਸਾਡਾ ਸਕੂਲ/*ਅਮਰੀਕ ਤਲਵੰਡੀ* 50/-
ਮਾਸੂਮ/*ਨਵਰਾਹੀ ਘੁਗਿਆਣਵੀ* 40/-
ਕਵਿਤਾ ਰਾਹੀਂ ਵਿਗਿਆਨ/*ਪ੍ਰੋ. ਬਲਵਿੰਦਰ ਚਾਹਲ* 50/-
ਸਾਡੇ ਅਧਿਆਪਕ/*ਅਮਰੀਕ ਸਿੰਘ ਤਲਵੰਡੀ* 30/-
ਚੰਗੇ ਬੱਚੇ /*ਗੁਰਮੇਲ ਚਹਿਲ* 50/-
ਗਿਆਨ ਸਾਗਰ ਰਮਾਇਣ / *ਬਲਜਿੰਦਰ ਮਾਨ* 60/-
ਗੁਰੂ ਸਹਿਬਾਨ ਤੇ ਕਥਾ ਕਹਾਣੀਆਂ /*ਬਲਜਿੰਦਰ ਮਾਨ* 80/-

### ■ ਨਾਵਲ

ਮਾਂ ਤੇ ਧਰਤੀ /ਡਾ. ਨਰਿੰਦਰ ਸਿੰਘ 100/-
ਪ੍ਰਿਜ਼ਮ 300/-
ਬੇ ਵਜ੍ਹਾ/*ਸਿਕੰਦਰ ਝਨੇਰ* 100/-
ਰਿਸ਼ਤਿਆਂ ਦੇ ਰੰਗ/*ਇੰਦਰ ਸਿੰਘ ਖ਼ਾਮੋਸ਼* 15/-
ਕਰਜ਼ਈ ਸੁਪਨੇ/*ਇੰਦਰ ਸਿੰਘ ਖ਼ਾਮੋਸ਼* 20/-
ਕੋਲਿਆਂ ਦੇ ਦਲਾਲ/*ਕੌਰ ਚੰਦ ਰਾਹੀ* 20/-
ਵਾ ਵਰੋਲੇ/*ਬੀਰ ਇੰਦਰ ਸਿੰਘ ਢਿੱਲੋਂ* 50/-
ਵਿੰਗ ਤੜਿੰਗੇ ਰਾਹ/*ਪ੍ਰੋ. ਹਰਭਜਨ ਸਿੰਘ* 40/-
ਕਾਤਿਲ ਕੌਣ (ਜਸੂਸੀ ਨਾਵਲ)/*ਰਮਨਪਾਲ ਰਿਸ਼ੀ* 20/-
ਇੱਕ ਸੀ ਸਰੀਫ਼ਾਂ/*ਸਰਦੂਲ ਸਿੰਘ ਦਰਦ* 20/-
...ਤੇ ਲਹੂ ਵਹਿੰਦਾ ਰਿਹਾ/*ਡਾ. ਬਿੱਲੂ ਰਾਏਸਰ* 30/-
ਮਰਜੀਵੜਾ/*ਕਰਤਾਰ ਸਿੰਘ ਮਾਨ* 150/-
ਗਲੀ ਨੰ: 4/*ਬਿਕਰਮਜੀਤ ਨੂਰ* 50/-
ਰਾਹੂਕੇਤੂ/*ਬਾਬੂ ਸਿੰਘ ਬਰਾੜ* 40/-
ਪਾਪੀ/*ਬਿਕਰਮਜੀਤ ਨੂਰ* 20/-
ਸਰਕਲ/*ਗੁਰਪ੍ਰੀਤ ਸਿਹਜੀ* 30/-
ਯਾਦਾਂ ਦਾ ਪੁਤਲਾ/*ਧਰਮਿੰਦਰ ਬਾਵਾ* 50/-
ਬਲਦੇ ਸ਼ਿਵਿਆਂ ਦਾ ਸੇਕ/*ਪ੍ਰੋ. ਹਰਭਜਨ* 100/-
ਕੌਣ ਜਿੱਤਿਆ/*ਹਰਚੰਦ ਗਿੱਲ ਮਿਆਣੀ* 30/-
ਪਿੱਪਲ ਵਾਲਾ ਮੋੜ/*ਜੀਤ ਸਿੰਘ ਸੰਧੂ* 40/-
ਜੱਟ ਦੀ ਜੂਨ/*ਡਾ. ਰਾਜ ਕੁਮਾਰ ਗਰਗ* 100/-
ਰੂਪ ਦੇ ਰੰਗ/*ਬਾਬੂ ਸਿੰਘ ਬਰਾੜ* 40/-
ਦਿਨ ਚੜ੍ਹਨ ਤੱਕ/*ਜੀਤ ਸਿੰਘ ਸੰਧੂ* 40/-
ਚਿਹਰੇ/*ਮਹਿੰਦਰ ਪਾਲ ਸਿੰਘ ਧਾਲੀਵਾਲ* 100/-
ਬਾਪੂ ਦਾ ਵਿਆਹ/*ਸੁਰਜੀਤ ਸਿੰਘ ਸੁਹਿਰਦ* 50/-
ਅਰਥੀਅਨ/ਰਾਜ਼ਨ ਸਿੰਘ ਸਿੱਧੂ 100/-
ਸੂਲੀ ਤੇ ਟੰਗੀ ਰੂਹ (ਨਾਵਲ)/ਸੁਖਮੰਦਰ ਸਿੰਘ ਸਿਤਾਰਾ 40/-

# ਭੂਤ ਟਰਾਂਟੋ ਦਾ

ਸਤੰਬਰ ਦੋ ਹਜ਼ਾਰ ਤਿੰਨ ਇੱਕ ਸਵੇਰ ਦੀ ਗੱਲ ਹੈ ਕਿ ਮੈਂ ਬਿਸਤਰੇ ਵਿੱਚ ਸੁੱਤਾ ਹੀ ਪਿਆ ਸੀ ਕਿ ਟੈਲੀਫੋਨ ਦੀ ਘੰਟੀ ਵੱਜਣ ਲੱਗ ਪਈ। ਮੈਂ ਉਭੜਵਾਹੇ ਉਠਿਆ ਟੈਲੀਫੋਨ ਤੋਂ ਕੋਈ ਦੱਸ ਰਿਹਾ ਸੀ ਕਿ "ਮੈਂ ਟਰਾਂਟੋ ਤੋਂ ਹਰਬੰਸ ਬੋਲ ਰਿਹਾ ਹਾਂ। ਮੈਂ ਪੰਜਾਬ ਦੇ ਨਵਾਂ ਸ਼ਹਿਰ ਲਾਗੇ ਪਿੰਡ ਚੀਕਾ ਦਾ ਰਹਿਣ ਵਾਲਾ ਹਾਂ ਤੇ ਲੱਗਭਗ ਤੀਹ ਵਰ੍ਹੇ ਪਹਿਲਾਂ ਰੁਜ਼ਗਾਰ ਦੀ ਭਾਲ ਵਿੱਚ ਕੈਨੇਡਾ ਦੇ ਸ਼ਹਿਰ ਟਰਾਂਟੋ ਆ ਡੇਰੇ ਲਾਏ ਸਨ। ਮੈਨੂੰ ਪਿਛਲੇ ਬਾਰਾਂ ਵਰ੍ਹਿਆਂ ਤੋਂ ਭੂਤਾਂ ਤੇ ਨਾਗਾਂ ਨੇ ਬਹੁਤ ਤੰਗ ਕੀਤਾ ਹੋਇਆ ਹੈ। ਸਾਡੇ ਪਰਿਵਾਰ ਦੀ ਜ਼ਿੰਦਗੀ ਨਰਕ ਬਣਾਈ ਹੋਈ ਹੈ। ਮੈਂ ਤਿੰਨ ਬੇਟੀਆਂ ਦਾ ਬਾਪ ਹਾਂ" ਮੈਂ ਉਸਦੀ ਗੱਲ ਧਿਆਨ ਨਾਲ ਸੁਣੀ ਤੇ ਉਸਨੂੰ ਕਿਹਾ ਕਿ 'ਛੇਤੀ ਹੀ ਮੈਂ ਟਰਾਂਟੋ ਇੱਕ ਫੰਕਸ਼ਨ ਵਿੱਚ ਸ਼ਾਮਲ ਹੋਣ ਲਈ ਆ ਰਿਹਾ ਹਾਂ ਉਸ ਸਮੇਂ ਤੇਰੀ ਇਹ ਸਮੱਸਿਆ ਹੱਲ ਕਰ ਦਿੱਤੀ ਜਾਵੇਗੀ।" ਮੈਂ ਉਸਨੂੰ ਆਪਣੇ ਰਹਿਣ ਟਿਕਾਣੇ ਹਰਪਿੰਦਰ ਬਰਾੜ ਤੇ ਹਰਪ੍ਰੀਤ ਬਰਾੜ ਦਾ ਫੋਨ ਨੰਬਰ ਦੇ ਦਿੱਤਾ। ਇਹ ਦੋਵੇ ਪਤੀ ਪਤਨੀ ਸੁਸਾਇਟੀ ਦੇ ਮੈਂਬਰ ਹਨ ਤੇ ਸੁਸਾਇਟੀ ਲਈ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਤਿਆਰ ਹਨ। ਇਨ੍ਹਾਂ ਦੇ ਸੱਦੇ 'ਤੇ ਹੀ ਮੈਨੂੰ ਟਰਾਂਟੋ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਹੈ।



ਜਨਵਰੀ ਦੋ ਹਜ਼ਾਰ ਚਾਰ ਵਿੱਚ ਮੈਂ ਟਰਾਂਟੋ ਪੁੱਜ ਗਿਆ। ਹੋਰ ਕੰਮਾਂ ਦੇ ਨਾਲ ਨਾਲ ਇਸ ਕੇਸ ਨੂੰ ਵੀ ਹੱਲ ਕਰਨ ਦਾ ਤਹੱਈਆ ਕੀਤਾ। ਮਿਤੀ 30 ਜਨਵਰੀ ਦੋ ਹਜ਼ਾਰ ਚਾਰ ਨੂੰ ਮੈਂ ਤੇ ਹਰਪਿੰਦਰ ਹਰਬੰਸ ਦੇ ਸ਼ਹਿਰ ਬਰਲਿਗਟਨ ਲਈ ਚਲ ਪਏ। ਆਲੇ ਦੁਆਲੇ ਦੇ ਨਜ਼ਾਰੇ ਬਹੁਤ ਹੀ ਖੂਬਸੂਰਤ ਸਨ। ਸਭ ਚੀਜ਼ਾਂ ਦੁੱਧ ਚਿੱਟੀ ਬਰਫ਼ ਨਾਲ ਢਕੀਆਂ ਸਨ ਹਰਪਿੰਦਰ ਦੀ ਵੱਡੀ ਕਾਰ ਇੱਕ ਸੌ ਚਾਲੀ ਕਿਲੋਮੀਟਰ ਦੀ ਰਫ਼ਤਾਰ ਨਾਲ ਜਾ ਰਹੀ ਸੀ। ਲਗਭੱਗ ਇੱਕ ਘੰਟੇ ਦੇ ਸਫ਼ਰ ਬਾਅਦ ਅਸੀਂ ਸਬੰਧਤ ਘਰੇ ਜਾ ਪੁੱਜੇ। ਘਰ ਦਾ ਮਾਲਕ ਹਰਬੰਸ ਘਰ ਦੇ ਬਾਹਰੋਂ ਬਰਫ਼ ਹਟਾਉਣ ਲੱਗਿਆ ਹੋਇਆ ਸੀ। ਘਰ ਬਹੁਤ ਹੀ ਸ਼ਾਨਦਾਰ ਸਾਰੇ ਘਰ ਵਿੱਚ ਗਲੀਚੇ ਵਿਛੇ ਹੋਏ ਸਨ। ਕੈਨੇਡਾ ਵਿਚਲੇ ਘਰਾਂ ਦੀ ਸਫ਼ਾਈ ਦਾ ਜਦੋਂ ਮੈਂ ਪੰਜਾਬੀ ਘਰਾਂ ਨਾਲ ਮੁਕਾਬਲਾ ਕਰਦਾ ਹਾਂ ਤਾਂ ਮੈਨੂੰ ਜ਼ਮੀਨ ਅਸਮਾਨ ਦਾ ਅੰਤਰ ਨਜ਼ਰ ਆਉਂਦਾ ਹੈ ਖੈਰ ਇਨ੍ਹਾਂ ਗੱਲਾਂ ਨੂੰ ਕਿਸੇ ਹੋਰ ਥਾਂ ਛੱਡਦੇ ਹੋਏ ਆਪਾ ਆਪਣਾ ਧਿਆਨ ਇਸ ਕੇਸ ਹਿਸਟਰੀ ਤੇ ਹੀ ਕੇਂਦਰਤ ਕਰਦੇ ਹਾਂ

ਇਹ ਪਰਿਵਾਰ 1991 ਤੱਕ ਰਾਜੀ ਖੁਸ਼ੀ ਸੀ। ਦੋ ਮਕਾਨ ਜਿਨਾਂ ਦੀ ਕੀਮਤ ਅੱਠ ਲੱਖ ਡਾਲਰ ਤੋਂ ਘੱਟ ਨਹੀਂ ਸੀ ਇਨ੍ਹਾਂ ਦੇ ਆਪਣੇ ਬਣ ਚੁੱਕੇ ਸਨ। ਪਤੀ ਪਤਨੀ ਦੋਹਾਂ ਨੇ ਮੇਹਨਤ ਕਰਕੇ ਬੈਂਕ ਲੋਨ ਦੀਆਂ ਸਾਰੀਆਂ ਕਿਸਤਾਂ ਤਾਰ ਦਿੱਤੀਆਂ ਸਨ। ਪਤੀ ਹਰਬੰਸ ਕਰੇਨ ਉਪਰੇਟਰ ਸੀ ਉਸਦੀ ਪਤਨੀ ਗੁਰਿੰਦਰ ਕਾਰਾਂ ਦੇ ਪੁਰਜੇ ਬਣਾਉਣ ਵਾਲੀ ਫੈਕਟਰੀ ਵਿੱਚ ਇੰਸਪੈਕਸ਼ਨ ਦੀ ਜਾਬ ਕਰਦੀ ਸੀ। ਛੋਟੇ ਭਰਾ ਦੇ ਵਿਆਹ ਨੂੰ ਕਾਫੀ ਵਰ੍ਹੇ ਬੀਤ ਗਏ ਸਨ ਪਰ ਪਤਾ ਨਹੀਂ ਕਿਸ ਕਾਰਨ ਉਨ੍ਹਾਂ ਦੇ ਘਰ ਬੱਚਾ ਪੈਦਾ ਨਹੀਂ ਸੀ ਹੋ ਰਿਹਾ। ਛੋਟੇ ਭਰਾ ਨੇ ਆਪਣੇ ਘਰ ਵਿੱਚ ਮਾਈ ਅੱਤਿਆ ਦੀ ਚੌਂਕੀ ਲਵਾਉਣ ਦਾ ਫੈਸਲਾ ਕੀਤਾ ਕਿ ਸ਼ਾਇਦ ਚੌਂਕੀ ਨਾਲ ਹੀ ਘਰ ਵਿੱਚ ਬੱਚੇ ਦੀਆਂ ਕਿਲਕਾਰੀਆਂ ਪੈਣ ਲੱਗ ਜਾਣ। ਵੱਡੇ ਭਰਾ ਨੂੰ ਵੀ ਇਸ ਸੁਭ ਮੌਕੇ ਤੇ ਬੁਲਾਵਾ ਆ ਗਿਆ। ਚੌਂਕੀ ਸਮੇਂ ਹੀ ਮਾਈ ਅੱਤਿਆ ਨੇ ਹੁਕਮ ਚਾੜ੍ਹ ਦਿੱਤਾ ਕਿ ਹਰਬੰਸ ਆਪਣੀ ਪਤਨੀ ਗੁਰਿੰਦਰ ਨੂੰ ਵੀ ਚੌਂਕੀ ਵਿੱਚ ਲੈ ਕੇ ਹਾਜ਼ਰ ਹੋਵੇ। ਮਰਦਾ ਕੀ ਨਾ ਕਰਦਾ, ਬਾਬਿਆਂ ਦਾ ਹੁਕਮ ਸਿਰ ਮੱਥੇ 'ਤੇ ਮੰਨਦਾ ਹੋਇਆ ਹਰਬੰਸ ਆਪਣੀ ਪਤਨੀ ਗੁਰਿੰਦਰ ਨੂੰ ਚੌਂਕੀ ਤੇ ਲੈ ਕੇ ਹਾਜ਼ਰ ਹੋ ਗਿਆ।




**ਮੇਘ ਰਾਜ ਮਿੱਤਰ**
ਫੋਨ ਨੰ: 98887-87440


ਮਹਿੰਦਰ ਦਾ ਵਿਆਹ 1977 ਵਿੱਚ ਹਰਬੰਸ ਨਾਲ ਹੋਇਆ ਸੀ। ਵਿਆਹ ਤੋਂ ਪਹਿਲਾਂ ਉਸਨੇ ਆਪਣੇ ਪਿੰਡ ਦੇ ਸਕੂਲ ਤੋਂ ਦਸਵੀਂ ਪਾਸ ਕੀਤੀ ਸੀ। ਬਚਪਨ ਵਿੱਚ ਉਸ ਨੂੰ ਬਾਲਕ ਨਾਥ ਵਿੱਚ ਡੂੰਘੀ ਸ਼ਰਧਾ ਸੀ। ਹਰ ਸਮੇਂ ਆਪਣੇ ਖਿਆਲਾਂ ਵਿੱਚ ਬਾਲਕ ਨਾਥ ਨੂੰ ਸਮਾਈ ਉਹ ਕੈਨੇਡਾ ਦੀ ਧਰਤੀ ਆਪਣੇ ਪਤੀ ਦੀ ਉਂਗਲੀ ਫੜ ਆ ਉਤਰੀ। ਪੰਦਰਾਂ ਸਾਲ ਆਪਣੇ ਪਤੀ ਨਾਲ ਹੱਥ ਵਟਾਉਂਦੀ ਉਹ ਤਿੰਨ ਧੀਆਂ ਦੀ

ਮਾਂ ਵੀ ਬਣ ਗਈ ਇਨੇ ਸਮੇਂ ਦੌਰਾਨ ਉਸਨੂੰ ਬਾਲਕ ਨਾਥ ਦਾ ਕਦੇ ਸੁਪਨਾ ਵੀ ਨਾ ਆਇਆ। ਜਿਸ ਦਿਨ ਉਹ ਚੌਂਕੀ ਵਿੱਚ ਆ ਵੜੀ ਤਾਂ ਬਾਲਕ ਨਾਥ ਉਸਦੇ ਅੰਦਰ ਅਜਿਹਾ ਵੜਿਆ ਕਿ ਉਥੇ ਹੀ ਘਰ ਵਸਾ ਕੇ ਬੈਠ ਗਿਆ।

**ਬਾਲਕ ਨਾਥ ਕੀ ਕਰਦਾ ਸੀ :** ਬਾਲਕ ਨਾਥ ਨੇ ਉਸ ਦਿਨ ਆਉਂਦਿਆਂ ਹੀ ਹੁਕਮ ਚਾੜ ਦਿੱਤਾ ਕਿ ਸ਼ਹੀਦਾਂ ਦੀ ਜਗਾਹ ਬਣਾਉ। ਹਰ ਐਤਵਾਰ ਨੂੰ ਚੌਂਕੀ ਭਰਨ ਦੇ ਹੁਕਮ ਵੀ ਇਸੇ ਦਿਨ ਚਾੜ ਦਿੱਤਾ ਗਿਆ। ਬੱਸ ਫਿਰ ਕੀ ਸੀ ਹਰ ਐਤਵਾਰ ਨੂੰ ਸੁਵੱਖਤੇ ਹੀ ਕੰਮ ਛੱਡ ਕੇ ਆ ਜਾਣਾ ਤੇ ਦਿਨ ਭਰ ਮਾਈ ਅੱਤਿਆ ਦੀ ਚੌਂਕੀ ਭਰੀ ਜਾਣੀ ਤੇ ਭੰਡਾਰੇ ਕਰੀ ਜਾਣਾ। ਸਾਰਾ ਪਰਿਵਾਰ ਹੀ ਅਜਿਹਾ ਕੁਝ ਕਰਦਾ ਰਹਿੰਦਾ। ਕਦੇ ਕਦੇ ਭੰਡਾਰਾ ਕਰਨ ਦਾ ਹੁਕਮ ਵੀ ਆ ਜਾਂਦਾ ਦੋ-ਚਾਰ ਹਜ਼ਾਰ ਡਾਲਰ ਖਰਚ ਕਰਕੇ ਮਾਈ ਅੱਤਿਆ ਦਾ ਭੰਡਾਰਾ ਵੀ ਕੀਤਾ ਜਾਂਦਾ।

ਹੌਲੀ ਹੌਲੀ ਇਹ ਵਰਤਾਰਾ ਵੱਧਦਾ ਹੀ ਗਿਆ ਬਾਕੀ ਦਿਨ ਘਰੇ ਵੀ ਬਾਲਕ ਨਾਥ ਦੇ ਹੀ ਗੁਣ ਗਾਣ ਹੁੰਦੇ ਰਹਿੰਦੇ। ਦਿਨੋ ਦਿਨ ਮਨ ਵਿੱਚ ਡਰ ਵੀ ਘਰ ਕਰਦਾ ਗਿਆ। ਕੰਮ ਤੇ ਜਾ ਕੇ ਵੀ ਡਰੀ ਜਾਣਾ। ਹਾਲਾਤ ਹੋਰ ਵੀ ਵਿਗੜਦੇ ਗਏ ਹੁਣ ਹਾਲਤ ਇਹ ਹੋ ਗਈ ਜੇ ਚਾਹ ਪੀਣੀ ਸ਼ੁਰੂ ਕਰ ਦੇਣੀ ਤਾਂ ਚਾਹ ਹੀ ਪੀਂਦੇ ਜਾਣਾ ਦਿਨ ਵਿੱਚ ਤੀਹ ਚਾਲੀ ਕੱਪ ਚਾਹ ਦੇ ਹੀ ਪੀ ਜਾਣਾ। ਨਾੜਾਂ ਕਸੀਆਂ ਜਾਂਦੀਆਂ ਰਹੀਆਂ। ਹੌਲੀ ਹੌਲੀ ਅਸਰ ਅੱਖਾਂ 'ਤੇ ਵੀ ਹੋਣ ਲੱਗ ਪਿਆ।

ਮਹਿੰਦਰ ਦਾ ਬੱਚਿਆਂ ਨਾਲ ਵੀ ਮੋਹ ਘੱਟ ਗਿਆ। ਪਤੀ ਨਾਲ ਪਤੀ ਪਤਨੀ ਵਾਲੇ ਸਬੰਧ ਖਤਮ ਹੋ ਗਏ।

ਹਰਬੰਸ ਅਨਪੜ੍ਹ ਹੋਣ ਕਰਕੇ ਉਸਦੇ ਵੀ ਮੁੱਕੀਆਂ ਵੱਜਦੀਆਂ ਸਨ। ਕਦੀ ਕਦੀ ਪਸਲੀ ਵਿੱਚ ਵੀ ਗੁੱਝਾ ਬਝਦੀਆਂ ਸਨ। ਸਰੀਰ ਵਿੱਚੋਂ ਤਾਕਤ ਚਲੀ ਗਈ ਸੀ। ਉਸਨੂੰ 6" ਲੰਬੇ ਨਾਗ ਵੀ ਦਿਸਣ ਲੱਗ ਪਏ ਸਨ। ਇਹ ਨਾਗ ਇਕੱਲੇ ਹਰਬੰਸ ਨੂੰ ਹੀ ਨਹੀਂ ਸਨ ਦਿਸਦੇ ਬਲਕਿ ਪਰਿਵਾਰ ਦੀਆਂ ਧੀਆਂ ਨੂੰ ਵੀ ਤੰਗ ਕਰਦੇ ਸਨ।

ਦੋ ਵਾਰ ਤਾਂ ਮਹਿੰਦਰ ਤੋਂ ਕਾਰ ਦਾ ਐਕਸੀਡੈਂਟ ਵੀ ਇਨ੍ਹਾਂ ਗੱਲਾਂ ਨਾਲ ਹੋ ਗਿਆ। ਇੱਕ ਵਾਰ ਤਾਂ ਉਹ ਆਪਣੇ ਪੇਕਿਆਂ ਦੇ ਘਰ ਨਵੀਂ ਕਾਰ ਲੈ ਕੇ ਗਈ ਹੀ ਸੀ ਗੈਰਾਜ ਵਿੱਚ ਹੀ ਪੈਰ ਬਰੇਕਾਂ ਦੀ ਵਜਾਏ ਰੇਸ ਤੇ ਟਿਕ ਗਿਆ ਤੇ ਕਾਰ ਕੰਧ ਟੱਪ ਕੇ ਗੁਸਲਖਾਨੇ ਵਿੱਚ ਜਾ ਵੜੀ। ਬੈਲਟ ਲੱਗੀ ਹੋਣ ਕਰਕੇ ਮਹਿੰਦਰ ਤਾਂ ਸੱਟਾਂ ਤੋਂ ਬਚ ਗਈ ਪਰ ਕਾਰ ਤੇ ਮਕਾਨ ਦਾ ਨੁਕਸਾਨ ਲੱਖਾਂ ਵਿੱਚ ਹੋ ਗਿਆ। ਇੱਕ ਦਿਨ ਵਿਚਕਾਰਲੀ ਕੁੜੀ ਛੋਟੀ ਨੂੰ ਨਾਲ ਲੈ ਕੇ ਜਾ ਰਹੀ ਸੀ ਕਿ ਕਾਰ ਉਲਟ ਕੇ ਖੱਡ ਵਿੱਚ ਜਾ ਡਿੱਗੀ। ਇਸ ਤਰ੍ਹਾਂ ਬਾਕੀ ਦੋ ਹੋਰ ਐਕਸੀਡੈਂਟ ਵੀ ਹੋ ਗਏ।

ਹੁਣ ਹਰਬੰਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸਨੇ ਆਪਣੇ ਘਰ ਦਾ ਇਲਾਜ ਕਰਾਉਣ ਲਈ ਵੱਖ-ਵੱਖ ਸਿਆਣਿਆਂ ਤੱਕ ਪਹੁੰਚ ਸ਼ੁਰੂ ਕਰ ਦਿੱਤੀ। ਇਸ ਕੰਮ ਲਈ ਦੋਹਾਂ ਜੀਆਂ ਨੇ 10-15 ਚੱਕਰ ਤਾਂ ਪੰਜਾਬ ਦੇ ਲਾ ਦਿੱਤੇ। 'ਸਿਆਣਿਆਂ' ਦੀ ਕਹੀ ਹਰ ਗੱਲ ਤੇ ਫੁੱਲ ਚੜ੍ਹਾਏ ਗਏ। ਕਿਸੇ ਸਿਆਣੇ ਨੇ ਕਿਹਾ ਚੌਂਕੀਆਂ ਭਰੋ ਅਸੀਂ ਭਰੀਆਂ ਕਿਸੇ ਨੇ ਕਿਹਾ ਸਧਾਰਣ ਪਾਠ ਕਰਵਾਉ ਅਸੀਂ ਕਰਵਾਏ। ਕਿਸੇ ਨੇ ਕਿਹਾ ਚਰਚ ਵਾਲੇ ਨੂੰ ਬੁਲਾਓ ਅਸੀਂ ਲੈ ਆਏ।

ਕਿਸੇ ਸਿਆਣੇ ਦੇ ਕਹਿਣ ਤੇ ਅਸੀਂ ਵੱਡੀ ਕੁੜੀ ਦਾ ਵਿਆਹ ਵੀ ਕੁੜੀ ਦੀ ਮਰਜ਼ੀ ਦੇ ਖਿਲਾਫ਼ ਕਰ ਦਿੱਤਾ। ਵਧੀਆ ਘਰ ਮਿਲ ਗਿਆ ਪਰ ਕੁੜੀ ਨੂੰ ਤਿੰਨ ਦਿਨਾਂ ਬਾਅਦ ਹੀ ਨਾਗ ਦਿਸਣ ਲੱਗ ਪਏ ਉਹ ਖੇਡਣ ਲੱਗ ਪਈ। ਉਸਦੀ Toilet ਵਾਲੀ ਥਾਂ 'ਤੇ ਫੋੜਾ



ਨਿਕਲ ਆਇਆ ਉਪਰੇਸ਼ਨ ਕਰਵਾਉਣਾ ਪਿਆ। ਤਿੰਨ ਦਿਨਾਂ ਬਾਅਦ ਹੀ ਤਲਾਕ ਹੋ ਗਿਆ ਕੁੜੀ ਘਰ ਬੈਠ ਗਈ।

ਬੰਗੇ (ਪੰਜਾਬ) ਗੁਰੂ ਵੀ ਧਾਰਨ ਕੀਤਾ ਹਾਲਤ ਵਿੱਚ ਕੋਈ ਵੀ ਫਰਕ ਨਾ ਪਿਆ। ਲਗਭਗ ਛੇ ਲੱਖ ਡਾਲਰ ਜਿਸਦਾ ਭਾਰਤ ਕਰੰਸੀ ਵਿੱਚ ਮੁਲ ਦੋ ਕਰੋੜ ਤੋਂ ਉਪਰ ਬਣਦਾ ਹੈ ਖਰਚ ਹੋ ਗਏ। ਇੱਕ ਘਰ ਗਿਆ ਦੂਜੇ ਤੇ Mortgage ਚੁੱਕ ਲਈ ਹੈ।

**ਸਾਡੇ ਤੱਕ ਪਹੁੰਚ :** ਪਰਿਵਾਰ ਦੇ ਬੇਨਤੀ ਕਰਨ ਤੇ ਸਾਡੇ ਦੋ ਵਿਅਕਤੀਆਂ ਦੀ ਟੀਮ ਉਸ ਘਰ ਪੁੱਜ ਗਈ। ਚਾਹ ਪਾਣੀ ਪੀਣ ਤੋਂ ਬਾਅਦ ਅਸੀਂ ਪਹਿਲਾਂ ਮਹਿੰਦਰ ਨਾਲ ਗੱਲਬਾਤ ਕੀਤੀ ਤੇ ਫਿਰ ਪੁੱਛ ਪੜਤਾਲ ਉਸਦੇ ਪਤੀ ਤੋਂ ਕੀਤੀ। ਪਰਿਵਾਰ ਨੇ ਬਾਕੀ ਗੱਲਾਂ ਦੀ ਜਾਣਕਾਰੀ ਤਾਂ ਸਾਨੂੰ ਪੂਰੀ ਤਰ੍ਹਾਂ ਦਿੱਤੀ ਪਰ ਕੁੜੀਆਂ ਨੂੰ ਮਿਲਵਾਉਣ ਤੋਂ ਇਨਕਾਰ ਕਰ ਦਿੱਤਾ।

ਇਸ ਤੋਂ ਬਾਅਦ ਅਸੀਂ ਦੋਹਾਂ ਜੀਆਂ ਨੂੰ ਇਕੱਠੇ ਬਿਠਾ ਲਿਆ ਤੇ ਉਨ੍ਹਾਂ ਦੇ ਦਿਮਾਗਾਂ ਵਿੱਚੋਂ ਭੂਤਾਂ ਪ੍ਰੇਤਾਂ ਦਾ ਡਰ ਕੱਢਣ ਲਈ ਉਨ੍ਹਾਂ ਨੂੰ ਸਾਡੇ ਦੁਆਰਾ ਕੀਤੇ ਕੰਮਾਂ ਦੀ ਜਾਣਕਾਰੀ ਦਿੱਤੀ ਗਈ। ਲਗਭਗ ਇੱਕ ਘੰਟੇ ਦੀ ਗੱਲਬਾਤ ਨਾਲ ਅਸੀਂ ਕੁਝ ਹੱਦ ਤੱਕ ਤਾਂ ਉਨ੍ਹਾਂ ਦੇ ਭਰਮ ਭੁਲੇਖੇ ਮੁਕਾ ਦਿੱਤੇ। ਇਸ ਤੋਂ ਬਾਅਦ ਅਸੀਂ ਮਹਿੰਦਰ ਨੂੰ ਹਿਪਨੋਟਿਜ਼ਮ ਕਰਨ ਦਾ ਫੈਸਲਾ ਕੀਤਾ ਅਤੇ ਉਸਨੂੰ Wash Room ਜਾਣ ਲਈ ਕਿਹਾ।

ਵਾਛ ਰੂਮ ਵਿੱਚੋਂ ਬਾਹਰ ਆਉਣ ਤੇ ਗੁਰਿੰਦਰ ਨੇ ਆਪਣੇ ਢਿੱਡ ਤੇ ਦੁਹੱਥੜ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਪੌੜੀਆਂ ਚੜ੍ਹਨ ਲੱਗ ਪਈ ਕਿਉਂਕਿ ਉਹ ਬੈੱਡ ਰੂਮ ਜਿਸ ਵਿੱਚ ਉਹਨੂੰ ਹਿਪਨੋਟਾਈਜ਼ ਕਰਨਾ ਸੀ ਉਹ ਉਪਰ ਸੀ। ਉਸਦਾ ਘਰ ਵਾਲਾ ਹਰਬੰਸ ਤੇ ਅਸੀਂ ਉਪਰ ਹੀ ਜਾ ਪਹੁੰਚੇ। ਮਹਿੰਦਰ ਬੈੱਡਰੂਮ ਦੇ ਫਰਸ਼ ਤੇ ਹੀ ਲਿਟੀ ਹੋਈ ਸੀ ਤੇ ਉਸਦਾ ਘਰ ਵਾਲਾ ਉਸਦੇ ਨਜ਼ਦੀਕ ਹੋਇਆ ਹੀ ਸੀ ਕਿ ਉਸਤੇ ਮੁੱਕੀਆਂ ਤੇ ਥੱਪੜਾਂ ਦੀ ਬਰਸਾਤ ਹੋਣੀ ਸ਼ੁਰੂ ਹੋ ਗਈ। ਘਰ ਵਾਲੇ ਨੇ ਮਸਾਂ ਆਪਣੀ ਜਾਨ ਬਚਾਈ ਉਸਦੇ ਜਾਣ ਦੀ ਦੇਰ ਸੀ ਕਿ ਅਸੀਂ ਉਸਨੂੰ ਹਿਪਨੋਟਾਈਜ਼ ਕਰਨਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਹ ਸਾਡੇ ਪ੍ਰਭਾਵ ਵਿੱਚ ਆ ਗਈ। ਵਾਰ ਵਾਰ ਸਾਡੇ ਸੁਝਾਵਾਂ ਨੇ ਉਸ ਵਿਚੋਂ ਬਾਲਕ ਨਾਥ ਨੂੰ ਸਦਾ ਲਈ ਕੱਢ ਦਿੱਤਾ।

ਸਾਡੇ ਦੁਆਰਾ ਦਿੱਤੀਆਂ ਕਿਤਾਬਾਂ ਨੇ ਪਰਿਵਾਰ ਦੀ ਜ਼ਿੰਦਗੀ ਮੁੜ ਲੀਹ 'ਤੇ ਲਿਆ ਦਿੱਤੀ।

***

ਵਿਅੰਗ ਲੇਖ

# ਕੌਣ ਕਹਿੰਦੈ ਕਿ ਅਸੀਂ ਆਜ਼ਾਦ ਨਹੀਂ

ਰਾਜਾ ਰਾਮ ਹੰਡਿਆਇਆ

ਭਾਵੇਂ ਸਾਡਾ ਦੇਸ਼ 15 ਅਗਸਤ 1947 ਨੂੰ ਆਜ਼ਾਦ ਹੋ ਗਿਆ ਸੀ ਪਰ ਅੱਜ ਵੀ ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਕੀ ਭਾਰਤ ਨੂੰ ਸਹੀ ਆਜ਼ਾਦੀ ਨਹੀਂ ਮਿਲ ਸਕੀ। ਉਹ ਆਮ ਤੌਰ 'ਤੇ ਇਹੀ ਕਹਿੰਦੇ ਹਨ ਕਿ ਭਾਰਤ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਨਹੀਂ ਬਣ ਸਕਿਆ। ਆਜ਼ਾਦੀ ਤੋਂ ਬਾਅਦ ਇੱਥੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਤੇ ਅਨਿਆਂ ਵਧਿਆ ਹੈ। ਭਾਵੇਂ ਇਹ ਸਾਰੀਆਂ ਗੱਲਾਂ ਸੱਚ ਹਨ ਪਰ ਇਹ ਸੱਜਣ ਸ਼ਾਇਦ ਆਜ਼ਾਦੀ ਦੇ ਸਹੀ ਅਰਥ ਨੂੰ ਨਹੀਂ ਜਾਣਦੇ। ਜੇਕਰ ਅਜੇ ਵੀ ਭਾਰਤੀ ਲੋਕ ਆਜ਼ਾਦ ਨਹੀਂ ਹਨ ਤਾਂ ਹੋਰ ਕਦੋਂ ਹੋਣਗੇ।



ਭਾਰਤ ਵਰਗੀ ਆਜ਼ਾਦੀ ਸ਼ਾਇਦ ਹੀ ਕਿਸੇ ਹੋਰ ਦੇਸ਼ ਵਿੱਚ ਹੋਵੇਗੀ। ਹੋਰਨਾਂ ਦੇਸ਼ਾਂ ਦੀਆਂ ਸਰਕਾਰਾਂ ਤਾਂ ਆਪਣੇ ਨਾਗਰਿਕਾਂ ਉਤੇ ਲੱਖਾਂ ਹੀ ਬੰਧਨ ਲਾ ਕੇ ਰੱਖਦੀਆਂ ਹਨ ਪਰ ਭਾਰਤ ਦੇ ਨਾਗਰਿਕਾਂ ਨੂੰ ਤਾਂ ਹਰ ਪ੍ਰਕਾਰ ਦੀ ਆਜ਼ਾਦੀ ਹੈ। ਇਸ ਆਜ਼ਾਦੀ ਦੇ ਕਾਰਨ ਹੀ ਤਾਂ ਇੱਥੇ ਲੁੱਟ-ਖਸੁੱਟ, ਮਿਲਾਵਟਖੋਰੀ, ਚਾਚਾ-ਭਤੀਜਾਵਾਦ ਚਲਦਾ ਹੈ। ਜੋ ਮਰਜ਼ੀ ਕਰੀ ਜਾਵੋਂ, ਕੋਈ ਪਾਬੰਦੀ ਨਹੀਂ। ਫਿਰ ਭਲਾ ਕਿਵੇਂ ਮੰਨ ਲਈਏ ਕਿ ਅਸੀਂ ਆਜ਼ਾਦ ਨਹੀਂ ਹਾਂ।

ਜਿੰਨੀ ਆਜ਼ਾਦੀ ਭਾਰਤੀਆਂ ਨੂੰ ਮਿਲੀ ਹੋਈ ਹੈ ਉਹ ਵੱਡੇ ਤੋਂ ਵੱਡੇ ਨਾਢੂਖਾਂ ਦੇਸ਼ ਦੇ ਨਾਗਰਿਕਾਂ ਕੋਲ ਵੀ ਨਹੀਂ। ਭਾਰਤੀ ਲੋਕ ਜਿੱਧਰ ਮਰਜ਼ੀ ਤੁਰੇ ਫਿਰਨ, ਜਿੱਥੇ ਮਰਜ਼ੀ ਪਿਸ਼ਾਬ ਜਾਂ ਲੈਟਰਿਨ ਕਰੀ ਜਾਣ, ਸ਼ਰੇਆਮ ਗਲੀਆਂ-ਬਜ਼ਾਰਾਂ ਜਾਂ ਸੜਕਾਂ ਤੇ ਥੁੱਕਦੇ ਫਿਰਨ। ਜਿੱਥੇ ਵੀ ਹਾਜਤ ਹੋਈ, ਕਿਸੇ ਵੀ ਕੰਧ ਨਾਲ ਖੜ੍ਹੇ ਹੋਕੇ ਪਿਸ਼ਾਬ ਕਰਨ ਜਾਂ ਲੈਟਰਿਨ ਬੈਠ ਜਾਣ, ਉਨ੍ਹਾਂ ਨੂੰ ਪੂਰਨ ਆਜ਼ਾਦੀ ਹੈ। ਹੋਰਨਾਂ ਦੇਸ਼ਾਂ ਵਿੱਚ ਤਾਂ ਥੁੱਕਣ ਤੇ ਵੀ ਜੁਰਮਾਨਾ ਲੱਗਦਾ ਹੈ ਪਰ ਭਾਰਤੀ ਲੋਕ ਤਾਂ ਆਲੀਸ਼ਾਨ ਭਵਨਾਂ ਨੂੰ ਵੀ ਪਾਨ, ਜਰਦਿਆਂ ਦੇ ਥੁੱਕ ਦੀਆਂ ਪਿਚਕਾਰੀਆਂ ਨਾਲ ਰੰਗ ਦਿੰਦੇ ਹਨ। ਹੋਰਨਾਂ ਦੇਸ਼ਾਂ ਵਿੱਚ ਅਜਿਹੇ ਕੰਮਾਂ ਲਈ ਵਿਅਕਤੀ ਨੂੰ ਅਸੱਭਿਆ ਸਮਝਿਆ ਜਾਂਦਾ ਹੈ। ਪਰ ਸਾਨੂੰ ਇਸ ਆਜ਼ਾਦੀ ਉਤੇ ਫ਼ਖ਼ਰ ਹੁੰਦਾ ਹੈ। ਇਹ ਠੀਕ ਹੈ ਕਿ ਤਰੱਕੀ ਪਸੰਦ ਦੇਸ਼ਾਂ ਵਿੱਚ ਥਾਂ-ਥਾਂ ਤੇ ਵਿਅਕਤੀ ਲਈ ਕੂੜਾਦਾਨ, ਥੁੱਕਦਾਨ, ਪਿਸ਼ਾਬ ਘਰ ਜਾਂ ਟਾਇਲਟ ਬਣੇ ਹੁੰਦੇ ਹਨ ਪਰ ਸਾਡੀ ਸਰਕਾਰ ਸ਼ਾਇਦ ਸਾਡੀ ਆਜ਼ਾਦੀ ਉਤੇ ਬੰਧਨ ਲਾਉਣ ਦੇ ਹੱਕ ਵਿੱਚ ਨਹੀਂ ਹੈ, ਤਦੇ ਹੀ ਤਾਂ ਉਸਨੇ ਇਨ੍ਹਾਂ ਗੱਲਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ।

ਸਾਡੇ ਦੇਸ਼ ਦੇ ਬੱਚੇ ਆਪਣੀ ਆਜ਼ਾਦੀ ਦਾ ਭਰਪੂਰ ਆਨੰਦ ਮਾਣਦੇ ਹਨ ਇਸੇ ਕਰਕੇ ਉਹ ਪਿੰਡਾਂ ਜਾਂ ਸ਼ਹਿਰਾਂ ਦੇ ਗਲੀ ਮੁਹੱਲਿਆਂ ਨੂੰ ਆਪਣਾ ਕ੍ਰਿਕਟ ਦਾ ਮੈਦਾਨ ਬਣਾ ਲੈਂਦੇ ਹਨ। ਉਨ੍ਹਾਂ ਦੀ ਗੇਂਦ ਭਾਵੇਂ ਆਉਣ ਜਾਣ ਵਾਲੇ ਰਾਹੀਆਂ ਦਾ ਸਿਰ ਜਾਂ ਮੂੰਹ ਮੱਥਾ ਭੰਨ੍ਹ ਦੇਵੇ ਪਰ ਕੋਈ ਵੀ ਉਨ੍ਹਾਂ ਦੀ ਆਜ਼ਾਦੀ ਉਤੇ ਕਿੰਤੂ-ਪ੍ਰੰਤੂ ਨਹੀਂ ਕਰ ਸਕਦਾ। ਬੱਸ ਚੁੱਪਚਾਪ ਗੇਂਦ ਤੋਂ ਬਚ ਕੇ ਨਿਕਲਣ ਦਾ ਉਪਰਾਲਾ ਕਰਦਾ ਹੈ। ਜੇਕਰ ਉਨ੍ਹਾਂ ਨੂੰ ਤਾੜਨਾ ਕਰੀਏ ਕਿ ਗਰਾਊਂਡ ਵਿਚ ਜਾ ਕੇ ਖੇਲ੍ਹੋ ਤਾਂ ਉਹ ਪੁੱਛਣਗੇ, "ਕਿੱਥੇ ਹਨ ਗਰਾਊਂਡ?" ਜਦੋਂ ਖੇਡਣ ਲਈ ਖੁੱਲ੍ਹੇ ਗਰਾਊਂਡ ਨਹੀਂ ਹੋਣਗੇ ਤਾਂ ਵਿਚਾਰੇ ਜਾਣ ਵੀ ਕਿੱਥੇ?"

ਤੁਸੀਂ ਕਿਸੇ ਵੀ ਪਿੰਡ ਜਾਂ ਸ਼ਹਿਰ ਦੇ ਗਲੀ ਮੁਹੱਲਿਆਂ ਦਾ ਦੌਰਾਂ ਕਰੋਗੇ ਤਾਂ ਤੁਹਾਨੂੰ ਭਾਰਤੀ ਲੋਕਾਂ ਦੀ ਆਜ਼ਾਦੀ ਦੇਖ ਕੇ ਬੜਾ ਮਾਣ ਹੋਵੇਗਾ। ਘਰ ਦਾ ਸਾਰਾ ਕੂੜਾ ਕਰਕਟ ਪਾਲੀਥੀਨ ਦੇ ਲਿਫਾਫਿਆਂ ਵਿੱਚ ਬੰਨ੍ਹਕੇ ਲੋਕੀਂ ਗਲੀਆਂ ਵਿੱਚ ਵਗਾਹ ਮਾਰਦੇ ਹਨ। ਨਾਲੀਆਂ ਵਿੱਚ ਸੁੱਟ ਦਿੰਦੇ ਹਨ। ਜੇਕਰ ਸਰਕਾਰ ਉਨ੍ਹਾਂ ਦੀ ਇਸ ਆਜ਼ਾਦੀ ਉਤੇ ਬੰਧਨ ਲਾਉਣਾ ਚਾਹੇਗੀ ਤਾਂ ਉਸਨੂੰ ਬੜੀ ਕਰੜੀ ਕੀਮਤ ਤਾਰਨੀ ਪਵੇਗੀ। ਥਾਂ-ਥਾਂ ਉਤੇ ਕੂੜਾਦਾਨ ਧਰਨੇ ਪੈਣਗੇ। ਗੰਦ ਚੁੱਕਣ ਤੇ ਬਾਹਰ ਸੁੱਟਣ ਵਾਲੀਆਂ ਗੱਡੀਆਂ ਖਰੀਦਣੀਆਂ ਪੈਣਗੀਆਂ। ਪੇਂਡੂ ਬੱਚਿਆਂ ਨੂੰ ਸੜਕਾਂ ਉਤੇ ਖੇਡਣ ਦਾ ਬੜਾ ਸ਼ੌਕ ਹੈ। ਉਹ ਆਪਣੀ ਆਜ਼ਾਦੀ ਦਾ ਲਾਭ ਬਚਪਨ ਤੋਂ ਹੀ ਉਠਾਉਣ ਲੱਗ ਪੈਂਦੇ ਹਨ। ਸੜਕ ਉੱਤੇ ਇੱਟਾਂ ਰੋੜੇ ਵਿਛਾਉਣੇ, ਕੱਚ ਦੀਆਂ ਸ਼ੀਸ਼ੀਆਂ-ਬੋਤਲਾਂ ਭੰਨ੍ਹ ਦੇਣੀਆਂ, ਕੰਡੇ, ਪੱਥਰ ਆਦਿ ਰੱਖਣਾ ਉਨ੍ਹਾਂ ਦਾ ਸ਼ੁਗਲ ਹੈ। ਆਜ਼ਾਦ ਦੇਸ਼ਾਂ ਦੇ ਬੱਚੇ ਆਖਰ ਅਜਿਹੀ ਆਜ਼ਾਦੀ ਮਾਣਦੇ ਹੀ ਹਨ। ਉਨ੍ਹਾਂ ਦੇ ਮਾਪੇ ਵੀ ਘੱਟ ਨਹੀਂ। ਉਹ ਵੀ ਆਪਣੇ ਪਸ਼ੂਆਂ 'ਰੇੜ੍ਹਿਆਂ ਜਾਂ ਗੱਡਿਆਂ' ਨੂੰ ਸੜਕਾਂ ਤੋਂ ਥੱਲੇ ਨਹੀਂ ਉਤਾਰਦੇ, ਜਿਵੇਂ ਸੜਕ ਤੋਂ ਥੱਲੇ ਉਨ੍ਹਾਂ ਦੇ ਪੈਰ ਮੈਲੇ ਹੁੰਦੇ ਹੋਣ। ਰੋਡ-ਟੈਕਸ ਭਰਨ ਵਾਲੇ ਲੋਕ ਭਾਵੇਂ ਜਿੰਨੇ ਮਰਜ਼ੀ ਹਾਰਨ ਮਾਰੀ ਜਾਣ ਪਰ ਉਹ ਟੱਸ ਤੋਂ ਮੱਸ ਨਹੀਂ ਹੁੰਦੇ। ਆਖਰ ਲੋਕ ਆਪ ਹੀ ਇੱਧਰ ਉੱਧਰ ਹੋ ਕੇ ਅੱਗੇ ਲੰਘ ਜਾਂਦੇ ਹਨ। ਪਿੰਡਾਂ ਦੇ ਲੋਕਾਂ ਨੂੰ ਆਵਾਜਾਈ ਦੇ ਤੇਜ਼ ਚੱਲਣ ਵਾਲੇ ਸਾਧਨਾਂ ਨਾਲ ਚਿੱੜ ਹੁੰਦੀ ਹੈ। ਇਸ ਕਰਕੇ ਉਹ ਸੜਕ ਬਣਦੇ ਸਮੇਂ ਆਪਣੀ ਆਜ਼ਾਦੀ ਦਾ ਪੂਰਾ ਲਾਭ ਉਠਾਉਂਦੇ

ਹਨ। ਆਪਣੇ-ਆਪਣੇ ਘਰ ਅੱਗੇ ਵੱਧ ਤੋਂ ਵੱਧ ਸਪੀਡ-ਬ੍ਰੇਕਰ ਬਣਵਾ ਲੈਂਦੇ ਹਨ। ਉਹ ਕਦੇ ਨਹੀਂ ਸੋਚਦੇ ਕਿ ਕੋਈ ਗੰਭੀਰ ਕਿਸਮ ਦਾ ਮਰੀਜ਼ ਜੇਕਰ ਪਿੰਡੋਂ-ਸ਼ਹਿਰ ਲਿਜਾਣਾ ਹੋਵੇ ਤਾਂ ਉਹ ਇਨ੍ਹਾਂ ਬ੍ਰੇਕਰਾਂ ਕਾਰਨ ਰਸਤੇ ਵਿੱਚ ਹੀ ਦਮ ਤੋੜ ਜਾਂਦਾ ਹੈ।

ਸੜਕਾਂ ਉੱਤੇ ਚਲਦੇ ਸਮੇਂ ਆਜ਼ਾਦੀ ਦਾ ਇਕ ਹੋਰ ਵਧੀਆ ਦ੍ਰਿਸ਼ ਦੇਖਣ ਨੂੰ ਮਿਲਦਾ ਹੈ, ਜਦੋਂ ਬੱਸਾਂ-ਟਰੱਕਾਂ ਤੇ ਹੋਰ ਵਹੀਕਲਾਂ ਦੇ ਡਰਾਇਵਰ ਆਪਣੀਆਂ ਗੱਡੀਆਂ ਨੂੰ ਸੜਕ ਦੇ ਐਨ ਵਿਚਕਾਰ ਖੜ੍ਹੀਆਂ ਕਰਕੇ ਕਈ-ਕਈ ਮਿੰਟ ਇੰਜ ਗੱਲਾਂ ਕਰਦੇ ਹਨ ਜਿਵੇਂ ਹੁਣੇ ਹੀ ਸਮਾਂ ਮਿਲਿਆ ਹੋਵੇ। ਅੱਗੇ-ਪਿੱਛੇ ਜਾਮ ਹੋਈ ਟ੍ਰੈਫਿਕ ਦੀ ਕੋਈ ਪ੍ਰਵਾਹ ਨਹੀਂ ਹੁੰਦੀ। ਲੋਕ ਭਾਵੇਂ ਔਖੇ ਹੋਈ ਜਾਣ ਪਰ ਆਜ਼ਾਦੀ ਤਾਂ ਇਹੀ ਹੈ ਕਿ ਕੋਈ ਰੋਕ ਟੋਕ ਨਾ ਸਕੇ। ਤੁਸੀਂ ਆਜ਼ਾਦੀ ਨਾਲ ਆਪਣੇ ਘਰ ਵਿੱਚ ਟੀ. ਵੀ., ਡੈਂਕ ਜਾਂ ਸੀ. ਡੀ. ਪਲੇਅਰ ਆਦਿ ਪੂਰੀ ਆਵਾਜ਼ ਵਿੱਚ ਵਜਾ ਸਕਦੇ ਹੋ ਗੰਦੇ-ਗੰਦੇ ਗੀਤ ਆਪ ਸੁਣ ਸਕਦੇ ਹੋ ਅਤੇ ਧੱਕੇ ਨਾਲ ਆਪਣੇ ਗੁਆਂਢੀਆਂ ਨੂੰ ਸੁਣਾ ਸਕਦੇ ਹੋ। ਕੋਈ ਤੁਹਾਡਾ ਵਿਰੋਧ ਨਹੀਂ ਕਰੇਗਾ। ਇਹ ਭਾਰਤ ਹੈ, ਇਥੇ ਸ਼ੋਰ ਕਰਨ ਦੀ ਪੂਰੀ ਆਜ਼ਾਦੀ ਹੈ। ਜਦੋਂ ਦੇਸ਼ ਦੇ ਕਰੋੜਾਂ ਧਾਰਮਿਕ-ਸਥਾਨਾਂ ਵਿੱਚ ਚਲਦੇ ਚਾਰ ਚਾਰ ਲਾਊਡ ਸਪੀਕਰ ਤੁਹਾਨੂੰ ਜਗਰਾਤਾ ਕੱਟਣ ਲਈ ਮਜਬੂਰ ਕਰ ਸਕਦੇ ਹਨ ਤਾਂ ਫਿਰ ਤੁਹਾਡੇ ਟੀ. ਵੀ. ਜਾਂ ਡੈੱਕ ਦੀ ਆਵਾਜ਼ ਸਹਿਣ ਕਰਨੀ ਕਿੰਨੀ ਕੁ ਔਖੀ ਹੈ।

ਇੱਥੇ ਕੇਵਲ ਧਾਰਮਿਕ ਲੋਕਾਂ ਨੂੰ ਹੀ ਸ਼ੋਰ ਸ਼ਰਾਬਾ ਕਰਨ ਦੀ ਆਜ਼ਾਦੀ ਨਹੀਂ ਹੈ ਬਲਕਿ ਗਲੀਆਂ ਵਿੱਚ ਫਿਰ ਕੇ ਸਮਾਨ ਵੇਚਣ ਵਾਲਿਆਂ ਨੂੰ ਵੀ ਆਜ਼ਾਦੀ ਹੈ ਕਿ ਉਹ ਲਾਊਡ ਸਪੀਕਰ ਲਾ ਕੇ ਆਪਣੀ ਸਬਜ਼ੀ, ਅਚਾਰ ਜਾਂ ਹੋਰ ਚੀਜ਼ਾਂ ਵੇਚ ਸਕਦੇ ਹਨ। ਭਾਰਤੀ ਲੋਕ ਆਜ਼ਾਦੀ ਦਾ ਆਨੰਦ ਮਾਣਦੇ ਹੋਏ ਅਕਸਰ ਹੀ ਦੇਖੇ ਜਾ ਸਕਦੇ ਹਨ। ਉਹ ਸ਼ਰਾਬ ਪੀ ਕੇ ਪਿੰਡਾਂ ਦੀਆਂ ਗਲੀਆਂ ਵਿੱਚੋਂ ਲੰਘਦੇ ਹੋਏ ਗੰਦੀਆਂ ਗੰਦੀਆਂ ਗਾਲਾਂ ਦਾ ਆਨੰਦ ਲੈਂਦੇ ਹਨ। ਭਾਰਤ ਦੇ ਆਜ਼ਾਦੀ ਪਸੰਦ ਲੋਕ ਅਜਿਹੇ ਲੋਕਾਂ ਦੀ ਆਜ਼ਾਦੀ ਵਿੱਚ ਕੋਈ ਦਖਲ ਨਹੀਂ ਦਿੰਦੇ। ਇੱਥੇ ਹਰ ਕਿਸਮ ਦੇ ਵਿਅਕਤੀ ਲਈ ਪੂਰੀ ਆਜ਼ਾਦੀ ਹੈ।

ਇੱਥੋਂ ਦੇ ਰਾਜਨੇਤਾਵਾਂ ਉਤੇ ਭਾਰਤੀ ਸੰਵਿਧਾਨ ਦੀ ਵਫ਼ਾਦਾਰੀ ਦੀ ਸਹੁੰ ਚੁੱਕਣ ਨਾਲ ਵੀ ਕੋਈ ਕਾਇਦਾ-ਕਾਨੂੰਨ ਲਾਗੂ ਨਹੀਂ ਹੁੰਦਾ। ਉਹ ਪੂਰੀ ਆਜ਼ਾਦੀ ਨਾਲ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹਨ। ਵਿਧਾਨ-ਸਭਾ ਜਾਂ ਸੰਸਦ ਵਿੱਚ ਉਹ ਪੂਰੀ ਤਰ੍ਹਾਂ ਖੁੱਲ੍ਹਕੇ ਜੁੱਤੀਆਂ-ਚੱਪਲਾਂ, ਕੁਰਸੀਆਂ ਜਾਂ ਲੱਤਾਂ ਬਾਹਾਂ ਦਾ ਪ੍ਰਯੋਗ ਕਰ ਸਕਦੇ ਹਨ। ਵਿਰੋਧੀਆਂ ਉਤੇ ਝੂਠੇ ਮੁਕੱਦਮੇ ਬਣਾਕੇ ਉਨ੍ਹਾਂ ਨੂੰ ਜੇਲ੍ਹ ਭੇਜ ਸਕਦੇ ਹਨ। ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਲੁੱਟ-ਖਸੁੱਟ ਕਰਨ, ਨੌਕਰੀਆਂ ਵੇਚਣ ਜਾਂ ਆਪਣੇ ਚਹੇਤਿਆਂ ਨੂੰ ਦੇਣ ਦੀ ਆਜ਼ਾਦੀ ਹੈ। ਲਾਇਕ ਬੰਦਿਆਂ ਨੂੰ ਉਹ ਭਾਵੇਂ ਇੱਕ ਵੀ ਨੌਕਰੀ ਨਾ ਦੇਣ। ਕੋਰਟ ਵੀ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ। ਆਖਰ ਕੋਰਟ ਦੇ ਬੰਦੇ ਵੀ ਤਾਂ ਉਨ੍ਹਾਂ ਨੇ ਹੀ ਨੌਕਰੀਆਂ ਉਤੇ ਲਾਏ ਹੁੰਦੇ ਹਨ। ਭਲਾ ਕੋਈ ਆਪਣੇ ਅੰਨਦਾਤਾ ਦੇ ਵਿਰੁੱਧ ਫੈਸਲਾ ਦੇ ਸਕਦਾ ਹੈ। ਜਿੰਨੀ ਦੇਰ ਸੱਤਾ ਉੱਤੇ ਕਾਬਜ਼ ਹਨ, ਉਹ ਦੇਸ਼ ਦੇ ਤਾਨਾਸ਼ਾਹ ਬਣ ਜਾਂਦੇ ਹਨ। ਇਹੀ ਸਮਾਂ ਹੁੰਦਾ ਹੈ ਜਦੋਂ ਉਹ ਲੁੱਟ ਮਚਾਕੇ ਪੈਸਾ ਇਕੱਠਾ ਕਰਦੇ ਹਨ। ਬਦੇਸੀ ਬੈਂਕਾਂ ਵਿੱਚ ਸੰਭਾਲ ਦਿੰਦੇ ਹਨ ਅਤੇ ਸਾਰਾ ਧਨ ਇੱਕ ਨੰਬਰ ਦਾ ਬਣਾ ਲੈਂਦੇ ਹਨ। ਬੱਸ, ਆਪਣੀ ਆਜ਼ਾਦੀ ਦਾ ਫਾਇਦਾ ਉਠਾਕੇ ਹੀ ਉਹ ਵਿਰੋਧੀਆਂ ਨੂੰ ਵੀ ਕਾਬੂ ਕਰ ਲੈਂਦੇ ਹਨ।

ਇੱਥੇ ਨਿਆਂ ਦੀ ਕੁਰਸੀ 'ਤੇ ਬੈਠਾ ਵਿਅਕਤੀ ਜਿੰਨਾ ਮਰਜ਼ੀ ਅਨਿਆਂ ਕਰ ਸਕਦਾ ਹੈ। ਉਹ ਨਿਰਦੋਸ਼ਾਂ ਨੂੰ ਸਜ਼ਾ ਦੇ ਸਕਦਾ ਹੈ ਤੇ ਚੋਰ, ਠੱਗ, ਕਾਤਲ ਜਾਂ ਬਲਾਤਕਾਰੀ ਨੂੰ ਬਾਇੱਜ਼ਤ ਬਰੀ ਕਰ ਸਕਦਾ ਹੈ। ਇਸ ਆਜ਼ਾਦੀ ਦਾ ਲਾਭ ਉਠਾਕੇ ਉਹ ਕਰੋੜਾਂ ਰੁਪਏ ਇਕੱਠੇ ਕਰਦਾ ਹੈ। ਪੁਲਿਸ ਦੀ ਨੌਕਰੀ ਕਰਨ ਵਾਲਾ ਵੀ ਆਪਣੀ ਆਜ਼ਾਦੀ ਦਾ ਬੜਾ ਲਾਭ ਉਠਾਉਂਦਾ ਹੈ। ਮੰਨ ਲਓ ਤੁਸੀਂ ਦਸ ਲੱਖ ਰੁਪਏ ਦੇ ਕੇ ਪੁਲਿਸ ਇੰਸਪੈਕਟਰ ਬਣੇ ਹੋ ਪਰ ਹੁਣ ਤਾਂ ਤੁਹਾਨੂੰ ਪੂਰੀ ਆਜ਼ਾਦੀ ਹੈ। ਜਿੰਨੀ ਮਰਜ਼ੀ ਰਿਸ਼ਵਤ ਲਈ ਜਾਓ। ਜਿਸ ਉਤੇ ਮਰਜ਼ੀ ਝੂਠੇ ਕੇਸ ਬਣਾ ਦਿਓ। ਆਪਣੇ ਦੁਸ਼ਮਣਾਂ ਉਤੇ ਦੇਸ਼-ਧ੍ਰੋਹੀ ਜਾਂ ਆਤੰਕਵਾਦੀ ਦੇ ਮੁਕੱਦਮੇ ਬਣਾ ਦਿਓ ਅਤੇ ਸਾਰੀ ਉਮਰ ਜੇਲ੍ਹਾਂ ਵਿੱਚ ਸੜਨ ਦਿਓ। ਲੋੜ ਪਵੇ ਤਾਂ ਝੂਠੇ ਪੁਲਿਸ ਮੁਕਾਬਲੇ ਬਣਾਕੇ ਮਾਰ ਦਿਓ। ਡਰਦੇ ਲੋਕ ਤੁਹਾਡੀਆਂ ਜੇਬਾਂ ਭਰਦੇ ਰਹਿਣਗੇ। ਸਾਰੇ ਲੋਕ ਮਹੀਨੇਵਾਰ ਹਿੱਸਾ ਭੇਜਦੇ ਰਹਿਣਗੇ ਤੇ ਤੁਸੀਂ ਆਪਣੇ ਅਫਸਰਾਂ ਨੂੰ ਭੇਜਦੇ ਰਹੋ।

ਜੇਕਰ ਤੁਸੀਂ ਜੇਲ੍ਹਰ ਹੋ ਤਾਂ ਰਾਤ ਨੂੰ ਖਤਰਨਾਕ ਕੈਦੀਆਂ ਨੂੰ ਬਾਹਰ ਭੇਜ ਦਿਆ ਕਰੋ। ਆਪਣਾ ਕੰਮ ਕਰਕੇ ਉਹ ਸਵੇਰੇ ਫਿਰ ਹਾਜ਼ਰ ਹੋ ਜਾਇਆ ਕਰਨਗੇ। ਲੁੱਟ ਜਾਂ ਫਿਰੌਤੀ ਦੇ ਪੈਸਿਆਂ ਵਿੱਚੋਂ ਤੁਹਾਨੂੰ ਆਪਣਾ ਹਿੱਸਾ ਮਿਲਦਾ ਰਹੇਗਾ। ਆਪਣੀ ਆਜ਼ਾਦੀ ਦਾ ਭਰਪੂਰ ਲਾਭ ਉਡਾਓ ਤੇ ਮਜ਼ੇ ਲੁੱਟੋ। ਜਦੋਂ ਸਾਰਾ ਦੇਸ਼ ਆਜ਼ਾਦੀ ਮਾਣ ਰਿਹਾ ਹੈ ਤਾਂ ਫਿਰ ਤੁਸੀਂ ਵੀ ਮਾਣੋ।

ਸੋ ਨਿਰਾਸ਼ ਹੋਣ ਦੀ ਬਿਲਕੁੱਲ ਲੋੜ ਨਹੀਂ। ਜੋ ਆਜ਼ਾਦੀ ਸਾਨੂੰ ਮਿਲੀ ਹੈ, ਅਜਿਹੀ ਆਜ਼ਾਦੀ ਕਿਸੇ ਹੋਰ ਦੇਸ਼ ਦੇ ਲੋਕਾਂ ਕੋਲ ਘੱਟ ਹੀ ਦੇਖਣ ਨੂੰ ਮਿਲਦੀ ਹੈ। ਤੁਸੀਂ ਤਾਂ ਬੱਸ ਇਸ ਆਜ਼ਾਦੀ ਦਾ ਫਾਇਦਾ ਉਠਾਓ। ਜਿਹਦੀ ਮਰਜ਼ੀ ਧੀ-ਭੈਣ ਨੂੰ ਛੇੜ ਦਿਓ, ਇੱਜ਼ਤ ਲੁੱਟ ਲਓ। ਚੋਰੀ, ਠੱਗੀ, ਡਾਕਾ ਮਾਰ ਲਓ। ਕੋਈ ਖਤਰਾ ਨਹੀਂ। ਦੇਸ਼ ਦੇ ਵੱਡੇ-ਵੱਡੇ ਲੀਡਰਾਂ ਨੇ ਵੀ ਇਹੀ ਕੰਮ ਕੀਤੇ ਹਨ, ਉਨ੍ਹਾਂ ਉਤੇ ਕੇਸ ਵੀ ਚਲਦੇ ਹਨ, ਪਰ ਅਜੇ ਤੱਕ ਕਿਸੇ ਦਾ ਕੁੱਝ ਨਹੀਂ ਬਿਗੜਿਆ। ਫਿਰ ਭਲਾ ਤੁਹਾਨੂੰ ਡਰਨ ਦੀ ਕੀ ਲੋੜ ਹੈ। ਕੀ ਹੋਇਆ ਜੇ ਰਿਸ਼ਵਤ ਲੈਣ ਉਤੇ ਪਾਬੰਦੀ ਹੈ ਪਰ ਰਿਸ਼ਵਤ ਬੰਦ ਤਾਂ ਕਦੇ ਨਹੀਂ ਹੋਈ। ਜੇਕਰ ਤੁਸੀਂ ਸਿੱਧੀ ਰਿਸ਼ਵਤ ਦੇਣ ਦੀ ਹਿੰਮਤ ਨਹੀਂ ਰੱਖਦੇ ਤਾਂ ਦਲਾਲ ਬਥੇਰੇ ਹਨ। ਬੱਸ ਲੀਡਰਾਂ ਦੇ ਕਦਮ ਚਿੰਨ੍ਹਾਂ ਤੇ ਚੱਲਕੇ ਇਨ੍ਹਾਂ ਦਲਾਲਾਂ ਰਾਹੀਂ ਰਿਸ਼ਵਤ ਦਿਓ ਤੇ ਬਰੀ ਹੋ ਜਾਓ। ਭਾਰਤੀ ਕਾਨੂੰਨ ਤਾਂ ਬਣੇ ਹੀ ਉਨ੍ਹਾਂ ਲਈ ਹਨ ਜੋ ਇਨ੍ਹਾਂ ਤੋਂ ਡਰਦੇ ਹਨ। ਵੱਡੇ ਲੋਕਾਂ ਲਈ ਕੋਈ ਕਾਨੂੰਨ ਨਹੀਂ ਹੁੰਦੇ। ਭਲਾ ਜੋ ਲੋਕ ਕਾਨੂੰਨ ਬਣਾਉਂਦੇ ਹਨ, ਉਹ ਆਪਣੇ ਲਈ ਥੋੜ੍ਹਾ ਹੀ ਬਣਾਉਂਦੇ ਹਨ। ਇਹ ਤਾਂ ਵਿਰੋਧੀਆਂ ਨੂੰ ਕਾਬੂ ਕਰਨ ਲਈ ਹੁੰਦੇ ਹਨ। ਜਦੋਂ ਸਾਡੇ ਲੀਡਰਾਂ ਨੂੰ ਹੀ ਕਾਨੂੰਨ ਦਾ ਡਰ ਨਹੀਂ ਤਾਂ ਹੋਰਾਂ ਨੂੰ ਕਿਵੇਂ ਹੋਵੇਗਾ। ਸਾਰੇ ਗਲਤ ਕੰਮ ਉਨ੍ਹਾਂ ਦੇ ਇਸ਼ਾਰੇ ਤੇ ਹੀ ਹੁੰਦੇ ਹਨ। ਸੋ ਐਵੇਂ ਨਾ ਡਰੋ, ਆਜ਼ਾਦੀ ਦਾ ਆਨੰਦ ਮਾਣੋ।

ਬੱਸ ਕੁੱਝ ਕੁ ਲੋਕ ਹਨ ਜੋ ਤੁਹਾਡੀ ਇਸ ਆਜ਼ਾਦੀ ਦੇ ਖਿਲਾਫ਼ ਰੌਲਾ ਪਾਉਂਦੇ ਹਨ। ਉਨ੍ਹਾਂ ਦੀ ਗਿਣਤੀ ਭਾਵੇਂ ਘੱਟ ਹੈ ਪਰ ਹਨ ਉਹ ਬਹੁਤ ਹੀ ਬੁੱਧੀਮਾਨ। ਬੱਸ ਉਨ੍ਹਾਂ ਤੋਂ ਸੁਚੇਤ ਰਹੋ। ਜਿਸ ਦਿਨ ਲੋਕ ਇਨ੍ਹਾਂ ਦੇ ਵਿਚਾਰਾਂ ਨੂੰ ਸਮਝ ਜਾਣਗੇ ਉਸੇ ਸਮੇਂ ਸਾਡੀ ਇਹ ਆਜ਼ਾਦੀ ਖੁੱਸ ਜਾਵੇਗੀ। ਇਸ ਆਜ਼ਾਦੀ ਉਤੇ ਬਹੁਤ ਸਾਰੇ ਬੰਧਨ ਲੱਗ ਜਾਣਗੇ। ਫਿਰ ਤਾਂ ਇਸ ਆਜ਼ਾਦੀ ਦਾ ਮਜ਼ਾ ਹੀ ਕਿਰਕਿਰਾ ਹੋ ਜਾਵੇਗਾ। ਇਸ ਲਈ ਥਾਂ ਥਾਂ ਤੇ ਇਹੀ ਪ੍ਰਚਾਰ ਕਰੋ ਕਿ ਇਹ ਲੋਕ ਬਿਦੇਸ਼ੀ-ਏਜੰਟ ਹਨ। ਦੇਸ਼ ਦੇ ਦੁਸ਼ਮਣ ਹਨ ਜੋ ਭਾਰਤ ਦੀ ਆਜ਼ਾਦੀ ਨੂੰ ਖੋਹਣਾ ਚਾਹੁੰਦੇ ਹਨ। ਇਹ ਪ੍ਰਚਾਰ ਕਰਨ ਨਾਲ ਤੁਹਾਡੀ ਇਹ ਆਜ਼ਾਦੀ ਕਾਇਮ ਰਹੇਗੀ।

# ਰਿਵਾਜ਼ਾਂ ਦੇ ਬੋਝ ਹੇਠਾਂ ਦਬਦੀਆਂ ਇਸਤਰੀਆਂ

**ਆਭਾ ਯਾਦਵ**

ਇਸਤਰੀਆਂ ਘਰ ਪਰਿਵਾਰ ਦੀ ਸੁਖਸ਼ਾਂਤੀ ਦੇ ਲਈ ਖੋਖਲੇ ਰਸਮਾਂ-ਰਿਵਾਜ਼ਾਂ ਦਾ ਬੋਝ ਢੋਅ ਤਾਂ ਰਹੀਆਂ ਹਨ, ਪਰ ਉਹ ਇਹ ਨਹੀਂ ਜਾਣਦੀਆਂ ਕਿ ਇਹਨਾਂ ਨਾਲ ਖ਼ੁਸ਼ਹਾਲੀ ਤਾਂ ਆਉਣ ਤੋਂ ਰਹੀ, ਉਲਟੇ ਦੁੱਖ ਵੱਧਣਗੇ.....।

26 ਸਾਲ ਦੀ ਵੰਦਨਾ ਨੇ 28 ਸਾਲ ਦੇ ਵਿਨੈ ਨਾਲ ਹਾਲੇ ਕੁਝ ਹੀ ਮਹੀਨੇ ਪਹਿਲਾਂ ਅੰਤਰਜਾਤੀ ਪ੍ਰੇਮ ਵਿਆਹ ਕੀਤਾ। ਵੰਦਨਾ ਕਾਯਸਥ (ਇੱਕ ਜਾਤੀ) ਪਰਿਵਾਰ ਦੀ ਉੱਤਰ ਪ੍ਰਦੇਸ਼ ਦੀ ਅਤੇ ਵਿਨੈ ਬਿਹਾਰ ਦੇ ਰਾਜਪੂਤ ਪਰਿਵਾਰ ਦਾ ਹੈ

ਇਹਨਾਂ ਦੋਹਾਂ ਦੇ ਵਿਆਹ ਦੇ ਸਮੇਂ ਕਾਫ਼ੀ ਮੁਸ਼ਕਲਾਂ ਆਈਆਂ। ਆਖਿਰ 4 ਸਾਲ ਦੇ ਪ੍ਰੇਮ ਸੰਬੰਧ ਦੇ ਬਾਅਦ ਦੋਵੇਂ ਵਿਆਹ ਦੇ ਬੰਧਨ ਵਿੱਚ ਬੰਨ੍ਹ ਤਾਂ ਗਏ, ਪਰੰਤੂ ਵੱਖ ਵੱਖ ਰਸਮ-ਰਿਵਾਜ਼ ਹੋਣ ਦੇ ਕਾਰਨ ਵੰਦਨਾ ਨੂੰ ਮੁਸ਼ਕਿਲ ਹਾਲਤਾਂ ਵਿੱਚੋਂ ਲੰਘਣਾ ਪਿਆ। ਪਰੰਤੂ ਉਸ ਨੇ ਪ੍ਰੇਮ ਵਿਆਹ ਕੀਤਾ ਸੀ, ਇਸ ਲਈ ਉਹ ਕਿਸੇ ਨੂੰ ਕੁੱਝ ਕਹਿ ਵੀ ਨਹੀਂ ਸਕਦੀ ਸੀ। ਵਿਨੈ ਦੇ ਘਰ ਵਾਲਿਆਂ ਨੂੰ ਵੰਦਨਾ ਨਾਲ ਰਿਸ਼ਤਾ ਮਨਜ਼ੂਰ ਨਹੀਂ ਸੀ। ਪਰ ਵਿਨੈ ਦੀ ਜ਼ਿੱਦ ਦੇ ਅੱਗੇ ਉਹਨਾਂ ਨੂੰ ਝੁਕਣਾ ਪਿਆ। ਇਸ ਗੱਲ ਦਾ ਗੁੱਸਾ ਵੰਦਨਾ ਦੀ ਸੱਸ ਗੱਲ-ਗੱਲ ਵਿੱਚ ਕੱਢਣ ਲੱਗੀ। ਉਹ ਵੰਦਨਾ ਨੂੰ ਅਹਿਸਾਸ ਦਿਵਾਉਣ ਲੱਗੀ ਕਿ ਤੂੰ ਮੇਰੀ ਪਸੰਦ ਦੀ ਨਹੀਂ ਹੈ। ਆਪਣੇ ਪੁੱਤਰ ਦੀ ਜ਼ਿੱਦ ਅੱਗੇ ਮੈਨੂੰ ਝੁਕਣਾ ਪਿਆ ਆਪਣੀ ਜਾਤ ਦੀ ਲੜਕੀ ਆਉਂਦੀ, ਤਾਂ ਉਸ ਨੂੰ ਕੋਈ ਵੀ ਰਸ਼ਮ ਰਿਵਾਜ਼ ਦੱਸਣੇ ਨਾ ਪੈਂਦੇ। ਮੈਨੂੰ ਹਰ ਰਸਮ ਰਿਵਾਜ਼ ਤੈਨੂੰ ਸਮਝਾਉਣੇ ਪੈਣਗੇ। ਹੁਣ ਵੰਦਨਾ ਨੂੰ ਮਨ ਮਾਰ ਕੇ ਹਰ ਰਸਮ ਰਿਵਾਜ਼ ਦਾ ਪਾਲਨ ਕਰਨਾ ਪੈਂਦਾ ਹੈ।



**ਧਾਰਮਿਕ ਰਿਵਾਜ਼** : ਵੰਦਨਾ ਨੂੰ ਘਰ ਦੀ ਪਰੰਪਰਾ ਦੇ ਅਨੁਸਾਰ ਬਿਹਾਰ ਦਾ ਛਠ ਵਰਤ ਰੱਖਣ ਨੂੰ ਕਿਹਾ ਗਿਆ। ਇਸ 24 ਘੰਟੇ ਦੇ ਨਿਰਜਲ ਵਰਤ ਦੇ ਲਈ ਬੰਦਨਾ ਬਿਲਕੁਲ ਵੀ ਤਿਆਰ ਨਹੀਂ ਸੀ। ਪਰ ਸਹੁਰੇ ਵਾਲਿਆਂ ਦੇ ਦਬਾਅ ਦੇ ਕਾਰਨ ਮਨ ਨਾ ਹੁੰਦੇ ਹੋਏ ਵੀ ਉਸਨੂੰ ਘਰ ਦੀ ਸੁਖਸ਼ਾਂਤੀ ਦੇ ਲਈ ਇਸ ਨੂੰ ਕਰਨਾ ਪਿਆ। ਉਸ ਦੇ ਸਹੁਰੇ ਵਾਲਿਆਂ ਦਾ ਇਹ ਅੰਧਵਿਸ਼ਵਾਸ ਸੀ ਕਿ ਇਸ ਵਰਤ ਦੇ ਪ੍ਰਭਾਵ ਨਾਲ ਘਰ ਵਿੱਚ ਸੁਖ ਅਮੀਰੀ ਆਉਂਦੀ ਹੈ

**ਤਿਉਹਾਰ** : ਵੰਦਨਾ ਅਤੇ ਵਿਨੈ ਦੇ ਘਰ ਦੀਆਂ ਰਸਮਾਂ ਵਿੱਚ ਵੀ ਬਹੁਤ ਅੰਤਰ ਦੇਖਣ ਨੂੰ ਮਿਲਿਆ। ਵੰਦਨਾ ਦੇ ਪੇਕੇ ਵਿੱਚ ਜਿੱਥੇ ਵਿਆਹ ਦੇ ਬਾਅਦ ਪਹਿਲੀ ਹੋਲੀ ਪੇਕੇ ਵਿੱਚ ਮਨਾਈ ਜਾਂਦੀ ਹੈ, ਉਥੇ ਉਸ ਦੇ ਸਹੁਰੇ ਘਰ ਵਿੱਚ ਪਹਿਲੀ ਹੋਲੀ ਹੋਵੇਗੀ, ਕਿਉਂਕਿ ਇਹ ਉਨ੍ਹਾਂ ਦੇ ਇੱਥੇ ਰਿਵਾਜ਼ ਹੈ। ਹੁਣ ਵੰਦਨਾ ਹੋਲੀ ਦੇ ਬਾਅਦ ਹੀ ਆਪਣੇ ਪੇਕੇ ਜਾ ਸਕਦੀ ਹੈ, ਉਸ ਤੋਂ ਪਹਿਲਾਂ ਨਹੀਂ।

ਅਜਿਹਾ ਹੀ ਇੱਕ ਕਿੱਸਾ ਦਿੱਲੀ ਦੀ ਰਹਿਣ ਵਾਲੀ ਅਨੁ ਦਾ ਹੈ, ਜਿਹੜੀ ਬ੍ਰਾਹਮਣ ਪਰਿਵਾਰ ਨਾਲ ਸਬੰਧ ਰੱਖਦੀ ਹੈ। ਉਸ ਦਾ ਵਿਆਹ ਹਿਮਾਚਲ ਦੇ ਸੰਜੀਵ ਨਾਲ ਹੋਇਆ। ਵਿਆਹ ਦੇ ਬਾਅਦ ਜਦ ਪੈਰ ਛੂਹਣ ਦੀ ਰਸਮ ਹੋਈ, ਤਾਂ ਉਸ ਦੀ ਸੱਸ ਨੇ ਇਹ ਕਹਿ ਕੇ ਪੈਰ ਛੂਹਣ ਦੇ ਲਈ ਮਨ੍ਹਾਂ ਕਰ ਦਿੱਤਾ ਕਿ ਸਾਡੇ ਇੱਥੇ ਬ੍ਰਾਹਮਣ ਦੀ ਲੜਕੀ ਤੋਂ ਪੈਰ ਨਹੀਂ ਛੁਹਾਉਂਦੇ ਹਨ। ਉਸ ਦਿਨ ਤੋਂ ਅਨੁ ਨੂੰ ਸਹੁਰੇ ਘਰ ਦਾ ਵਾਤਾਵਰਣ ਅਤੇ ਰਸਮਾਂ ਰਿਵਾਜ਼ਾਂ ਨੂੰ ਸਮਝਣ ਵਿੱਚ ਬਹੁਤ ਸਮਾਂ ਲੱਗਾ।

ਰਸਮਾਂ ਰਿਵਾਜ਼ਾ ਦੇ ਬਾਰੇ ਵਿੱਚ ਕੇਰਲ ਦੀ ਏਨੀਜੌਰਜ ਜੀ ਕਹਿੰਦੀ ਹੈ ਕਿ ਮੈਂ ਦੂਸਰੇ ਧਰਮ ਵਿੱਚ ਵਿਆਹ ਕੀਤਾ। ਮੈਂ ਈਸਾਈ ਅਤੇ ਮੇਰੇ ਪਤੀ ਹਿੰਦੂ। ਮੇਰੇ ਅਤੇ ਮੇਰੇ ਪਤੀ ਦੇ ਦਰਮਿਆਨ ਧਰਮ, ਜਾਤ, ਰਹਿਣ-ਸਹਿਣ, ਖਾਣਪਾਨ, ਰਸਮਾਂ-ਰਿਵਾਜ਼ਾਂ ਆਦਿ ਸਭਨਾਂ ਵਿੱਚ ਬਹੁਤ ਅੰਤਰ ਸੀ, ਪਰ ਮੈਂ ਹੌਲੀ-ਹੌਲੀ ਸਾਰੇ ਰਸਮਾਂ-ਰਿਵਾਜਾਂ ਨੂੰ ਅਪਨਾ ਲਿਆ, ਕਿਉਂਕਿ ਮੈਂ ਆਪਣੇ ਕਾਰਨ ਘਰ ਵਿੱਚ ਕੋਈ ਲੜਾਈ ਝਗੜਾ ਅਤੇ ਬਹਿਸ ਨਹੀਂ ਚਾਹੁੰਦੀ ਸੀ। ਪਰੰਤੂ ਕਦੇ-ਕਦੇ ਆਪਣੇ ਰਸਮਾਂ-ਰਿਵਾਜ਼ਾਂ ਨੂੰ ਬਹੁਤ ਮਿਸ (ਘਾਟ ਮਹਿਸੂਸ ਕਰਨੀ) ਕਰਦੀ ਹਾਂ। ਵਿਆਹ ਤੋਂ ਪਹਿਲਾਂ ਮੈਂ ਆਜ਼ਾਦ ਖਿਆਲਾਂ ਦੀ ਲੜਕੀ ਸੀ ਪਰ ਵਿਆਹ ਦੇ ਬਾਅਦ ਮੈਂ ਇੱਕ ਅਜਿਹੇ ਕੱਟੜ ਪਰਿਵਾਰ ਦੀ ਬਹੂ ਬਣ ਗਈ, ਜਿਥੇ ਰਸਮਾਂ-ਰਿਵਾਜ਼ਾਂ ਨੂੰ ਹੀ ਸਭ ਤੋਂ ਵੱਡਾ ਮੰਨਿਆ ਜਾਂਦਾ ਹੈ।

**ਪਰੰਪਰਾ ਨਿਭਾਉਣਾ ਜ਼ਰੂਰੀ** : ਅਜਿਹਾ ਨਹੀਂ ਕਿ ਪ੍ਰੇਮ ਵਿਆਹ ਵਿੱਚ ਹੀ ਰਸਮਾਂ-ਰਿਵਾਜ਼ਾਂ ਦੀਆਂ ਅਜਿਹੀਆਂ ਦਿੱਕਤਾਂ ਆਉਂਦੀਆਂ ਹਨ। ਅਰੇਂਜਡ ਮੈਰਿਜ (ਮਾਤਾ ਪਿਤਾ ਵਲੋਂ ਤੈਅ ਕੀਤੇ ਵਿਆਹ) ਵਾਲੇ ਵੀ ਰਸਮਾਂ-ਰਿਵਾਜ਼ਾਂ ਦੇ ਬੰਧਨਾਂ ਵਿੱਚ ਜਕੜੇ ਹੋਏ ਹੁੰਦੇ ਹਨ। ਹਾਲਾਂਕਿ ਇਹਨਾਂ ਦਾ ਕੋਈ ਠੋਸ ਕਾਰਨ ਨਹੀਂ ਹੁੰਦਾ ਹੈ। ਪਰ ਕਹਿੰਦੇ ਹਨ ਕਿ ਸਾਡੇ ਇਥੇ ਸਦੀਆਂ ਤੋਂ ਅਜਿਹੀ ਪਰੰਪਰਾ ਚੱਲੀ ਆ ਰਹੀ ਹੈ ਤਾਂ ਅਜਿਹਾ ਕਰਨਾ ਜ਼ਰੂਰੀ ਹੈ।

ਸ਼ਿਖਾ ਦੀ ਅਰੇਂਜਡ ਮੈਰਿਜ ਇੱਕ ਪੜ੍ਹੇ ਲਿਖੇ ਪਰਿਵਾਰ ਵਿੱਚ ਹੋਈ। ਵਿਆਹ ਦੇ ਬਾਅਦ ਨਵੀਂ ਬਹੂ ਦੇ ਆਉਣ ਉੱਤੇ ਘਰ ਵਿੱਚ ਹਵਨ ਕੀਤਾ ਜਾਂਦਾ ਹੈ ਅਤੇ ਕਥਾ ਸੁਣਨੀ ਹੁੰਦੀ ਹੈ, ਜਿਸ ਵਿੱਚ ਦੁਲਹਾ ਦੁਲਹੱਣ ਨੂੰ ਬੈਠਣਾ ਜ਼ਰੂਰੀ ਹੁੰਦਾ ਹੈ। ਇਹ ਸੁਣ ਕੇ ਸ਼ਿਖਾ ਪ੍ਰੇਸ਼ਾਨ ਹੋ ਗਈ, ਕਿਉਂਕਿ ਉਸ ਨੂੰ ਧੂੰਏ ਤੋਂ ਐਲਰਜੀ (ਸਰੀਰ ਉੱਤੇ ਪਿਆ ਬਾਹਰੀ ਪ੍ਰਭਾਵ ਜੋ ਕਿਸੇ ਬਿਮਾਰੀ ਦਾ ਕਾਰਨ ਬਣੇ) ਸੀ। ਉਸ ਦਾ ਧੂੰਏ ਨਾਲ ਸਾਹ ਫੁੱਲਣ ਲਗਦਾ ਸੀ। ਜਦ ਇਹ ਗੱਲ ਉਸ ਨੇ ਆਪਣੀ ਸੱਸ ਨੂੰ ਦੱਸੀ ਤਾਂ ਉਹ ਗੁੱਸੇ ਹੋ ਕੇ ਬੋਲੀ ਕਿ ਇਹ ਸਾਡੇ ਇਥੇ ਰਿਵਾਜ ਹੈ ਅਤੇ ਇਸ ਦਾ ਪਾਲਨ ਸਾਰੇ ਕਰਦੇ ਹਨ, ਇਸ ਲਈ ਤੈਨੂੰ ਵੀ ਕਰਨਾ ਪਵੇਗਾ। ਹੁਣ ਬੇਚਾਰੀ ਸ਼ਿਖਾ ਨੂੰ ਉਹਨਾਂ ਦਾ ਕਹਿਣਾ ਮੰਨਣਾ ਪਿਆ। ਫੇਰ 1 ਘੰਟਾ ਪੂਜਾ

ਵਿੱਚ ਬੈਠਣ ਨਾਲ ਧੂੰਏ ਦੇ ਕਾਰਨ ਉਸ ਦੀ ਤਬੀਅਤ ਖਰਾਬ ਹੋ ਗਈ, ਉਸ ਨੂੰ ਡਾਕਟਰ ਦੇ ਪਾਸ ਲੈ ਕੇ ਜਾਣਾ ਪਿਆ।

ਕਹਿਣ ਨੂੰ ਤਾਂ ਸਮਾਜ ਵਿੱਚ ਹਰ ਥਾਂ ਇਸਤਰੀਆਂ ਦੀਆਂ ਪ੍ਰਾਪਤੀਆਂ ਦੇ ਗੁਣ ਗਾਏ ਜਾਂਦੇ ਰਹੇ ਹਨ, ਪਰੰਤੂ ਗੱਲ ਜਦ ਰਸਮਾਂ ਰਿਵਾਜਾਂ ਦੀ ਆਉਂਦੀ ਹੈ ਤਾਂ ਸਮਾਜ ਇਸਤਰੀਆਂ ਨੂੰ ਸੰਗਲਾਂ ਵਿੱਚ ਜਕੜਨੇ ਨੂੰ ਖੜ੍ਹਾ ਹੋ ਜਾਂਦਾ ਹੈ। ਅਜਿਹੇ ਫ਼ਜ਼ੂਲ ਦੇ ਰੀਤੀ-ਰਿਵਾਜ਼ਾਂ ਨੂੰ ਨਿਭਾਉਣਾ ਇਸਤਰੀਆਂ ਉੱਤੇ ਤਦ ਭਾਰੀ ਪੈਣ ਲੱਗਦਾ ਹੈ, ਜਦ ਗੱਲ ਦੂਸਰੇ ਧਰਮ, ਜਾਤ, ਸੂਬੇ ਦੀ ਹੁੰਦੀ ਹੈ। ਇਹ ਆਮ ਦੇਖਿਆ ਗਿਆ ਹੈ ਕਿ ਅੰਤਰਜਾਤੀ ਵਿਆਹ ਕਰਨ ਵਾਲੀਆਂ ਲੜਕੀਆਂ ਨੂੰ ਪਤੀ ਦੇ ਪਰਿਵਾਰ ਅਤੇ ਉਸ ਦੇ ਰਹਿਣ ਸਹਿਣ ਨੂੰ ਸਮਝਣ ਵਿੱਚ ਸਮਾਂ ਲੱਗ ਜਾਂਦਾ ਹੈ। ਇਸ ਕਾਰਨ ਕਈ ਵਾਰ ਉਹਨਾਂ ਨੂੰ ਸੱਸ ਸਹੁਰੇ ਦੇ ਮੇਹਣਿਆਂ ਦਾ ਮੁਕਾਬਲਾ ਕਰਨਾ ਪੈਂਦਾ ਹੈ ਅਤੇ ਮਜਬੂਰੀ ਵੱਸ ਅਜਿਹੇ ਰੀਤੀ ਰਿਵਾਜਾਂ ਨੂੰ ਵੀ ਮੰਨਣਾ ਪੈਂਦਾ ਹੈ, ਜਿਹੜੇ ਉਹਨਾਂ ਦੀ ਇੱਛਾ ਦੇ ਵਿਰੁੱਧ ਹੁੰਦੇ ਹਨ।

ਪੜ੍ਹੇ ਲਿਖੇ ਲੋਕ ਵੀ ਹਾਲੇ ਤੱਕ ਪੁਰਾਣੇ ਵਿਚਾਰਾਂ ਵਿੱਚ ਹੀ ਉਲਝੇ ਹੋਏ ਹਨ ਅਤੇ ਅਜਿਹੀਆਂ ਸਮੱਸਿਆਵਾਂ ਦਾ ਕੋਈ ਹੱਲ ਇਸ ਲਈ ਨਹੀਂ ਦਿੱਸਦਾ, ਕਿਉਂਕਿ ਉਹਨਾਂ ਦੀ ਸੋਚ ਦਾ ਘੇਰਾ ਰੂੜ੍ਹੀਵਾਦੀ ਹੈ, ਜਿਹੜਾ ਪੰਡਤਾਂ ਦੇ ਬਣਾਏ ਨਿਯਮ ਤੋਂ ਅੱਗੇ ਨਹੀਂ ਟੁਰ ਪਾ ਰਿਹਾ।

ਅਜਿਹੀਆਂ ਕਈ ਸ਼ਾਦੀਸ਼ੁਦਾ ਇਸਤਰੀਆਂ ਹਨ, ਜਿਹੜੀਆਂ ਉੱਚ ਸਿੱਖਿਅਤ ਹੁੰਦੇ ਹੋਏ ਵੀ ਸਾਮਾਜਿਕ ਪਖੰਡਾਂ ਦੀ ਸੱਟ ਸਹਿ ਰਹੀਆਂ ਹਨ, ਜਿਹਨਾਂ ਦਾ ਕੋਈ ਅੰਤ ਹੀ ਨਹੀਂ ਹੈ।

***

# ਵਿਗਿਆਨਕਾਂ ਅਤੇ ਬੁੱਧੀਜੀਵੀਆਂ ਦੇ ਧਾਰਮਕ ਹੋਣ ਦਾ ਸੱਚ

**ਜੈ ਪ੍ਰਕਾਸ਼ ਯਾਦਵ**

ਅਕਸਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਵੱਡੇ-ਵੱਡੇ ਲੇਖਕ, ਵਿਗਿਆਨਕ, ਡਾਕਟਰ, ਬੁੱਧੀਜੀਵੀ ਆਦਿ ਧਰਮ ਵਿੱਚ ਬਹੁਤ ਸ਼ਰਧਾ ਰੱਖਦੇ ਹਨ। ਭਾਰਤ ਵਿੱਚ 'ਸਮਾਜਵਾਦੀ ਨੇਤਾ' ਹਨੂੰਮਾਨ ਜੀ ਦੇ ਭਗਤ ਤਾਂ ਮਾਰਕਸਵਾਦੀ ਇੱਥੋਂ ਤਕ ਕਿ ਕਮਿਊਨਿਸਟ ਵੀ ਵਰਤ, ਉਪਵਾਸ ਜਨੇਊ ਆਦਿ ਵਿੱਚ ਵਿਸ਼ਵਾਸ ਕਰਦੇ ਹਨ।

ਉਹ ਲੋਕ, ਜਿਹਨਾਂ ਨੂੰ ਬਿਨਾਂ ਮਿਹਨਤ ਮੁਸ਼ੱਕਤ ਕੀਤੇ ਹੀ ਸੱਭ ਕੁੱਝ ਮਿਲਦਾ ਰਹਿੰਦਾ ਹੈ, ਉਹ ਰੱਬ ਦੇ ਵੱਡੇ ਸ਼ੁਕਰਗੁਜਾਰ ਹੁੰਦੇ ਹਨ। ਇਹ ਲੋਕ ਅਕਸਰ ਅਜਿਹੇ ਕਿੱਤੇ ਵਿੱਚ ਹੁੰਦੇ ਹਨ ਜਿਹਨਾਂ ਦਾ ਮਿਹਨਤ ਨਾਲ ਕੋਈ ਸੰਬੰਧ ਨਹੀਂ ਹੁੰਦਾ ਅਤੇ ਮੱਕਾਰੀ, ਬੇਈਮਾਨੀ, ਛਲਕਪਟ ਹੀ ਉਹਨਾਂ ਦੇ ਪੇਸ਼ੇ ਦਾ ਮੁੱਖ ਆਧਾਰ ਹੈ। ਅਜਿਹੇ ਲੋਕ ਸੇਲਜ਼ਮੈਨ (ਸੌਦਾ ਵੇਚਣ ਦਾ ਕੰਮ ਕਰਨ ਵਾਲਾ), ਵਕੀਲ, ਵਪਾਰੀ ਆਦਿ ਹੁੰਦੇ ਹਨ।

ਵਿਗਿਆਨਕ, ਡਾਕਟਰਾਂ ਅਤੇ ਬੁੱਧੀਜੀਵੀਆਂ ਵਰਗੇ ਉੱਨਤੀਸ਼ੀਲ ਲੋਕਾਂ ਦੇ ਧਾਰਮਕ ਹੋਣ ਦੇ ਕੀ ਕਾਰਨ ਹਨ, ਇਸ ਉੱਤੇ ਰਾਹੁਲ ਸਾਂਕ੍ਰਿਤਆਇਨ ਜੀ ਲਿਖਦੇ ਹਨ, ਤੁਸੀਂ ਆਖੋਗੇ ਕਿ ਅੱਜ ਕਿੰਨੇ ਵੀ ਚੋਟੀ ਦੇ ਵਿਗਿਆਨਕ ਸਿੱਧੇ ਰਸਤੇ ਉੱਤੇ ਆ ਗਏ ਹਨ ਅਤੇ ਰੱਬ ਅਤੇ ਧਰਮ ਦੇ ਪਾਲਣ ਵਾਲੇ/ਸਹਾਇਕ ਬਣ ਰਹੇ ਹਨ। ਹਾਂ, ਜੇਕਰ ਅੰਦਰੂਨੀ ਭੇਦ ਨਾ ਸਮਝ ਕੇ ਨਾਂ ਉੱਤੇ ਜਾਵਾਂਗੇ, ਤਾਂ ਤੁਹਾਨੂੰ ਜ਼ਰੂਰ ਅਜਿਹਾ ਭਰਮ ਹੋਵੇਗਾ। ਪਰੰਤੂ ਵਿਗਿਆਨ ਦਾ ਇਸ ਵਿੱਚ ਕੋਈ ਕਸੂਰ ਨਹੀਂ ਹੈ। ਸਾਰਾ ਸੰਸਾਰ ਅੱਜ ਦੋ ਧਿਰਾਂ ਵਿੱਚ ਵੰਡ ਗਿਆ ਹੈ-ਇਕ ਪਾਸੇ ਉਹ ਲੋਕ ਹਨ, ਜਿਹੜੇ ਵਿਅਕਤੀਆਂ ਦੇ ਆਰਥਿਕ ਲਾਲਚਾਂ ਨੂੰ ਬਣਾਈ ਰੱਖਣਾ ਚਾਹੁੰਦੇ ਹਨ ਅਰਥਾਤ ਜੋ ਜਾਣਬੁੱਝ ਕੇ ਜਾਂ ਅਣਜਾਣੇ, ਪ੍ਰਗਟ ਜਾਂ ਅਪ੍ਰਗਟ ਰੂਪ ਤੋਂ ਪੂੰਜੀਵਾਦ ਦੇ ਸਹਾਇਕ ਜਾਂ ਪਾਲਣ ਕਰਨ ਵਾਲੇ ਹਨ। ਦੂਜੇ ਪਾਸੇ ਉਹ ਲੋਕ ਹਨ, ਜਿਹੜੇ ਸਮਾਜ ਦਾ ਭਲਾ ਚਾਹੁੰਦੇ ਹਨ, ਪਿਛਲੀ ਸਦੀ ਵਿੱਚ ਵੀ ਅਜਿਹੇ ਵਿਗਿਆਨਕ ਰਹੇ ਹੋਣਗੇ, ਜਿਹਨਾਂ ਨੇ ਵਿਅਕਤੀ ਦੇ ਆਰਥਿਕ ਸਵਾਰਥਾਂ ਨੂੰ ਬਣਾਈ ਰੱਖਣਾ ਇੱਛਾ ਦੇ ਅਨੁਕੂਲ ਸੀ; ਪਰੰਤੂ ਤਾਂ ਵੀ ਉਹ ਧਰਮ ਦੇ ਖਿਲਾਫ ਆਪਣੀ ਸਪਸ਼ਟ ਸਹਿਮਤੀ ਦੇ ਸਕਦੇ ਹਨ।" ਕਾਰਨ? ਉਸ ਸਮੇਂ ਸਾਮਵਾਦ (ਸਾਂਝੀਵਾਲਤਾ ਵਾਲਾ ਸਮਾਜ; ਅਜਿਹਾ ਸਮਾਜਿਕ ਪ੍ਰਬੰਧ ਜਿਸ ਵਿੱਚ ਲੋਕਾਂ ਤੋਂ ਕੰਮ ਉਹਨਾਂ ਦੀ ਯੋਗਤਾ ਮੁਤਾਬਕ ਅਤੇ ਪੂਰਤੀ ਉਹਨਾਂ ਦੀਆਂ ਲੋੜਾਂ ਅਨੁਸਾਰ ਹੋਵੇ) ਹਵਾ ਦੀ ਗੱਲ ਸੀ। ਉਸ ਦੀ ਅਸਫ਼ਲਤਾ ਵਿੱਚ ਵੀ ਵਿਸ਼ਵਾਸ ਜਾਂ ਸ਼ੱਕ ਵੀ ਸੀ, ਅਤੇ ਅੱਜ ਵੀ ਸਾਮਵਾਦ ਧਰਤੀ ਦੀ ਠੋਸ ਚੀਜ਼ ਨਹੀਂ ਹੈ। ਹੁਣ ਉਹ ਵਿਗੜੇ ਹੋਏ ਦਿਮਾਗਾਂ ਦੀ ਬਕਵਾਸ ਜਾਂ ਵਿਅਰਥ ਬੋਲਣਾ ਹੀ ਰਹਿ ਗਿਆ ਹੈ। ਇਸ ਲਈ ਪੂੰਜੀਵਾਦੀ ਜਾਂ ਸਾਮਵਾਦ ਇਕ ਦੂਜੇ ਦੇ ਵਿਰੁੱਧ ਤਰ੍ਹਾਂ ਤਰ੍ਹਾਂ ਦੇ ਸ਼ੜਯੰਤਰ ਰਚ ਰਹੇ ਹਨ, ਉਥੇ ਡਰ ਅਤੇ ਲਾਲਚ ਦੇ ਜ਼ਰੀਏ ਕਿੰਨੇ ਹੀ ਢਿੱਲੇਢਾਲੇ ਯਕੀਨ ਵਿਗਿਆਨਕਾਂ ਤੋਂ ਆਪਣੇ ਪੱਖ ਵਿੱਚ ਰਾਏ ਲੈਂਦੇ ਹਨ।

ਇਕ ਪ੍ਰਮਾਣਿਕ ਆਦਮੀ ਨੇ ਇੱਕ ਨੋਬਲ ਪੁਰਸਕਾਰ ਪ੍ਰਾਪਤ ਵਿਗਿਆਨਕ ਦੇ ਬਾਰੇ ਵਿੱਚ ਕਿਹਾ ਸੀ -'ਜਾਣਦੇ ਹੋ, ਫਲਾਣੇ ਸੱਜਣ ਧਰਮ ਅਤੇ ਮਿਥਿਆ ਵਿਸ਼ਵਾਸ ਦੇ ਪ੍ਰਚਾਰ ਵਿੱਚ ਏਨੀ ਸਰਗਰਮੀ ਕਿਉਂ ਦਿਖਾਉਂਦੇ ਹਨ? ਇਸ ਦਾ ਵਿਗਿਆਨਕ ਦਿਮਾਗ ਖ਼ਤਮ ਹੋ ਚੁੱਕਾ ਹੈ। ਜਿਹੜੀ ਯੂਨੀਵਰਸਿਟੀ ਵਿੱਚ ਉਹ ਪ੍ਰੋਫੈਸਰ ਹਨ, ਉਹ ਇੱਕ ਪ੍ਰਕਾਰ ਤੋਂ ਫਲਾਣੇ ਕਰੋੜਪਤੀ ਦੇ ਪਰਿਵਾਰ ਦੀ ਨਿਜੀ ਚੀਜ਼ ਵੀ ਹੈ ਅਤੇ ਵਿਗਿਆਨਕ ਮਹਾਸ਼ਯ/ਸੱਜਣ ਕਿਸੇ ਰੂਪ ਵਿੱਚ ਅਹਿਸਾਨਮੰਦੀ ਪ੍ਰਗਟ ਕਰਨਾ ਆਪਣਾ ਕਰਤੱਵ ਮੰਨਦੇ ਹਨ।'

ਅਸੀਂ ਨਹੀਂ ਕਹਿੰਦੇ ਕਿ ਧਰਮ ਦਾ ਪੱਖ ਲੈਣ ਵਾਲੇ ਸਾਰੇ ਵਿਗਿਆਨਕ ਇਸੇ ਸ਼੍ਰੇਣੀ ਦੇ ਹਨ। ਕਿੰਨੇ ਤਾਂ ਆਪ ਵੀ ਪੂੰਜੀਪਤੀ ਹਨ, ਇਸ ਲਈ ਉਹ ਪੂੰਜੀਪਤੀ ਦੀ ਰੱਖਿਆ ਦੇ ਮਹਾਨ ਅਸਤਰ (ਹਥਿਆਰ) ਧਰਮ ਦਾ ਪੱਖ ਪ੍ਰਾਪਤ ਕਰਨਾ ਚਾਹੁੰਦੇ ਹਨ।

ਕਿੰਨੇ ਹੀ ਵਿਗਿਆਨਕ ਪੇਸ਼ੇਵਰ ਜੀਵਨ ਦੀਆਂ ਮੁਸ਼ਕਲਾਂ ਨੂੰ ਜਾਣਦੇ ਹਨ ਅਤੇ ਉਸੇ ਕਾਰਨ ਧਰਮ ਵਿਰੋਧ ਦੀ ਜਮਾਤ ਵਿੱਚ ਸ਼ਾਮਲ ਹੋਣ ਤੋਂ ਡਰਦੇ ਹਨ ਅਤੇ ਕੁੱਝ ਉਸ ਉਮਰ ਨੂੰ ਪਹੁੰਚ ਗਏ ਹਨ ਜਦ ਅਤੀਤ (ਬੀਤਿਆ ਹੋਇਆ ਸਮਾਂ, ਭੂਤਕਾਲ) ਦੀ ਅਤਿਅੰਤ ਪ੍ਰੇਮ/ਲਗਾਉ ਮਨ ਨੂੰ ਵਿਚਾਰ ਪ੍ਰਾਪਤ ਕਰਨ ਵਿੱਚ ਅਸਮਰੱਥ ਕਰ ਦੇਂਦੀ ਹੈ।

# ਧਰਮ ਵਿੱਚ ਦਬੇ ਹਨ ਨਫ਼ਰਤ ਦੇ ਬੀਜ

ਕੁੱਝ ਮਹੀਨੇ ਪਹਿਲਾਂ ਪਾਕਿਸਤਾਨ ਵਿੱਚ ਭਿਅੰਕਰ ਹੜ੍ਹ ਆਇਆ ਸੀ। ਪਿਛਲੇ 80 ਸਾਲ ਬਾਅਦ ਅਜਿਹਾ ਖ਼ਤਰਨਾਕ ਹੜ੍ਹ ਦੇਖਣ ਨੂੰ ਮਿਲਿਆ, ਜਿਸ ਵਿੱਚ ਦੋ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਅਤੇ ਲੱਖਾਂ ਲੋਕ ਬੇਘਰ ਹੋ ਗਏ। ਹੜ੍ਹ ਆਉਣ ਦੇ ਬਾਅਦ ਬਹੁਤ ਸਾਰੇ ਸਮਾਜ ਸੇਵੀ ਸੰਗਠਨ ਹੜ੍ਹ ਪੀੜਤਾਂ ਦੀ ਮਦਦ ਵਿੱਚ ਲੱਗ ਗਏ, ਪਰੰਤੂ ਕੁੱਝ ਧਰਮਾਂਧ (ਆਪਣੇ ਧਰਮ ਉੱਤੇ ਅੰਨ੍ਹਾ ਵਿਸ਼ਵਾਸ ਕਰਨ ਵਾਲਾ ਅਤੇ ਦੂਸਰੇ ਦੇ ਧਰਮ ਨਾਲ ਵੈਰ ਕਰਨ ਵਾਲਾ) ਸੰਗਠਨਾਂ ਨੇ ਉਹਨਾਂ ਸਮੂਹਾਂ ਨੂੰ ਮਦਦ ਨਹੀਂ ਦਿੱਤੀ, ਜਿਹਨਾਂ ਨੂੰ ਉਹ ਗੈਰ ਮੁਸਲਿਮ ਮੰਨਦੇ ਹਨ ਯਾਨੀ ਅਹਿਮਦੀਆ ਮੁਸਲਮਾਨ। ਅਹਿਮਦੀਆ ਉਹਨਾਂ ਮੁਸਲਮਾਨਾਂ ਨੂੰ ਕਹਿੰਦੇ ਹਨ, ਜਿਹੜੇ ਹਜਰਤ ਮੁਹੰਮਦ ਨੂੰ ਆਖਰੀ ਰਸੂਲ (ਪੈਗ਼ੰਬਰ, ਰੱਬ ਦਾ ਦੂਤ) ਨਹੀਂ ਮੰਨਦੇ। ਇਸ ਸਮੂਹ ਦੇ ਬਾਨੀ ਬਣਾਉਣ ਵਾਲੇ ਮਿਰਜਾ ਗੁਲਾਮ ਅਹਿਮਦ ਪੰਜਾਬ ਦੇ ਇਕ ਕਸਬੇ ਕਾਦੀਆ ਵਿੱਚ ਪੈਦਾ ਹੋਏ ਸਨ। ਉਹ ਆਪਣੇ ਆਪ ਨੂੰ ਈਸਾ ਮਸੀਹ ਦਾ ਪੁਨਰਅਵਤਾਰ ਅਤੇ 'ਵਿਸ਼ਨੂੰ' ਦਾ ਆਖਰੀ ਅਵਤਾਰ ਮੰਨਦੇ ਸਨ। ਪਾਕਿਸਤਾਨ ਨੇ ਉਹਨਾਂ ਨੂੰ ਗੈਰ ਮੁਸਲਿਮ ਐਲਾਨ ਕੀਤਾ ਹੈ।

ਕੀ ਇੰਨੀ ਗੱਲ ਨਾਲ ਹੀ ਅਹਿਮਦੀਆ ਮੁਸਲਮਾਨ ਮਦਦ ਦੇ ਕਾਬਿਲ ਨਹੀਂ ਰਹਿ ਜਾਂਦੇ ? ਉਹਨਾਂ ਨੂੰ ਭੁੱਖਾ ਮਰਨ ਦਿੱਤਾ ਜਾਵੇ ? ਹਰ ਸਮੇਂ ਭਾਈਚਾਰੇ ਅਤੇ ਪਿਆਰ ਦਾ ਰਾਗ ਅਲਾਪਣ ਵਾਲੇ ਧਰਮ ਦੇ ਠੇਕੇਦਾਰਾਂ ਦੀ ਜਬਾਨ ਬੰਦ ਕਿਉਂ ਹੈ ?

**ਸ਼੍ਰੀ ਪ੍ਰਕਾਸ਼ ਸ਼੍ਰੀਵਾਸਤਵ**

ਇਹ ਸਿਰਫ ਕਹਿਣ ਦੀ ਗੱਲ ਹੈ ਕਿ ਮਜ਼ਹਬ ਵੈਰ ਕਰਨਾ ਨਹੀਂ ਸਿਖਾਉਂਦਾ, ਜਦਕਿ ਮਜ਼ਹਬ ਹੀ ਸਾਰੇ ਦੰਗੇ ਫਸਾਦ ਦੀ ਜੜ੍ਹ ਹੈ। ਅਹਿਮਦੀਆ ਦੀ ਤੁਲਨਾ ਭਾਰਤ ਦੇ ਦਲਿਤਾਂ ਨਾਲ ਕੀਤੀ ਜਾਵੇ, ਤਾਂ ਗਲਤ ਨਹੀਂ ਹੋਵੇਗਾ। ਮੁਨਸ਼ੀ ਪ੍ਰੇਮਚੰਦ ਦੀ ਕਹਾਣੀ 'ਠਾਕੁਰ ਕਾ ਕੁਆਂ' ਵਿੱਚ ਬੀਮਾਰ ਦਲਿਤ ਇਸ ਲਈ ਪਾਣੀ ਨਾ ਪੀ ਸਕਿਆ, ਕਿਉਂਕਿ ਉਹ ਕੁਆਂ (ਖੂਹ) ਉੱਚੀ ਜਾਤੀ ਵਾਲੇ ਦਾ ਸੀ, ਇਸ ਲਈ ਉਸਨੂੰ ਗੰਦਾ ਪਾਣੀ ਪੀਣਾ ਪਿਆ।



ਕਦੇ ਮੰਦਰਾਂ ਵਿੱਚ ਦਲਿਤਾਂ ਦੇ ਘੁੰਮਣ ਉੱਤੇ ਸ਼ੋਰ ਸਰਾਬਾ ਮਚਦਾ ਸੀ। ਇਕ ਪੁਰੋਹਿਤ ਆਪਣੀ ਗੰਦਗੀ ਸਾਫ਼ ਕਰਕੇ ਮੰਦਰ ਵਿੱਚ ਜਾ ਸਕਦਾ ਸੀ, ਤਾਂ ਦਲਿਤ ਦੂਜਿਆਂ ਦੀ ਗੰਦਗੀ ਸਾਫ਼ ਕਰ ਕੇ ਕਿਉਂ ਨਹੀਂ ਜਾ ਸਕਦਾ ਹੈ ? ਅਮੀਰ ਹੋਣ ਦੇ ਬਾਅਦ ਵੀ ਇੱਕ ਦਲਿੱਤ ਆਪਣੀ ਪਛਾਣ ਛਿਪਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਜੋ ਸਮਾਜ ਵਿੱਚ ਘੁਲਮਿਲ ਸਕੇ। ਪਰੰਤੂ ਸਮਾਜ ਨੂੰ ਕੀ ਕਿਹਾ ਜਾਵੇ, ਕਿਉਂਕਿ ਆਦਮੀ ਤੋਂ ਪਹਿਲਾਂ ਉਸ ਦੀ ਜਾਤ ਪਹੁੰਚ ਜਾਂਦੀ ਹੈ।

ਤਾਜ਼ੀਆਂ ਘਟਨਾਵਾਂ ਵਿੱਚ ਲੇਹ ਅਤੇ ਬਾਗੇਸ਼ਵਰ ਵਿੱਚ ਬੱਦਲ ਫਟਿਆ, ਸੈਂਕੜੇ ਲੋਕ ਮਾਰੇ ਗਏ। ਇਹ ਸੁਣਦੇ ਹਾਂ ਕਿ ਸਾਰੇ ਦੇਵੀ-ਦੇਵਤੇ ਪਹਾੜਾਂ ਉੱਤੇ ਰਹਿੰਦੇ ਹਨ। ਕਈ ਸਾਲ ਪਹਿਲਾਂ ਇਕ ਹਾਦਸੇ ਵਿੱਚ, ਕੈਲਾਸ ਮਾਨਸਰੋਵਰ ਜਾਂਦੇ ਸਮੇਂ ਬੱਦਲ ਫਟਿਆ ਅਤੇ ਸਾਰੇ ਤੀਰਥ-ਯਾਤਰੀ ਮਾਰੇ ਗਏ ਸਨ, ਜਿਸ ਵਿੱਚ ਮਸ਼ਹੂਰ ਕਲਾਸੀਕਲ ਡਾਂਸਰ ਪਰੋਤਿਮਾ ਬੇਦੀ ਵੀ ਸੀ।

ਰਮਜਾਨ (ਇਕ ਅਰਬੀ ਮਹੀਨਾ ਜਦੋਂ ਮੁਸਲਮਾਨ ਰੋਜ਼ਾ ਰੱਖਦੇ ਹਨ) ਵਿੱਚ ਪਾਕਿਸਤਾਨ ਵਿੱਚ ਹੜ੍ਹ ਆਇਆ, ਜਿਹਨਾਂ ਨੇ ਰੋਜ਼ਾ ਰੱਖ ਕੇ ਰੱਬ ਦੀ ਪੂਜਾ ਕਰਨੀ ਸੀ, ਉਹ ਰੋਟੀ ਪਾਣੀ ਅਤੇ ਜਾਨ ਬਚਾਉਣ ਵਿੱਚ ਲੱਗ ਗਏ। ਹਿੰਦੂਆਂ ਦੇ ਨਾਲ ਵੀ ਇਹੀ ਹੋਇਆ।

ਜੈਪੁਰ ਅਤੇ ਨੈਨਾ ਦੇਵੀ ਦੇ ਹਾਦਸੇ ਭੁਲਾਏ ਨਹੀਂ ਭੁੱਲਦੇ ਹਨ। ਕੀ ਕੀਤਾ ਰੱਬ ਨੇ ? ਲੋਕ ਤਾਂ ਪਵਿੱਤਰ ਮਨ ਨਾਲ ਇਹਨਾਂ ਦੇਵੀਆਂ ਦੇ ਦਰਸ਼ਨ ਵਿੱਚ ਲੱਗੇ ਸਨ, ਪਰ ਦੇਵੀ ਨੇ ਕੀ ਕੀਤਾ ?

ਰੱਬ ਨਾ ਤਾਂ ਪੂਜਾ ਨਾਲ ਖ਼ੁਸ਼ ਹੁੰਦਾ ਹੈ, ਨਾ ਉਪਾਸਨਾ ਨਾਲ, ਵਰਨਾ ਸੱਭ ਤੋਂ ਜ਼ਿਆਦਾ ਤਾਕਤਵਰ ਅਸੀਂ ਲੋਕ ਹੁੰਦੇ। ਹਿੰਦੁਸਤਾਨ ਉੱਤੇ ਮੁਗਲਾਂ ਅਤੇ ਅੰਗਰੇਜ਼ਾਂ ਨੇ ਸੈਂਕੜੇ ਸਾਲਾਂ ਤੱਕ ਰਾਜ ਕੀਤਾ, ਤਾਂ ਇਸਦਾ ਕਾਰਨ ਸੀ ਉਹਨਾਂ ਦੀ ਰਾਜਨੀਤਿਕ ਅਤੇ ਲੜਾਈ ਲੜਨ ਦੀ ਕੁਸ਼ਲਤਾ। ਅਸੀਂ ਗੁਲਾਮ ਸੀ ਤਾਂ ਆਪਣੀਆਂ ਕਮਜ਼ੋਰੀਆਂ ਕਰਕੇ ਸੀ। ਤਦ ਵੀ ਮੰਦਰ ਸਨ, ਘੰਟੇ ਘੜਿਆਲ ਤਦ ਵੀ ਬਜਾਏ ਜਾਂਦੇ ਸਨ, ਕੀ ਕਰ ਲਿਆ ਭਗਵਾਨ ਨੇ ?

ਇਰਾਕ, ਅਫ਼ਗਾਨਿਸਤਾਨ ਦੇ ਖਿਲਾਫ਼ ਸੈਨਿਕ ਕਾਰਵਾਈ ਨੂੰ ਲੈ ਕੇ ਪਾਕਿਸਤਾਨੀਆਂ ਵਿੱਚ ਜ਼ਬਰਦਸਤ ਗੁੱਸਾ ਸੀ। ਹੁਣ ਅਮਰੀਕਾ ਵਿੱਚ ਸਮੁੰਦਰੀ ਤੂਫ਼ਾਨ ਆਇਆ, ਭਾਰੀ ਤਬਾਹੀ ਹੋਈ ਤਾਂ ਪਾਕਿਸਤਾਨੀਆਂ ਨੇ ਉਸਨੂੰ 'ਖ਼ੁਦਾ ਦਾ ਕਹਿਰ' ਨਾਂ ਦਿੱਤਾ ਅਤੇ ਖ਼ੁਸ਼ੀ ਜਤਾਈ।

ਪਾਕਿਸਤਾਨ ਵਿੱਚ ਭੁਚਾਲ ਆਇਆ, ਸੈਂਕੜੇ ਲੋਕ ਮਾਰੇ ਗਏ, ਤਦ ਕਿਸੇ ਦੇ ਮੂੰਹ ਵਿੱਚੋਂ ਕੁੱਝ ਨਹੀਂ ਫੁੱਟਿਆ। ਹੁਣ ਰਮਜਾਨ ਦੇ ਮਹੀਨੇ ਵਿੱਚ ਇਹ ਹਾਦਸਾ ਹੋਇਆ। ਸਮਝਦਾਰ ਦੇ ਲਈ ਇਸ਼ਾਰਾ ਕਾਫ਼ੀ ਹੈ। ਕੀ ਹੁਣ ਵੀ ਰੱਬ ਵੰਡੇ ਹੋਏ ਹਨ ? ਜੇਕਰ ਨਹੀਂ, ਤਾਂ ਅਸੀਂ ਕਿਉਂ ਵੰਡੇ ਹੋਏ ਹਾਂ ?

ਇਕ ਗੱਲ ਤਾਂ ਸਾਫ਼ ਹੈ ਕਿ ਧਰਮ ਲੜਾਉਣ ਦਾ ਕੰਮ ਕਰਦੇ ਹਨ। ਉਹ ਆਦਮੀ ਦੀ ਕੋਈ ਮਦਦ ਨਹੀਂ ਕਰਦੇ ਹਨ। ਭਾਰਤ ਪਾਕਿਸਤਾਨ ਵੰਡਣ ਦੀ ਇਹੀ ਵਜ੍ਹਾ ਸੀ, ਉਸ ਦਾ ਮੂਰਖ ਲੋਕਾਂ ਦੇ ਦਿਮਾਗ ਵਿੱਚ ਰੱਬ ਦਾ ਸੱਚ ਨਹੀਂ ਘੁਸਦਾ ਹੈ।

ਕਾਸ਼ੀ ਦੀ ਇਕ ਮਸਜਿਦ ਦੀ ਕੰਧ ਉੱਤੇ ਕੁੱਝ ਸ਼ਰਾਰਤੀ ਲੋਕਾਂ ਨੇ ਰੰਗ ਸੁੱਟ ਦਿੱਤਾ, ਤਾਂ ਦੰਗਾ ਹੋ ਗਿਆ। ਕੀ ਅਸੀਂ ਏਨੇ ਸਬਰ ਵਾਲੇ ਨਹੀਂ ਹਾਂ ਕਿ ਜ਼ਰਾ ਜਿਹਾ ਰੰਗ ਵੀ ਬਰਦਾਸ਼ਤ ਨਹੀਂ

ਕਰ ਸਕਦੇ ? ਇਹ ਜਾਣਦੇ ਹੋਏ ਵੀ ਕਿ ਇਹ ਕੰਮ ਕਿਸੇ ਸਾਊ ਆਦਮੀ ਦਾ ਨਹੀਂ ਹੋ ਸਕਦਾ, ਖ਼ੂਨਖਰਾਬੇ ਉੱਤੇ ਉਤਰ ਆਉਂਦੇ ਹਨ।

ਅੱਜ ਕਸ਼ਮੀਰ ਵਿੱਚ ਕੀ ਹੋ ਰਿਹਾ ਹੈ ? ਕਿਉਂ ਭਜਾਏ ਗਏ ਕਸ਼ਮੀਰੀ ਪੰਡਿਤ ? ਕਿਉਂ ਸਿੱਖਾਂ ਨੂੰ ਧਮਕਾਇਆ ਜਾ ਰਿਹਾ ਹੈ ? ਕਿਉਂ ਅਜ਼ਾਦੀ ਮੰਗੀ ਜਾ ਰਹੀ ਹੈ ? ਜਦ ਕਿ ਕਸ਼ਮੀਰ ਵਿੱਚ ਗੁਲਾਮੀਅਤ ਵਰਗਾ ਕੁੱਝ ਨਹੀਂ ਹੈ।

ਦਰਅਸਲ ਆਜ਼ਾਦੀ ਦੇ ਪਿੱਛੇ ਧਾਰਮਿਕ ਨਫ਼ਰਤ ਹੈ। ਕਸ਼ਮੀਰੀ ਮੁਸਲਮਾਨ ਨਹੀਂ ਚਾਹੁੰਦੇ ਕਿ ਉਹ ਤਥਾਕਥਿਤ ਕਾਫਿਰ ਜਾਂ ਹਿੰਦੂ ਦੀ ਸਰਪਰਸਤੀ ਵਿੱਚ ਰਹਿਣ। ਹੜ੍ਹ ਪੀੜਤਾਂ ਨੂੰ ਹੜ੍ਹ ਤਹਿਤ ਸਮਾਨ ਨਾ ਦੇਣ ਦੇ ਮੂਲ (ਜੜ੍ਹ; ਅਸਲ) ਵਿੱਚ ਵੀ ਇਹੀ ਨਫ਼ਰਤ ਹੈ। ਇਹੀ ਨਫ਼ਰਤ ਅੱਜ ਵੀ ਇੱਕ ਦਲਿਤ ਨੂੰ ਬ੍ਰਾਹਮਣਾਂ ਦੇ ਨੇੜੇ ਨਹੀਂ ਲਿਆ ਸਕੀ ਅਤੇ ਇਕ ਮੁਸਲਮਾਨ ਨੂੰ ਕਾਫਿਰਾਂ ਦੇ ਨਾਲ ਨਹੀਂ ਲਿਆ ਸਕੀ।

ਧਰਮ ਪਿਆਰ ਕਰਨਾ ਨਹੀਂ ਸਿਖਾਉਂਦਾ ਹੈ। ਜੇਕਰ ਮੰਨ ਵੀ ਲਿਆ ਜਾਵੇ ਕਿ ਸਾਰੇ ਧਰਮਾਂ ਦੇ ਮੂਲ ਵਿੱਚ ਇਹ ਹੀ ਸੁਨੇਹਾ ਹੈ ਪਿਆਰ, ਤਾਂ ਭਾਸ਼ਾ, ਖੇਤਰ, ਫਿਰਕੇ, ਜਾਤੀਗੋਤਰ ਦੇ ਨਾਂ ਉੱਤੇ ਖ਼ੂਨਖਰਾਬਾ ਕਿਉਂ ਹੁੰਦਾ ਹੈ ? ਉਰਦੂ ਭਾਸ਼ੀ ਮੁਸਲਮਾਨ, ਬੰਗਲਾ ਭਾਸ਼ੀ ਮੁਸਲਮਾਨ ਤੋਂ ਨਫ਼ਰਤ ਕਰਦਾ ਹੈ। ਕਿਉਂ ? ਉੱਤਰਪ੍ਰਦੇਸ਼ ਅਤੇ ਬਿਹਾਰ ਦੇ ਹਿੰਦੂਆਂ ਤੋਂ ਮਹਾਂਰਾਸ਼ਟਰ ਦੇ ਹਿੰਦੂ ਲੀਡਰ ਰਾਜ ਠਾਕਰੇ, ਬਾਲ ਠਾਕਰੇ ਨਫ਼ਰਤ ਕਰਦੇ ਹਨ। ਕਿਉਂ ?

7 ਸਾਲ ਤਕ ਈਰਾਨ ਇਰਾਕ ਲੜੇ ਰਹੇ। ਈਸਾਈ ਬਹੁਤੇ ਹੋਣ ਦੇ ਬਾਅਦ ਵੀ ਯੂਰੋਪ ਅਨੇਕ ਦੇਸ਼ਾਂ ਵਿੱਚ ਵੰਡਿਆ ਹੈ। ਅਮਰੀਕਾ ਵਿੱਚ ਰਾਸ਼ਟਰਪਤੀ ਬਰਾਕ ਓਬਾਮਾ ਦੇ ਧਰਮ ਉੱਤੇ ਸਵਾਲ ਉੱਠ ਰਹੇ ਹਨ। ਕਿਉਂ ?

ਧਰਮ ਜਦ ਤਕ ਰਹੇਗਾ, ਤਦ ਤਕ ਦੁਨੀਆਂ ਜਲਦੀ ਰਹੇਗੀ। ਦੂਸਰੇ ਧਰਮਾਂ ਨੂੰ ਛੱਡੋ, ਇਕ ਹੀ ਧਰਮ ਦੇ ਲੋਕ ਆਪਸ ਵਿੱਚ ਲੜਦੇ ਹਨ। ਜ਼ਮੀਨਾਂ ਦੇ ਲਈ ਕਤਲ ਕਰਦੇ ਹਨ। ਭਾਈ-ਭਾਈ ਨੂੰ ਮਾਰਦਾ ਹੈ। ਪੁੱਤਰ ਬਾਪ ਨੂੰ ਦੁਖੀ ਕਰਦਾ ਹੈ। ਪਤੀ ਪਤਨੀ ਨੂੰ ਧੋਖਾ ਦੇਂਦਾ ਹੈ। ਸਾਰੇ ਕੁਕਰਮ ਕਰਦੇ ਹਨ, ਆਪਣੀਆਂ ਖਾਮੀਆਂ ਨੂੰ ਨਾ ਦੇਖ ਕੇ ਦੂਜੇ ਨਾਲ ਰੰਜਿਸ਼ ਬਣਾਈ ਰੱਖਦੇ ਹਨ।

ਦਰਅਸਲ, ਧਰਮ ਇੱਕ 'ਪ੍ਰੋਡਕਟ' (ਵਸਤੂ; ਮਾਲ) ਵਾਂਗ ਹੈ। ਸਾਬਣ ਤੇਲ ਵਾਂਗ ਧਰਮਾਂ ਦੇ ਠੇਕੇਦਾਰ ਆਪਣਾ ਆਪਣਾ ਪ੍ਰੋਡਕਟ ਆਪਣੇ ਆਪਣੇ ਬੰਦਿਆਂ ਦੇ ਦੁਆਰਾ ਵੇਚ ਰਹੇ ਹਨ। ਸਾਡੇ ਲੋਕਾਂ ਉੱਤੇ ਧਾਰਮਿਕ ਕੱਟੜਤਾ ਇਸ ਹੱਦ ਤਕ ਭਾਰੂ ਹੈ ਕਿ ਤਾਲਿਬਾਨੀਆਂ ਨੇ ਬਾਮਿਆਨ ਦੀ ਬੁੱਧ ਮੂਰਤੀਆਂ ਤੋੜੀਆਂ। ਇਹ ਮੂਰਤੀਆਂ ਅਫ਼ਗਾਨਿਸਤਾਨ ਦੀ ਸਾਂਸਕ੍ਰਿਤਿਕ ਅਮਾਨਤ ਸੀ, ਜਿਹੜੀ ਇਸ ਗੱਲ ਦੀ ਸਬੂਤ ਸੀ ਕਿ ਕਦੇ ਅਫ਼ਗਾਨਿਸਤਾਨੀ ਲੋਕਾਂ ਨੇ ਹਿੰਦੂ, ਬੁੱਧ ਹੁਣ ਇਸਲਾਮ ਨੂੰ ਅਪਨਾਇਆ।

'ਮਨੂੰਸਮ੍ਰਿਤੀ' ਵਿੱਚ ਕਿਹਾ ਗਿਆ ਹੈ ਕਿ ਬ੍ਰਾਹਮਣ ਮੂੰਹ ਵਿੱਚੋਂ ਪੈਦਾ ਹੋਇਆ ਹੈ, ਸੂਦਰ ਪੈਰ ਤੋਂ। ਭਲਾਂ ਮੂੰਹ ਜਾਂ ਪੈਰ ਤੋਂ ਕੋਈ ਪੈਦਾ ਹੋਇਆ ਹੈ ? ਜੇ ਮੰਨ ਵੀ ਲਿਆ ਜਾਵੇ ਤਾਂ, ਖ਼ੂਨ ਕਿਵੇਂ ਅਲੱਗ ਹੋਇਆ ? ਕੀ ਬ੍ਰਹਮਾਂ ਦੇ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਅਲੱਗ-ਅਲੱਗ ਕਵਾਲਿਟੀ (ਕਿਸਮ) ਦੇ ਖ਼ੂਨ ਵਹਿੰਦੇ ਸਨ ? ਮੂੰਹ ਵਿੱਚ ਸਾਫ਼ ਅਤੇ ਪੈਰ ਵਿੱਚ ਗੰਦਾ ?

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਇਹਨਾਂ ਤਥਾਕਥਿਤ ਆਦਰਸ਼ ਕਿਤਾਬਾਂ ਨੂੰ ਸਮੁੰਦਰ ਵਿੱਚ ਵਹਾ ਦੇਈਏ, ਜਿਹਨਾਂ ਦੇ ਕਾਰਨ ਅਸੀਂ ਇੱਕ ਦੂਜੇ ਨਾਲ ਨਫ਼ਰਤ ਕਰਦੇ ਹਾਂ, ਇਕ ਦੂਜੇ ਉੱਤੇ ਸ਼ੱਕ ਕਰਦੇ ਹਾਂ।

# ਜਿਵੇਂ ਟੁੱਟਿਆ ਅੰਬਰ 'ਚੋਂ ਤਾਰਾ...!



ਮਨੁੱਖੀ ਜ਼ਿੰਦਗੀ ਸੰਸਾਰ ਦੇ ਕਾਰ ਵਿਹਾਰ ਦੀ ਇੱਕ ਪਾਤਰ ਹੈ।ਮਨੁੱਖ ਦਾ ਜਨਮ ਅਤੇ ਮੌਤ ਇੱਕ ਹਕੀਕੀ ਵਰਤਾਰਾ ਹੈ।ਧਰਤੀ ਦੀ ਹਿੱਕ ਤੇ ਫ਼ਿਰਦੀਆਂ ਮਨੁੱਖਤਾ ਦੀਆਂ ਭੀੜਾਂ 'ਚੋਂ ਨੇਕ, ਮਿਹਨਤੀ, ਸਿਦਕੀ ਅਤੇ ਸੱਚੇ ਸੁੱਚੇ ਲੋਕ ਭਾਲਣਾ ਮੁਸ਼ਕਲ ਕਾਰਜ ਹੈ।ਪਰ ਉਹਨਾਂ ਦੁਆਰਾ ਕੀਤੇ ਕਾਰਜ ਹੀ ਉਨ੍ਹਾਂ ਦੀ ਪਹਿਚਾਣ ਬਣ ਜਾਂਦੇ ਹਨ।ਮਨੁੱਖੀ ਇਤਿਹਾਸ ਸਦੀਆਂ ਦਾ ਇਤਿਹਾਸਕ ਖਜ਼ਾਨਾ ਆਪਦੇ ਗਰਭ ਅੰਦਰ ਸਮੋਈ ਬੈਠਾ ਹੈ।ਇਤਿਹਾਸਕ ਖਜ਼ਾਨੇ ਦਾ ਅਜਿਹਾ ਹੀ ਹਸਤਾਖਸਰ ਹੋਇਆ ਹੈ ਡਾ. ਰਾਜ ਪ੍ਰਕਾਸ ਸਿੰਘ ।ਜੋ ਭਰ ਜੋਬਨ 'ਚ ਪਰਿਵਾਰ, ਸਮਾਜ ਅਤੇ ਸੰਸਾਰ ਨੂੰ ਰੋਂਦੇ, ਵਿਲਕਦੇ ਛੱਡ ਕੇ ਚੱਲਿਆ ਗਿਆ।

ਰਾਜ ਪ੍ਰਕਾਸ ਸਿੰਘ ਦਾ ਜਨਮ ਮਾਲੇਰਕੋਟਲਾ ਨਾਭਾ ਰੋਡ 'ਤੇ ਵਸੇ ਕਸਬਾ ਅਮਰਗੜ੍ਹ 'ਚ ਪਿਤਾ ਸ. ਭਾਗ ਸਿੰਘ ਦੇ ਗ੍ਰਹਿ ਅਤੇ ਮਾਤਾ ਅਮਰ ਕੌਰ ਦੀ ਕੁੱਖੋਂ 1962 'ਚ ਹੋਇਆ। ਰਾਜ ਪ੍ਰਕਾਸ ਦਾ ਪਾਲਣ-ਪੋਸਣ ਮੱਧਵਰਗੀ ਹਾਲਤਾਂ 'ਚ ਹੋਇਆ।ਮੁੱਢਲੀ ਵਿਦਿਆ ਰਾਜ ਨੇ ਸ. ਸੀ. ਸੈ. ਸਕੂਲ ਅਮਰਗੜ੍ਹ ਤੋਂ ਪ੍ਰਾਪਤ ਕੀਤੀ।ਸਕੂਲੀ ਸਮੇਂ ਦੌਰਾਨ ਰਾਜ ਹਾਕੀ ਅਤੇ ਵਾਲੀਬਾਲ ਦਾ ਵਧੀਆ ਖਿਡਾਰੀ ਸੀ।ਪਰਿਵਾਰ ਦੇ ਮਾੜੇ ਅਰਥਚਾਰੇ ਨੂੰ ਠੱਲ ਪਾਉਣ ਲਈ ਰਾਜ ਨੇ ਪਸ਼ੂ ਪਾਲਣ ਵਰਗੇ ਕਿੱਤੇ ਨੂੰ ਚੁਣਿਆ।ਜਿਥੇ ਰਾਜ ਪਸ਼ੂ ਪਾਲਣ ਵਿਭਾਗ 'ਚ ਨੌਕਰੀ ਸਮੇਂ ਦੌਰਾਨ ਬੈਡਮੈਟਨ ਅਤੇ ਹਾਕੀ ਦਾ ਵਧੀਆ ਖਿਡਾਰੀ ਰਿਹਾ।ਰਾਜ ਦੀ ਸ਼ਾਦੀ ਲੌਂਗੋਵਾਲ ਵਾਸੀ ਜਸਵੀਰ ਕੌਰ ਨਾਲ ਹੋਈ।ਰਾਜ ਦੇ ਗ੍ਰਹਿ ਦੋ ਬੇਟਿਆਂ ਜਸਨਜੀਤ ਸਿੰਘ ਅਤੇ ਅਸਨਜੀਤ ਸਿੰਘ ਨੇ ਜਨਮ ਲਿਆ।ਰਾਜ ਨੇ ਆਪਣੇ ਇਲਾਕੇ ਅਮਰਗੜ੍ਹ ਵਿੱਚ ਤਰਕਕਸ਼ੀਲ ਵਿਚਾਰਾਂ ਦਾ ਸਿੱਟਾ ਦੇਣ ਲਈ ਸਿਰ ਤੋੜ ਯਤਨ ਕੀਤੇ।ਰਾਜ ਦੇ ਇਹਨਾਂ ਯਤਨਾਂ ਨੂੰ ਬੂਰ ਵੀ ਪਿਆ।ਇਲਾਕੇ 'ਚ ਤਰਕਸ਼ੀਲ ਮੇਲੇ, ਸੈਮੀਨਾਰ ਅਤੇ ਵਿਚਾਰ ਗੋਸ਼ਟੀਆਂ ਦਾ ਪ੍ਰਬੰਧ ਵੀ ਰਾਜ ਹੀ ਕਰਦਾ ਸੀ।ਆਪਣੀ 30 ਸਾਲ ਦੀ ਸਰਵਿਸ ਦੌਰਾਨ ਰਾਜ ਲਗਾਤਾਰ 28 ਸਾਲ ਇੱਕ ਹੀ ਸਟੇਸ਼ਨ ਲਾਗੜੀਆਂ ਵਿਖੇ ਸਰਵਿਸ ਕਰਦਾ ਰਿਹਾ।ਜੋ ਕਿ ਉਸਦੀ ਹਰਮਨ ਪਿਆਰਤਾ ਦਾ ਸਬੂਤ ਸੀ।ਰਾਜ ਦਾ ਵੱਡਾ ਬੇਟਾ ਜਸਨ ਤਾਈਕਵਾਡੋਂ ਅਤੇ ਕਿੱਕ ਬਾਕਸਿੰਗ ਦਾ ਵਧੀਆ ਖਿਡਾਰੀ ਹੈ।ਰਾਜ ਦਾ ਛੋਟਾ ਭਰਾ ਡਾ. ਪਵਿੱਤਰ ਜੋ ਕਿ ਵਿਗਿਆਨਕ ਅਤੇ ਵੈੱਲਫੇਅਰ ਕਲੱਬ ਅਮਰਗੜ੍ਹ ਦਾ ਸਰਪ੍ਰਸਤ ਹੈ ਅਤੇ ਇਲਾਕੇ ਵਿੱਚ ਖੂਨ ਦਾਨ ਦੀ ਮੁਹਿੰਮ ਨੂੰ ਵੱਡਾ ਹੁੰਗਾਰਾ ਦੇ ਰਿਹਾ ਹੈ।ਡਾ. ਪਵਿੱਤਰ ਨੂੰ ਸਮਾਜ ਸੇਵੀ ਸੰਸਥਾਵਾਂ ਵੱਲੋ ਕਈ ਐਵਾਰਡ ਮਿਲ ਚੁੱਕੇ ਹਨ।ਭੈਣਾਂ ਹਰਬੰਸ ਕੌਰ,ਪ੍ਰਤੀਮ ਕੌਰ,ਚਰਨਜੀਤ ਕੌਰ,ਪਰਮਜੀਤ ਕੌਰ ਅਤੇ ਜਸਵੰਤ ਕੌਰ ਦਾ ਇਹ ਹੋਣਹਾਰ ਭਰਾ 27-03-2013 ਨੂੰ ਮੌਤ ਹੱਥੋਂ ਜ਼ਿੰਦਗੀ ਦੀ ਲੜਾਈ ਹਾਰ ਗਿਆ।ਰਾਜ ਸਾਡੇ ਵਿੱਚੋਂ ਗਿਆ ਨਹੀਂ ਸਗੋਂ ਇਹ ਉਸਦੀ ਸਰੀਰਕ ਮੌਤ ਹੈ।ਪਰ ਉਹ ਵਿਚਾਰਧਾਰਕ ਤੌਰ ਤੇ ਸਾਡੇ ਅੰਗ-ਸੰਗ ਹੈ।ਅਦਾਰਾ ਵਿਗਿਆਨ ਜੋਤ ਰਾਜ ਪ੍ਰਕਾਸ ਦੀ ਬੇਵਕਤੀ ਮੌਤ ਤੇ ਡੂੰਘੇ ਦੁੱਖ ਦਾ ਇਜਹਾਰ ਕਰਦਾ ਹੋਇਆ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ।

– ਰਣਜੀਤ ਝੁਨੇਰ

# ਸਰਗਰਮੀਆਂ

23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਮਿਤੀ 30.3.2013 ਨੂੰ ਪਿੰਡ ਈਸੀ [ਨੇੜੇ ਧੂਰੀ] ਵਿਖੇ, ਵਿਗਿਆਨਕ ਅਤੇ ਵੈਲਫੇਅਰ ਕਲੱਬ (ਰਜਿ) ਅਮਰਗੜ੍ਹ ਨੇ, ਇਲਾਕੇ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ। ਇਸ ਮੇਲੇ ਦੀ ਸ਼ੁਰੂਆਤ, ਮੋਟਰ ਸਾਇਕਲ ਨੂੰ ਅੱਖਾਂ ਉੱਤੇ ਪੱਟੀ ਬੰਨ੍ਹਕੇ ਚਲਾਉਣ ਵਾਲੇ ਤਰਕਸ਼ੀਲ ਨੌਜਵਾਨ ਨਗਿੰਦਰ ਮਾਨਾਂ ਵਲੋਂ ਕੀਤੀ ਗਈ। ਇਸ ਮੇਲੇ ਵਿੱਚ ਮਾਨਯੋਗ ਸ੍ਰੀ ਇਕਬਾਲ ਸਿੰਘ ਝੂੰਦਾਂ (ਐਮ. ਐਲ. ਏ.) ਅਤੇ ਗੋਬਿੰਦ ਸਿੰਘ ਲੌਂਗੋਵਾਲ (ਹਲਕਾ ਇੰਚਾਰਜ ਧੂਰੀ) ਵਿਸ਼ੇਸ਼ ਤੌਰ 'ਤੇ ਪਹੁੰਚੇ। ਮੁੱਖ ਬੁਲਾਰਿਆਂ ਵਿੱਚ ਸ੍ਰੀ ਮੇਘ ਰਾਜ ਮਿੱਤਰ (ਤਰਕਸ਼ੀਲ ਬਾਨੀ) ਸ੍ਰੀ ਜਸਵੀਰ ਰਾਣਾ (ਪ੍ਰਸਿੱਧ ਕਹਾਣੀਕਾਰ) ਸ੍ਰੀ ਕੇਸਰ ਸਿੰਘ ਭੁੱਲਰ (ਸਮਾਜ ਸੇਵੀ) ਸ੍ਰੀ ਰਜਿੰਦਰ ਭਦੌੜ (ਤਰਕਸ਼ੀਲ ਆਗੂ) ਆਦਿ ਬੁਲਾਰਿਆਂ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਅੰਧਵਿਸ਼ਵਾਸਾਂ ਵਿੱਚੋਂ ਨਿਕਲਕੇ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ।



ਲੋਕ ਕਲਾ ਮੰਚ ਮੁੱਲਾਂਪੁਰ ਤੋਂ ਨਿਰਦੇਸ਼ਕ ਸ੍ਰੀ ਹਰਕੇਸ ਚੌਧਰੀ ਦੀ ਟੀਮ ਵਲੋਂ ਪੇਸ਼ ਨਾਟਕ "ਇਨ੍ਹਾਂ ਜ਼ਖ਼ਮਾਂ ਦਾ ਕੀ ਕਰੀਏ" ਲੋਕਾਂ ਦੇ ਭਾਰੀ ਇਕੱਠ ਨੂੰ ਭਾਵੁਕ ਕਰ ਗਿਆ ਸੀ। ਤੇ ਨਾਲ ਹੀ ਨਾਟਕ 'ਤੇ ਦੇਵ ਪੁਰਸ ਹਾਰ ਗਏ' ਲੋਕਾਂ ਨੂੰ ਅਖੌਤੀ ਸਾਧਾਂ-ਸੰਤਾਂ ਜੋਤਸ਼ੀਆਂ ਤੋਂ ਸਾਵਧਾਨ ਹੋਣ ਲਈ ਪ੍ਰੇਰਦਾ ਸੀ। ਸ਼ਹੀਦ ਭਗਤ ਸਿੰਘ ਦੀ "ਘੋੜੀ" ਅਤੇ "ਪੱਗ" ਕੋਰੀਓਗ੍ਰਾਫੀ ਲੋਕਾਂ ਨੂੰ ਕਾਫੀ ਪਸੰਦ ਆਈ। ਮੇਲੇ ਵਿੱਚ ਖਿੱਚ ਦਾ ਕਾਰਨ ਰਹੇ ਜਾਦੂ ਦੇ ਟਰਿਕਾਂ ਨੂੰ ਜਾਦੂਗੀਰ ਨਗਿੰਦਰ ਮਾਨਾਂ ਨੇ ਹੈਰਾਨੀਜਨਕ ਤਰੀਕੇ ਨਾਲ ਪੇਸ਼ ਕੀਤਾ।

ਇਸ ਤਰਕਸੀਲ ਮੇਲੇ ਦੌਰਾਨ ਸਮਾਜ ਨੂੰ ਨਵੀ ਦਿਸਾਂ ਦੇਣ ਵਾਲੀਆਂ ਸਖ਼ਸ਼ੀਅਤਾਂ ਦਾ ਵੀ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿੱਚੋਂ ਸਰੀਰਦਾਨ ਖੇਤਰ ਵਿੱਚ-ਸ੍ਰੀ ਕਸ਼ੋਰੀ ਲਾਲ ਸਰਮਾਂ, ਈਸੀ ਦੇ ਪਰਿਵਾਰ ਦਾ, ਅੱਖਾਂ ਦਾਨ ਦੇ ਖੇਤਰ ਵਿੱਚ-ਸ੍ਰੀ ਹਰਜੀਤ ਸਿੰਘ ਮਾਨਾਂ ਦੇ ਪਰਿਵਾਰ ਦਾ, ਖ਼ੂਨਦਾਨ ਦੇ ਖੇਤਰ ਵਿੱਚ 42 ਵਾਰ ਖ਼ੂਨਦਾਨ ਕਰਨਵਾਲੇ ਖ਼ੂਨਦਾਨੀ ਸ. ਸੁਖਦੇਵ ਸਿੰਘ ਢੋਢਗਲ ਅਤੇ ਪੜ੍ਹਾਈ ਦੇ ਖੇਤਰ ਵਿੱਚ ਇਲਾਕੇ ਦਾ ਮਾਨ ਮਿਸ-ਨਰਿੰਦਰ ਕੌਰ (ਪੀ. ਸੀ. ਐਸ.) (ਈ. ਟੀ. ਓ. ਸੰਗਰੂਰ) ਅਤੇ ਨਾਲ ਹੀ ਸਰਕਾਰੀ ਹਾਈ ਸਕੂਲ ਈਸੀ ਦੇ ਪੜ੍ਹਾਈ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਵੀ ਕਲੱਬ ਵਲੋਂ ਸਨਮਾਨ ਦਿੱਤਾ ਗਿਆ। ਤਰਕਸ਼ੀਲ ਬੁੱਕ ਸਟਾਲ ਤੋਂ ਵੀ ਸਾਹਿਤ ਪ੍ਰੇਮੀਆਂ ਨੇ ਕਾਫੀ ਲਾਹਾ ਲਿਆ। ਇਸ ਤਰਕਸ਼ੀਲ ਮੇਲੇ ਨੂੰ ਸਫ਼ਲ ਬਣਾਉਣ ਵਿੱਚ- ਸ. ਸੁਖਵਿੰਦਰ ਸਿੰਘ ਈਸੀ, ਡਾ. ਪਵਿੱਤਰ ਅਮਰਗੜ੍ਹ, ਸਰਪੰਚ ਸ੍ਰੀਮਤੀ ਹਰਦੇਵ ਕੌਰ, ਬਲਜਿੰਦਰ ਸਿੰਘ, ਰਣਜੀਤ ਸਿੰਘ, ਗੁਰਪ੍ਰੀਤ ਈਸੀ, ਰਣਜੀਤ ਝੁਨੇਰ, ਗੁਰਦੀਪ ਸਲਾਰ, ਜਗਸੀਰ ਤੋਲਵਾਲ ਜਗਮੋਹਨ ਸਿੰਘ, ਗੁਰਜੀਤ ਬੁਰਜ, ਮਨਜੀਤ ਅਮਰਗੜ੍ਹ, ਸੁਖਜਿੰਦਰ ਝੱਲ, ਗੁਰਪ੍ਰੀਤ ਮਾਨਾਂ, ਮੋਹਨ ਈਸੀ, ਆਦਿ ਨੌਜਵਾਨਾਂ ਨੇ ਵੱਡਾ ਯੋਗਦਾਨ ਦਿੱਤਾ।

ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਗਗਨਦੀਪ ਅਮਰਗੜ੍ਹ ਨੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ। ਪੇਂਡੂ ਖੇਤਰ ਵਿੱਚ ਇਹ ਇਕ ਨਿਵੇਕਲੀ ਕਿਸਮ ਦਾ ਪ੍ਰੋਗਰਾਮ ਸੀ। ਜਿਸ ਦੀ ਚਰਚਾ ਲੋਕਾਂ ਵਿੱਚ ਅੱਜ ਵੀ ਜਾਰੀ ਹੈ। **– ਅਮਰੀਕ ਮਾਨਾਂ**





# ਫਸਿਆ ਵਹਿਮਾਂ ਵਿੱਚ ਇਨਸਾਨ...



**ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਲੋਕ ਮਨਾ ਦਾ ਕਵੀ ਸੀ। ਉਹਨੇ ਲੱਖਾਂ ਲੋਕਾਂ ਦੇ ਮਨਾਂ ਦੀ ਕੁੜੱਤਣ ਦੂਰ ਕੀਤੀ। ਉਸ ਦੇ ਕਿੱਸੇ ਤੇ ਪ੍ਰਸੰਗ ਲੱਖਾਂ ਦੀ ਗਿਣਤੀ ਵਿੱਚ ਵਿਕੇ। ਉਹ ਚਾਹੁੰਦਾ ਸੀ ਕਿ ਮੇਰੀ ਅਲਵਿਦਾ ਉਤੇ ਸ਼ਹਿਨਾਈ ਵੱਜੇ ਤੇ ਮੇਰਾ ਸਰੀਰ ਕਿਸੇ ਦੇ ਕੰਮ ਆ ਸਕਦਾ ਹੋਵੇ ਤਾਂ ਵਰਤ ਲਿਆ ਜਾਵੇ। ਉਹ ਤਰਕਸ਼ੀਲ ਇਨਸਾਨ ਸੀ ਤੇ ਬੰਦੇ ਦੇ ਆਪੂੰ ਸਿਰਜੇ ਰੱਬ ਵਿੱਚ ਉਸ ਦਾ ਕੋਈ ਵਿਸ਼ਵਾਸ ਨਹੀਂ ਸੀ। ਤਰਕਸ਼ੀਲ ਦੰਪਤੀ (ਹਰਪ੍ਰੀਤ ਤੇ ਹਰਪਿੰਦਰ, ਟਰਾਂਟੋ) ਦੀ ਪ੍ਰੇਰਨਾ ’ਤੇ ਉਨ੍ਹਾਂ ਨੇ ਆਪਣੀ ਇਹ ਅੰਤਿਮ ਕਵਿਤਾ ਲਿਖੀ ਸੀ। ਪਾਰਸ ਜੀ ਦੀ ਇਹ ਰਚਨਾ ਸਾਨੂੰ ਪੰਜਾਬੀ ਦੇ ਪ੍ਰਸਿੱਧ ਲੇਖਕ ਪ੍ਰੋ. ਗੁਰਭਜਨ ਸਿੰਘ ਗਿੱਲ ਜੀ ਨੇ ‘ਵਿਗਿਆਨ ਜੋਤ’ ਵਿਚ ਛਾਪਣ ਹਿੱਤ ਭੇਜੀ ਹੈ।**

ਕੁੱਝ ਕੁ ਹਜ਼ਾਰ ਸਾਲ ਤੋਂ ਪਹਿਲਾਂ, ਰੱਬ ਦੀ ਕੋਈ ਮਿੱਥ ਨਹੀਂ ਸੀ।
ਵਣ ਮਾਨਸ ਅਤੇ ਪਸ਼ੂ ਪੱਧਰ ਵਿੱਚ, ਲੰਬੀ ਚੌੜੀ ਵਿੱਥ ਨਹੀਂ ਸੀ।
ਵਣ ਮਾਨਸ ਦਾ ਮਗ਼ਜ ਫਿਤਰਤੀ, ਗਿਆਨ ਗ੍ਰਹਿਣ ਕਰਨੇ ਸਮਰੱਥ।
ਰੂਹ ਚੇਤੰਨਤਾ ਉਪਜ ਏਸ ਦੀ, ਸਾਇੰਸਦਾਨਾ ਖੋਜਿਆ ਤੱਥ।
ਜਦ ਮਾਨਵ ਕੁੱਝ ਵਿਕਸਿਤ ਹੋਇਆ, ਵਾਪਰ ਦੇ ਵਰਤਾਰੇ ਦੇਖੇ।
ਕੁਦਰਤ ਮਾਂ ਦੇ ਸਹਿਜ ਰਚੇਵੇਂ, ਅਜਬੋ ਅਜ਼ਬ ਨਜ਼ਾਰੇ ਦੇਖੇ।
ਬੱਦਲ ਗਰਜੇ ਬਿਜਲੀ ਚਮਕੀ, ਵਣ ਮਾਨਸ ਡਰ ਹੋਇਆ ਹੈਰਾਨ।
ਫਸਿਆ ਵਹਿਮਾਂ ਵਿੱਚ ਇਨਸਾਨ...

ਬਾਅਦ ਭੁਚਾਲੋਂ ਸਾਗਰ ਉਛਲਿਆ, ਮੀਂਹ ਝੜੀ ਲੱਗ ਗਈ ਲੰਬੀ।
ਪੂਰਵਜਾਂ ਨੇ ਮੀਂਹ ਦਾ ਦਿਉਤਾ, ਇੰਦਰ ਨਾਮੀ ਮਿੱਥ ਆਰੰਭੀ।
ਫਿਰ ਭਾਰਤੀਆਂ ਈਸ਼ਰ ਸਿਰਜਿਆ, ਤਿੰਨ ਦੇਵਤੇ ਵੱਡੇ ਮੰਨੇ।
ਬ੍ਰਹਮਾਂ ਸਿਰਜੇ, ਵਿਸ਼ਨੂੰ ਪਾਲੇ, ਸ਼ਿਵ ਜੀ ਮਾਰ ਲਗਾਵੇ ਬੰਨੇ।
ਕੁੱਝ ਲੋਕਾਂ ਘੜਿਆ ਰੱਬ ਦਾ, ਭੌਤਿਕ ਤੱਤਾਂ ਬਿਨ ਕਲਬੂਤ।
ਸਦੀਆਂ ਤੱਕ ਹੈ ਲਭਣਾ ਮੁਸ਼ਕਲ, ਇਸ ਦਾ ਕੋਈ ਠੋਸ ਸਬੂਤ।
ਹੈ ਕੋਈ ਸ਼ਕਤੀ ਉਪਰ ਬੈਠੀ, ਸਿਆਣਿਆਂ ਨੇ ਲਾ ਲਿਆ ਅਨੁਮਾਨ।
ਫਸਿਆ ਵਹਿਮਾਂ ਵਿੱਚ ਇਨਸਾਨ...

ਨਰਕ ਸੁਰਗ ਦੀ ਕੂੜ ਕਲਪਨਾ, ਕੀਤੀ ਭਾਰਤ ਵਰਸੀ ਰਿਖੀਆਂ।
ਅੱਟਕਲ - ਪੱਚੂ ਜੋ ਮਨ ਆਈਆਂ, ਠੋਸ ਹਕੀਕਤ ਕਹਿ-ਕਹਿ ਲਿਖੀਆਂ।
ਪੁਰਖਿਆਂ ਕੋਲ ਪ੍ਰਾਪਤ ਨਾ ਸੀ, ਅੱਜ ਵਰਗੀ ਵਿਗਿਆਨਕ ਸੂਹ।
ਉਹ ਮੰਨ ਬੈਠੇ ਚੇਤੰਨਤਾ ਨੂੰ, ਜਨਮ ਕਿਸੇ ਪਿਛਲੇ ਦੀ ਰੂਹ।
ਜਨਮ ਸਮੇਂ ਨਾ ਸਨ ਸਾਡੇ ਵਿੱਚ, ਰੂਹ ਚੇਤੰਨਤਾ ਅਕਲ ਵਜੂਦ।
ਇਹ ਵੀ ਵਿਕਸਿਤ ਹੁੰਦੀਆਂ ਗਈਆਂ, ਜਿਉਂ-ਜਿਉਂ ਵੱਧਦਾ ਗਿਆ ਵਜੂਦ।
ਸਾਇੰਸਦਾਨ ਬੁੱਝਣ ਲੱਗੇ, ਪ੍ਰਕਿਰਤੀ ਦਾ ਗੋਝ ਗਿਆਨ।
ਫਸਿਆ ਵਹਿਮਾਂ ਵਿੱਚ ਇਨਸਾਨ...

ਕਹਿੰਦੇ ਰੱਬ ਨ੍ਹੀ ਜੂਨ ’ਚ ਆਉਂਦਾ, ਜਨਮ ਮਰਨ ਦੇ ਚੱਕਰੋਂ ਬਾਹਰ।
ਉਸੇ ਮੂੰਹ ਨਾਲ ਆਖੀ ਜਾਂਦੇ, ਧਾਰ ਚੁੱਕਾ ਚੋਵੀ ਅਵਤਾਰ।
ਮਹਾਂ ਕਵੀ ਇੱਕ ਲਿਖ ਗਿਆ ਰੱਬ ਹੈ, ਇੱਕ ਬੁਝਾਰਤ ਗੋਰਖ ਧੰਦਾ।
ਖੋਹਲਣ ਲੱਗਾ ਪੇਚ ਏਸ ਦੇ, ਬਣ ਜਾਂਦਾ ਹੈ ਕਾਫਰ ਬੰਦਾ।
ਜੱਗ ਪ੍ਰਵਾਣਤ ਰੱਬ ਦੀ ਵਿਆਖਿਆ ਕਰ ਨਾ ਸਕੇ ਈਸਾ-ਮੂਸਾ।
ਉਹਨਾਂ ਦੇ ਵੀ ਦੋ ਮਜ਼ਬਾਂ ਵਿੱਚ ਵੀ ਪਸਰਿਆ ਵਾ ਹੈ ਭੰਬਲ ਭੂਸਾ।
ਚਿਹਨ ਚੱਕਰ ਰੰਗ ਰੂਪ ਤੋਂ ਵਾਂਝਾਂ, ਲਿੱਖ ਗਏ ਗੁਰ ਸੋਢੀ ਸੁਲਤਾਨ।
ਫਸਿਆ ਵਹਿਮਾਂ ਵਿੱਚ ਇਨਸਾਨ...

ਕਹਿਣ ਕਤੇਬਾਂ ਮੁਸਲਮਾਨੀਆਂ, ਰੱਬ ਨੇ ਦੁਨੀਆਂ ਜਦੋਂ ਬਣਾਈ।
ਨਰ ਮਾਦੇ ਦਾ ਜੋੜਾ ਸਿਰਜਿਆ, ਬਾਬਾ ਆਦਮ ਹੱਵਾ ਮਾਈ।
ਏਸੇ ਕੁੱਲ ’ਚੋਂ ਪੈਦਾ ਹੋਏ ਇੱਕ ਲੱਖ ਚੌਵੀ ਹਜ਼ਾਰ ਪੈਗੰਬਰ।
ਆਖਰ ਵਾਰ ਮੁਹੰਮਦ ਭੇਜਿਆ, ਰੱਬ ਨੇ ਆਪਣਾ ਯਾਰ ਪੈਗੰਬਰ।
ਉਸ ਦੀ ਉੱਤਮ ਦੇ ਦੋ ਫਿਰਕਿਆਂ, ਲੜਦਿਆਂ ਨੂੰ ਲੰਘ ਗਈਆਂ ਸਦੀਆਂ।
ਅੱਜ ਵੀ ਉਸ ਦੇ ਪਾਕਿ ਨਾਮ ’ਤੇ ਲਹੂ ਦੀਆਂ ਵੱਗ ਰਹੀਆਂ ਨਦੀਆਂ।
ਸ਼ੀਆ ਸੁੰਨੀ ਕੌਮ ਇਰਾਕੀ,ਦੋਹੀਂ ਪਾਸੀਂ ਮੁਸਲਮਾਨ,ਆਪੋ ਦੇ ਵਿੱਚ ਲਹੂ ਲੁਹਾਣ।
ਫਸਿਆ ਵਹਿਮਾਂ ਵਿੱਚ ਇਨਸਾਨ...

ਬੁੱਤਾਂ ਅੱਗੇ ਨੱਕ ਰਗੜਦਾ, ਫਿਰਦਾ ਬੰਦਾ ਕਿਹੜੇ ਨਾਤੇ।
ਤੀਰਥ ਤੀਰਥ ਫਿਰੇ ਯੱਵ੍ਹਕਦਾ, ਕਰਦਾ ਪਾਠ ਜਾਪ ਜਗਰਾਤੇ।
ਕਹਿੰਦੇ ਰੱਬ ਨੂੰ ਇੱਕ ਬਰਾਬਰ, ਹੁੰਦੀ ਉਸ ਦੀ ਉਸਤਤ ਨਿੰਦਾ।
ਉਸਤਤੀਏ ਨੂੰ ਨਹੀਂ ਸਿਰੋਪਾ, ਨਿੰਦਕ ਨੂੰ ਕੋਈ ਦੰਡ ਨਹੀਂ ਦਿੰਦਾ।
ਸਾਡੇ ਅੰਦਰ ਠੋਸਿਆ ਵਾ ਹੈ, ਵਕਤ ਵਿਹਾਇਆ ਦ੍ਰਿਸ਼ਟੀਕੋਣ।
ਸਾਨੂੰ ਹੱਕ ਹੋਵੇ ਕਿ ਕਰੀਏ, ਆਪ ਆਪਣੇ ਦ੍ਰਿਸ਼ਟੀਕੋਣ ਦੀ ਚੋਣ।
ਕੁਦਰਤ ਮਾਂ ਤੋਂ ਬਿਨ ਜੋ ਰੱਬ ਹੈ, ਸਿਰਜਿਆ ਬੰਦੇ ਦਾ ਭਗਵਾਨ।
ਫਸਿਆ ਵਹਿਮਾਂ ਵਿੱਚ ਇਨਸਾਨ...

ਨਿਰਾਕਾਰ ਹੈ ਖੁਦ ਬੇ ਦੇਹਾ, ਉਸ ਕਿਸ ਤਰ੍ਹਾਂ ਰਚ ਲਈ ਦੇਹ।
ਉਹ ਕਥਨੀ ਹੈ ਮਹਿਲ ਹਵਾ, ਬਿਨਾਂ ਭੁਚਾਲੋਂ ਬਣਗੀ ਥੇਹ।
ਬ੍ਰਹਿਮੰਡਾਂ ਦਾ ਮਾਲਕ ਚਾਲਕ, ਅਸੀਂ ਰੱਬ ਲਿਆ ਆਪੇ ਥਾਪ।
ਜਿਸ ਦੀ ਆਪਣੀ ਹੋਂਦ ਨਾ ਕੋਈ, ਨਾ ਧੀ ਪੁੱਤ ਨਾ ਮਾਈ ਬਾਪ।
ਈਸ਼ਵਰ, ਅੱਲਾ, ਗਾਡ, ਵਾਹਿਗੁਰੂ, ਦੇਹ ਕੋਈ ਨਾ, ਨਾਮ ਅਨੇਕ।
ਪੜਦਾਦੇ ਨੇ ਜੋ ਅਪਣਾ ਲਿਆ, ਪੜਪੋਤਾ ਜਪ ਰਿਹਾ ਹਰੇਕ।
ਸਿਰਜਣਹਾਰ ਹੈ ਕੰਨ-ਵਿਹੂਣਾ, ਇਸ ਗੱਲ ਵੱਲ ਬਿਨ ਧਰੇ ਧਿਆਨ।
ਫਸਿਆ ਵਹਿਮਾਂ ਵਿੱਚ ਇਨਸਾਨ...

ਸਾਇੰਸਦਾਨਾਂ ਨੇ ਜੋ ਖੋਜਿਆ, ਮਾਦਾ ਮੰਨਿਆ ਗਿਆ ਅਨਾਦੀ।
ਏਸੇ ਦਾ ਹੈ ਬ੍ਰਹਿਮੰਡ ਰਚਿਆ, ਏਸੇ ਦੀ ਹੈ ਧਰਤ ਆਬਾਦੀ।
ਬਹੁਮੱਤਾਂ ਦੇ ਗ੍ਰੰਥ ਅਧਿਐਨਿਆ, ਸਮਝ ’ਚ ਆਉਂਦੀ ਗੱਲ ਯਥਾਰਥ।
ਹੋਰ ਵਸਤ ਦੀ ਹੋਂਦ ਨਾ ਕੋਈ, ਜੋ ਦਿਸਦਾ ਸਭ ਠੋਸ ਪਦਾਰਥ।
ਅੱਜ ਤੱਕ ਰੱਬ ਕਿਸੇ ਨ ਡਿੱਠਾ, ਨਾ ਦੇਖਣ ਦਾ ਕੀਤਾ ਦ੍ਹਾਵਾ।
ਨਾ ਉਹ ਦੱਸਦਾ ਹੋਂਦ ਆਪਣੀ, ਮੂੰਹੋਂ ਬੋਲ ਮਿੱਟੀ ਦਾ ਬਾਵਾ।
ਧਰਮ ਸਮੂਹ ਵਿੱਚ ਸਖ਼ਤ ਵਿਵਰਜਿਤ, ਕਿੰਤੂ-ਪ੍ਰੰਤੂ ਤੱਕਰ ਵਿਗਿਆਨ।
ਫਸਿਆ ਵਹਿਮਾਂ ਵਿੱਚ ਇਨਸਾਨ...

ਗੁਰੂ ਨਾਨਕ ਕਹਿ ਗਏ, ਕਾਬਲੋਂ ਚੜ੍ਹੀਆਂ ਪਾਪ ਜ਼ਬਰ ਦੀਆਂ ਜੰਨਾਂ।
ਢਾਹ ਬਰਿਜ ਮੰਦਰ ਲੁੱਟ ਲਿਆ ਸੋਨਾ, ਇੱਕ ਮੁਗਲ ਨਾ ਹੋਇਆ ਅੰਨਾ।
ਅੱਜ ਵੀ ਸਾਲ, ’ਚ ਕੁੱਝ ਥਾਵਾਂ ’ਤੇ ਜੁੜਦੀਆਂ ਲੱਖ ਕਰੋੜੀ ਭੀੜਾਂ।
ਮਾੜੀ ਜਿਹੀ ਖਤਰੇ ਦੀ ਸੋਅ ਸੁਣ ਕਿਧਰੋਂ, ਭੀੜਾਂ ਦੀਆਂ ਜਦ ਪੈਣ ਪਦੀੜਾਂ।
ਭਗਦੜ ਦੇ ਵਿੱਚ ਦਰੜੇ ਜਾਂਦੇ, ਸੈਂਕੜਿਆਂ ਵਿੱਚ ਬੁੱਢੇ ਠੇਰੇ।
ਕਿੰਨੇ ਮਰੇ ਤੇ ਕਿੰਨੇ ਜ਼ਖ਼ਮੀ, ਛੱਪ ਜਾਂਦੀ ਹੈ ਖ਼ਬਰ ਸਵੇਰੇ।
ਪਾਪ ਲਾਹੁਣ ’ਤੇ ਸਵਰਗ ਜਾਣ ਲਈ, ਦੇ ਬਹਿੰਦੇ ਅਣਮੁੱਲੀ ਜਾਨ।
ਫਸਿਆ ਵਹਿਮਾਂ ਵਿੱਚ ਇਨਸਾਨ...

**- ਕਰਨੈਲ ਸਿੰਘ ਪਾਰਸ**

# ਭਾਰਤੀ ਸੰਸਕਰਿਤੀ



ਜਗਤਾਰ ਸਹੋਤਾ

ਬਚਪਨ ਤੋਂ ਲੈ ਕੇ ਕਾਲਜ ਦੇ ਦਿਨਾਂ ਤਕ ਮੇਰੇ ਦਿਮਾਗ 'ਤੇ ਇਹੀ ਸੋਚ ਭਾਰੀ ਸੀ ਕਿ ਭਾਰਤ ਦੀ ਸੰਸਕਰਿਤੀ ਦੁਨੀਆ ਵਿਚ ਸਭ ਤੋਂ ਵਧੀਆ ਹੈ।ਇੰਗਲੈਂਡ ਵਿਚ ਰਹਿ ਕੇ ਅਤੇ ਕਈ ਹੋਰ ਦੇਸ਼ਾਂ ਵਿਚ ਘੁੰਮਣ ਫਿਰਨ ਤੋਂ ਬਾਦ ਮੈਨੂੰ ਆਪਣੇ ਯਕੀਨ ਤੇ ਸ਼ੰਕਾ ਹੋਣ ਲੱਗਾ।ਭਾਰਤੀ ਸੰਸਕਰਿਤੀ ਤੋਂ ਮੇਰਾ ਮਤਲਬ ਭਾਰਤ, ਪਾਕਿਸਤਾਨ ਅਤੇ ਬੰਗਲਾ ਦੇਸ਼ ਦੀ ਸੰਸਕਰਿਤੀ ਹੈ।ਭਾਵੇਂ ਪਾਕਿਸਤਾਨ ਅਤੇ ਬੰਗਲਾ ਦੇਸ਼ ਮੁਸਲਮਾਨਾਂ ਦਾ ਦੇਸ਼ ਹੈ ਪਰ ਉਥੋਂ ਦੇ ਬਹੁ-ਗਿਣਤੀ ਦੇ ਲੋਕ ਹਿੰਦੂ ਧਰਮ ਵਿਚੋਂ ਹੀ ਮੁਸਲਮਾਨ ਬਣੇ ਹਨ ਅਤੇ ਇਸੇ ਲਈ ਉਹ ਭਾਰਤੀ ਸੰਸਕਰਿਤੀ ਨਾਲ ਹੀ ਜੁੜੇ ਹੋਏ ਹਨ। ਸੰਸਕਰਿਤੀ ਦਾ ਲੋਕਾਂ ਦੀ ਭਾਸ਼ਾ, ਧਰਮ, ਰਸੋਈ ਪ੍ਰਬੰਧ, ਸਮਾਜਕ ਆਦਤਾਂ ਸੰਗੀਤ ਅਤੇ ਕਲਾ ਤੋਂ ਪਤਾ ਚਲਦਾ ਹੈ। ਸੰਸਕਰਿਤੀ ਵਿਕਸਤ ਹੋਣ ਵਿਚ ਦੇਸ਼ ਦੇ ਇਤਿਹਾਸ ਦਾ ਮਹੱਤਵ ਰੋਲ ਹੁੰਦਾ ਹੈ। ਆਓ ਪਹਿਲਾਂ ਇਸ ਪੱਖੋਂ ਭਾਰਤ ਦੇ ਇਤਿਹਾਸ 'ਤੇ ਨਜ਼ਰ ਮਾਰੀਏ।

ਤਕਰੀਬਨ 1200 ਪੂ. ਈ. ਵਿਚ ਆਰੀਆ ਲੋਕਾਂ ਨੇ ਭਾਰਤ ਵਿਚ ਵਸਦੇ ਦਰਾਵੜ ਲੋਕਾਂ ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਦਾਸ (ਗੁਲਾਮ) ਬਣਾਇਆ।ਦਰਾਵੜਾਂ ਦਾ ਰੰਗ ਆਰੀਆ ਲੋਕਾਂ ਦੇ ਮੁਕਾਬਲੇ ਕਾਲਾ ਸੀ। ਜੇਤੂ ਆਰੀਆ ਲੋਕਾਂ ਨੇ ਹਾਰੇ ਹੋਏ ਦਰਾਵੜਾਂ ਨੂੰ ਮਾੜਾ ਸਾਬਤ ਕਰਨ ਲਈ ਕਾਲੇ ਰੰਗ ਨੂੰ ਘਟੀਆ ਬਣਾ ਕੇ ਸਾਰੇ ਦਰਾਵੜਾਂ ਨੂੰ ਘਟੀਆ ਇਨਸਾਨ ਬਣਾ ਦਿੱਤਾ। ਇਸੇ ਕਰਕੇ ਦੁਨੀਆ ਵਿਚ ਅੱਜ ਵੀ ਹੋਰ ਕਿਤੇ ਕਾਲੀ ਚਮੜੀ ਵਾਲੇ ਇਨਸਾਨ ਨੂੰ ਇਤਨੀ ਨਫਰਤ ਨਹੀਂ ਕੀਤੀ ਜਾਂਦੀ ਜਿਤਨੀ ਭਾਰਤ ਵਿਚ। ਬ੍ਰਾਹਮਣ ਮਤ ਆਰੀਆ ਲੋਕਾਂ ਦੇ ਭਾਰਤ ਵਿਚ ਲਿਆਂਦੇ ਸਾਧਾਰਣ ਰੀਤੀ-ਕਰਮ ਤੋਂ ਪੈਦਾ ਹੋਇਆ ਹੈ। ਆਖਿਆ ਜਾਂਦਾ ਹੈ ਕਿ ਮੰਨੂ ਨੇ ਜਾਤ ਪਾਤ ਬਣਾਈ। ਜੇ ਗਹੁ ਨਾਲ ਸੋਚੀਏ ਤਦ ਜਾਤ ਪਾਤ ਗੁਲਾਮੀ ਦਾ ਸੁਧਰਿਆ ਹੋਇਆ ਹੀ ਭਾਗ ਹੈ।



ਗੁਲਾਮੀ ਦਾ ਦੌਰ ਭਾਰਤ ਵਿਚ ਯੂਰਪ ਨਾਲੋ ਕਿਤੇ ਲੰਮਾਂ ਰਿਹਾ ਹੈ। ਆਰੀਆ ਦੇ ਆਉਣ ਤੋਂ ਲੈ ਕੇ ਮੁਗਲਾਂ ਦੇ ਰਾਜ ਤਕ ਭਾਰਤ ਵਿਚ ਗੁਲਾਮੀ ਪ੍ਰਚਲਤ ਸੀ ਅਤੇ ਹਿੰਦੂ ਰਾਜਿਆਂ ਸਮੇਂ ਵੀ ਗੁਲਾਮੀ ਸੀ। ਰਾਮ ਰਾਜ ਵੀ ਗੁਲਾਮੀ ਦੇ ਯੁੱਗ ਦੀ ਹੀ ਗੱਲ ਹੈ। ਗੁਲਾਮ ਸੋਚ ਨੇ ਭਾਰਤੀ ਲੋਕਾਂ ਵਿਚ ਨਾ ਤਾ ਏਕਤਾ ਬਨ੍ਹਣ ਦਿੱਤੀ ਅਤੇ ਨਾ ਹੀ ਕੌਮੀ ਭਾਵਨਾ ਨੂੰ ਪੈਦਾ ਹੋਣ ਦਿੱਤਾ। ਇਸੇ ਕਰਕੇ ਭਾਰਤ ਤੇ ਦੂਸਰੇ ਦੇਸ਼ਾਂ ਨੇ ਰਾਜ ਕੀਤਾ। ਜੇਕਰ ਭਾਰਤ ਵਿਚ ਕੋਈ ਕੌਮੀ ਭਾਵਨਾਂ ਪੈਦਾ ਹੋਈ, ਤਦ ਉਹ ਮਰਹੱਟਿਆਂ ਵਿਚ ਹੋਈ ਕਿਉਂਕਿ ਉਥੇ ਬ੍ਰਾਹਮਣਾਂ ਨੇ ਨੀਵੀਆਂ ਜਾਤਾਂ ਨੂੰ ਆਪਣੇ ਨਾਲ ਮਿਲਾਇਆ ਸੀ।ਪਰ ਦੁੱਖ ਦੀ ਗੱਲ ਇਹ ਹੈ ਕਿ ਇਕ ਤਾਂ ਮਰਹੱਟਿਆਂ ਨੇ ਆਪਣੀ ਸੋਚ ਹਿੰਦੂ ਧਰਮ ਤੱਕ ਹੀ ਸੀਮਤ ਰੱਖੀ ਦੂਜੀ ਉਨ੍ਹਾਂ ਨੂੰ ਦੇਸ਼ ਦੀ ਹੱਦਬੰਦੀ ਮਹਾਂਰਾਸ਼ਟਰ ਤੋਂ ਅੱਗੇ ਨਹੀਂ ਦਿਸੀ।

ਬੁੱਧ ਧਰਮ, ਜੋ ਇਕ ਤਰਕਸ਼ੀਲ ਸੀ, ਹਿੰਦੂ ਧਰਮ ਦੀ ਕੁਰੀਤੀਆਂ ਕਰਕੇ ਪੈਦਾ ਹੋਇਆ, ਪਰ ਹਿੰਦੂ ਧਰਮ ਨੇ ਆਪਣੀ ਇਜਾਰੇਦਾਰੀ ਕਾਇਮ ਰੱਖਣ ਲਈ, ਬੁੱਧ ਧਰਮ ਨੂੰ ਭਾਰਤ ਵਿਚੋਂ ਹੀ ਕੱਢ ਮਾਰਿਆ। ਜੇਕਰ ਬੁੱਧ ਧਰਮ ਨੂੰ ਭਾਰਤ ਵਿਚ ਵਧਣ ਫੁਲਣ ਦਾ ਮੌਕਾ ਮਿਲਦਾ, ਸ਼ਾਇਦ ਭਾਰਤ ਦੀ ਸੰਸਕਰਿਤੀ ਵੱਖਰੀ ਹੀ ਹੁੰਦੀ ਜਿਵੇਂ ਕਿ ਜਾਪਾਨ ਦੀ।

ਮਹਾਂ ਸਕੰਦਰ ਦੇ 327 ਪੂ. ਈ. ਵਿਚ ਭਾਰਤ ਆਉਣ ਸਮੇਂ, ਭਾਵੇਂ ਜਾਤੀ-ਮਿਸ਼ਰਣ ਹੋ ਚੁੱਕਾ ਸੀ, ਪਰ ਕਾਲੇ ਰੰਗ ਨੂੰ ਘਟੀਆ ਸਮਝਣਾ ਵੀ ਸਾਡੀ ਸੰਸਕਰਿਤੀ ਦਾ ਹਿੱਸਾ ਬਣ ਚੁੱਕਾ ਸੀ। ਉਸ ਸਮੇਂ ਮਹਾਨ ਇਰਾਨੀ ਸਮਰਾਟ ਦਾਰਾ ਦਾ ਸਿੰਧ ਦੀ ਘਾਟੀ ਦੇ ਉਪਰਲੇ ਭਾਗ ਉਤੇ ਅਧਿਕਾਰ ਸੀ ਜਿਸ ਨੂੰ ਪਿੱਛੋਂ ਸਕੰਦਰ ਨੇ ਜਿਤਿਆ। ਇਸ ਤੋਂ ਬਾਅਦ ਕਈ ਮਹਾਨ ਹਿੰਦੂ ਰਾਜੇ ਹੋਏ ਨੇ ਪਰ ਨਾ ਤਾਂ ਉਹ ਜਾਤ ਪਾਤ ਨੂੰ ਤੋੜ ਸਕੇ ਅਤੇ ਨਾ ਹੀ ਉਹ ਬ੍ਰਾਹਮਣਵਾਦ ਦੀ ਜਕੜ ਨੂੰ ਢਿੱਲਾ ਕਰ ਸਕੇ।ਇਸੇ ਕਰਕੇ ਜਦ ਮੁਸਲਮਾਨਾਂ ਨੇ ਆਪਣਾ ਮੂੰਹ ਭਾਰਤ ਵੱਲ ਕੀਤਾ, ਤਦ ਜਾਤਾਂ ਪਾਤਾਂ ਵਿਚ ਵੰਡਿਆ

ਹੋਇਆ ਅਤੇ ਬ੍ਰਾਹਮਣਾਂ ਦੇ ਰਸਮਾਂ ਵਿਚ ਬੱਝਾ ਹੋਇਆ ਭਾਰਤ ਮੁਕਾਬਲਾ ਨਹੀਂ ਕਰ ਸਕਿਆ। ਇਸਲਾਮ ਲੋਕਾਂ ਨੂੰ ਜੋੜਨ ਲਈ ਭਰਾਤਰੀ ਦਾ ਸੁਨੇਹਾ ਦਿੰਦਾ ਸੀ ਜਦ ਕਿ ਹਿੰਦੂ ਧਰਮ ਲੋਕਾਂ ਨੂੰ ਜਾਤਾਂ ਪਾਤਾਂ ਵਿਚ ਵੰਡਦਾ ਸੀ। 710 ਈ. ਵਿਚ ਅਰਬਾਂ ਨੇ ਸਿੰਧ ਨੂੰ ਜਿੱਤ ਲਿਆ। ਗਿਆਰਵੀਂ ਸਦੀ ਵਿਚ ਭਾਰਤ ਪੂਰਾ ਮੁਸਲਮਾਨਾਂ ਦੇ ਪ੍ਰਭਾਵ ਥੱਲੇ ਆ ਗਿਆ। ਮੁਸਲਮਾਨਾਂ ਨੇ ਆਮ ਤੌਰ ਤੇ ਇਕ ਅਤਿਆਚਾਰੀ ਸੈਨਿਕ ਸ਼ਾਸਨ ਸਥਾਪਿਤ ਕੀਤਾ ਜਿਸ ਵਿਚ ਗੁਲਾਮੀ ਵਿਆਪਕ ਸੀ। ਇਸ ਦਾ ਦੋਸ਼ ਬ੍ਰਾਹਮਣਵਾਦ ਤੇ ਜਾਂਦਾ ਹੈ ਕਿਉਂਕਿ ਉਹ, ਅੰਗਰੇਜ਼ਾਂ ਦੇ ਰਾਜ ਤੱਕ ਵੀ, ਇਸੇ ਗੱਲ ਵਿਚ ਖੁਸ਼ ਰਹੇ ਕਿ ਉਹ ਜਾਤ ਪਾਤ ਦੀ ਉਪਰਲੀ ਟੀਸੀ ਤੇ ਬੈਠੇ ਹੋਏ ਹਨ, ਬੇਸ਼ਕ ਭਾਰਤ ਮੁੱਦਤ ਤੋਂ ਗੁਲਾਮੀ ਦੀ ਚੱਕੀ ਵਿਚ ਪਿਸਦਾ ਜਾ ਰਿਹਾ ਸੀ। ਬ੍ਰਾਹਮਣਾਂ ਨੇ ਭਾਰਤੀ ਲੋਕਾਂ ਨੂੰ ਜੋੜਨਾ ਤਾਂ ਕੀ ਸੀ ਸਗੋਂ ਉਹ ਤਾਂ ਕਈ ਜਾਤਾਂ ਨਾਲ ਸਹਚਾਰ ਵਿਚ ਵੀ ਘ੍ਰਿਣਾ ਕਰਦੇ ਸਨ। ਮੁਸਲਮਾਨਾਂ ਦੇ ਅਤਿਆਚਾਰ ਅਤੇ ਹਿੰਦੂ ਧਰਮ ਦੀਆਂ ਕੁਰੀਤੀਆਂ ਕਾਰਨ ਸਿਖ ਲਹਿਰ ਪੈਦਾ ਹੋਈ।

ਜਦ ਈਸਟ ਇੰਡੀਆ ਕੰਪਨੀ ਨੇ ਭਾਰਤ ਤੇ ਹਕੂਮਤ ਕਰਨੀ ਸ਼ੁਰੂ ਕੀਤੀ ਤਦ ਅੰਗਰੇਜ਼ਾਂ ਨੂੰ ਇਹ ਡਰ ਲੱਗਾ ਹੋਇਆ ਸੀ ਕਿ ਭਾਰਤੀ, ਦੁਨੀਆ ਵਿਚ ਪੁਰਾਣੀ ਸਭਿਅਤਾ ਵਾਲੇ ਲੋਕ, ਕਦੇ ਵੀ ਬਗਾਵਤ ਕਰ ਸਕਦੇ ਹਨ ਅਤੇ ਉਹ ਮੁੱਠੀ ਭਰ ਅੰਗਰੇਜ਼ ਭਾਰਤ ਵਿਚ ਹੀ ਮਾਰੇ ਜਾਣਗੇ। ਪਰ ਅੰਗਰੇਜ਼ ਹੈਰਾਨ ਰਹਿ ਗਏ, ਜਦ ਉਨ੍ਹਾਂ ਦਾ ਝੰਡਾ ਦਿਲੀ ਦੇ ਲਾਲ ਕਿਲ੍ਹੇ ਤੇ ਵੀ ਝੁੱਲ ਗਿਆ।ਅੰਗਰੇਜ਼ਾਂ ਨੂੰ ਖੋਜ ਕਰਨ ਤੇ ਪਤਾ ਲੱਗਾ ਕਿ ਭਾਰਤੀਆਂ ਨੂੰ ਪਹਿਲਾਂ ਤਾਂ ਜਾਤ ਪਾਤ ਨੇ ਵੰਡਿਆ ਹੋਇਆ ਅਤੇ ਦੂਜਾ ਧਰਮਾਂ ਨੇ ਉਪਰੋਂ ਭਾਰਤੀਆਂ ਨੂੰ ਬੁਰੀ ਤਰ੍ਹਾਂ ਪਾੜਿਆ ਹੋਇਆ ਹੈ। ਇਸੇ ਕਰਕੇ, ਅੰਗਰੇਜ਼ੀ ਹਕੂਮਤ ਕਾਇਮ ਰੱਖਣ ਲਈ, 1857 ਈ. ਵਿਚ ਫੌਜਾਂ ਦੀ ਬਗਾਵਤ ਤੋਂ ਬਾਅਦ ਅੰਗਰੇਜ਼ਾਂ ਨੇ ਫੌਜ ਨੂੰ ਧਾਰਮਕ ਲੀਹਾਂ ਤੇ ਵੰਡ ਦਿੱਤਾ।

ਜਾਤ ਪਾਤ, ਧਰਮਾਂ ਦੀ ਵੰਡ ਅਤੇ ਲੰਮੀ ਗੁਲਾਮੀ ਨੇ ਭਾਰਤੀ ਚਿੰਤਨ ਤੇ ਬਹੁਤ ਪ੍ਰਭਾਵ ਪਾਇਆ ਹੈ (ਪੂਰਾ ਵੇਰਵਾ ਅਗਲੇ ਭਾਗ ਵਿਚ)। ਕਿਉਂਕਿ ਅੰਗਰੇਜ਼ ਕੱਟੜਪੰਥੀ ਨਹੀਂ ਸਨ, ਇਸ ਲਈ ਭਾਰਤ ਵਿਚ ਧਰਮ ਨਿਰਪੇਖਤਾ ਪੈਦਾ ਹੋਈ।ਅੰਗਰੇਜ਼ਾਂ ਨੇ ਭਾਰਤ ਵਿਚ ਚਾਲੂ 'ਸਤੀ' ਦੀ ਰਸਮ ਅਤੇ ਸੈਂਟਰਲ ਭਾਰਤ ਵਿਚ ਕਾਲੀ ਮਾਤਾ ਦੇ ਨਾਮ ਤੇ ਮਸ਼ਹੂਰ 'ਠੱਗੀ' (ਧਰਮ ਦੇ ਨਾਮ ਤੇ ਕਤਲ ਅਤੇ ਲੁੱਟਮਾਰਾਂ ਦੀਆਂ ਰਸਮਾਂ) ਤੇ ਪਬੰਦੀਆਂ ਲਾਈਆਂ। ਰੂਸ ਦੇ ਇਨਕਲਾਬ ਨੇ ਵੀ ਭਾਰਤੀ ਧਰਮ ਨਿਰਪੇਖ ਸਿਆਸਤ ਨੂੰ ਵਿਕਸਤ ਹੋਣ ਵਿਚ ਹੱਲਾਸ਼ੇਰੀ ਦਿਤੀ।

1857 ਦੀ ਅਜ਼ਾਦੀ ਦੀ ਲੜਾਈ, ਗਦਰੀ ਬਾਬਿਆਂ ਦਾ ਘੋਲ, ਅਜ਼ਾਦ ਹਿੰਦ ਫੌਜ ਅਤੇ ਸ਼ਹੀਦ ਭਗਤ ਸਿੰਘ ਵਰਗਿਆਂ ਦੀ ਸੋਚ ਨੇ ਅੰਗਰੇਜ਼ਾ ਨੂੰ ਫਿਕਰ ਪਾ ਦਿਤਾ ਅਤੇ ਉਨ੍ਹਾਂ ਨੇ ਆਪਣੇ ਹਿੱਤਾਂ ਨੂੰ ਬਚਾਉਣ ਲਈ ਕਾਂਗਰਸ ਅਤੇ ਮੁਸਲਿਮ ਲੀਗ ਨਾਲ ਸਮਝੌਤਾ ਕਰਕੇ ਭਾਰਤ ਨੂੰ ਅਜ਼ਾਦ ਕਰ ਦਿਤਾ (ਵਿਆਖਿਆ ਲਈ ਇੰਗਲੈਂਡ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਐਟਲੀ ਦੀ ਪਾਰਲੀਮੈਂਟ ਨੂੰ ਦਿੱਤਾ ਹੋਇਆ ਭਾਸ਼ਣ ਦੇਖੋ)।ਇਸ ਤਰ੍ਹਾਂ ਭਾਈਚਾਰੇ ਅਤੇ ਧਰਮ ਨਿਰਪੇਖ ਦੀ ਸਿਆਸਤ ਨੂੰ ਪਿਛੇ ਪਾ ਦਿੱਤਾ ਅਤੇ ਭਾਰਤ ਦੀ ਪੁਰਾਣੀ ਗੁਲਾਮ ਸੋਚ ਨੂੰ ਅੱਗੇ ਲਿਆ ਦਿੱਤਾ ਜੋ ਅੱਜ ਵੀ ਭਾਰੀ ਹੈ। ਇਸ ਸੋਚ ਵਿਚ ਖੁਦਗਰਜ਼ੀ ਤੁੰਨ ਤੁੰਨ ਕੇ ਭਰੀ ਹੋਈ ਹੈ। ਇਹ ਉਹੀ ਪੁਰਾਣੀ ਸੋਚ ਹੈ ਜਿਸ ਤਰ੍ਹਾਂ ਦੀ ਹਿੰਦੂ ਰਾਜੇ, ਮਹਾਂਰਾਜਿਆਂ ਦੀ ਸੀ। ਉਨ੍ਹਾਂ ਦੇ ਮਹੱਲਾਂ ਅਤੇ ਸੰਪਤੀ ਤੋਂ ਸਪਸ਼ਟ ਪਤਾ ਚਲਦਾ ਹੈ ਕਿ ਉਹ ਬਹੁਤ ਅਮੀਰਾਨਾਂ ਅਤੇ ਐਸ਼ੋ ਇਸ਼ਰਤ ਦੀ ਜ਼ਿੰਦਗੀ ਜੀਂਦੇ ਸਨ ਜਦ ਕਿ ਗਰੀਬ ਲੋਕ ਅੱਤ ਦੀ ਗਰੀਬੀ। ਇਸੇ ਤਰ੍ਹਾਂ ਹੀ ਮੰਦਰਾਂ ਪਾਸ ਬਹੁਤ ਸਰਮਾਇਆ ਸੀ ਅਤੇ ਹੈ। ਉਹ ਸ਼ਾਹਾਂ ਲੋਕਾਂ ਨੂੰ ਪੈਸੇ ਵਿਆਜ ਤੇ ਦਿੰਦੇ ਸਨ। ਵਿਆਜ ਦਾ ਦਰ ਉਹ ਲੋਕਾਂ ਤੋਂ 12% ਤੋਂ 30% ਤੱਕ ਲੈਂਦੇ ਸਨ।

ਭਾਰਤ ਦੇ ਕਿਸੇ ਵੀ ਧਰਮ ਨੇ ਅਜ਼ਾਦੀ ਦੀ ਲੜਾਈ ਵਿਚ ਹਿੱਸਾ ਨਹੀਂ ਪਾਇਆ, ਸਾਰੇ ਧਰਮ ਵਿਦੇਸ਼ੀ ਕਬਜ਼ੇ ਅਤੇ ਗੁਲਾਮੀ ਸਮੇਂ ਆਪਣੇ ਸੌੜੇ ਹਿਤਾਂ ਦੀ ਰਾਖੀ ਅਤੇ ਉਨ੍ਹਾਂ ਦੀ ਹਕੂਮਤ ਦੀ ਚਾਪਲੂਸੀ ਕਰਦੇ ਰਹੇ। ਅੱਜ ਉਹੀ ਧਰਮ ਭਾਰਤ ਤੇ ਰਾਜ ਕਰਨ ਲਈ ਸਭ ਤੋਂ ਮੂਹਰਲੀ ਕਤਾਰ ਵਿਚ ਖੜੇ ਹਨ। ਸਿੱਖ ਧਰਮ ਦੇ ਆਗੂਆਂ ਨੇ ਬੁੱਚੜ ਅੰਗਰੇਜ਼ ਡਾਇਰ ਵਰਗੇ ਨੂੰ ਹੀ ਸਰੋਪਾ ਨਹੀਂ ਦਿਤਾ ਸਗੋਂ ਅਜ਼ਾਦੀ ਲਈ ਲੜਦੇ ਗਦਰੀ ਬਾਬਿਆਂ ਵਰਗਿਆਂ ਨੂੰ ਸਿੱਖ ਧਰਮ ਵਿਚੋਂ ਛੇਕ ਕੀਤਾ। ਇਹੋ ਜਿਹੇ ਲੋਕਾਂ ਬਾਬਤ ਹੀ ਈਸਟ ਇੰਡੀਆ ਕੰਪਨੀ ਦੇ ਕੋਰਨਵਾਲਿਸ ਨੇ, ਕੰਪਨੀ ਵਿਚ ਹੁੰਦੀ ਹੇਰਾ ਫੇਰੀ ਦੀ ਪੜਤਾਲ ਕਰਨ ਤੋਂ ਬਾਦ, ਲਿਖਿਆ ਸੀ ਮੇਰਾ ਸਹੀ ਯਕੀਨ ਹੈ ਕਿ ਭਾਰਤ ਦਾ ਹਰੇਕ ਦੇਸ਼ਵਾਸੀ ਵੱਢੀਖੋਰ ਹੈ ਅਤੇ ਉਸ ਨੇ 500 ਪੌਂਡ ਤੋਂ ਉਪਰ ਸਲਾਨਾ ਤਨਖਾਹ ਵਾਲੇ ਸਾਰੇ ਭਾਰਤੀ ਕਰਮਚਾਰੀਆਂ ਨੂੰ, ਅਲੀ ਇਬਰਾਹਿਮ ਖਾਨ ਤੋਂ ਇਲਾਵਾ, ਕੰਪਨੀ ਦੀ ਨੌਕਰੀ ਤੋਂ ਕੱਢ ਦਿੱਤਾ ਸੀ। ਇਤਿਹਾਸਕਾਰ ਪਰਸੀਵਲ ਸਪੀਅਰ ਅਨੁਸਾਰ ਭਾਰਤੀ ਲੋਕ ਦੁਨੀਆ ਵਿਚੋਂ ਸਭ ਤੋਂ ਵੱਧ ਧਾਰਮਿਕ ਅਤੇ ਸਭ ਤੋਂ ਜ਼ਿਆਦਾ ਲਕੀਰ ਦੇ ਫਕੀਰ ਲੋਕ ਹਨ ਅਤੇ ਭਾਰਤ ਦਾ ਉੱਚਾ ਵਰਗ ਉਨ੍ਹਾਂ ਤੋਂ ਵੀ ਜ਼ਿਆਦਾ ਲਕੀਰ ਦਾ ਫਕੀਰ ਹੈ। ਉਸ ਨੇ ਹੋਰ ਵੀ ਲਿਖਿਆ ਹੈ ਕਿ ਹਿੰਦੂ ਅਤੇ ਇਸਲਾਮ ਧਰਮ ਦੋਨੋਂ ਖੜੌਤ ਵਿਚ ਹਨ। ਮਸ਼ਹੂਰ ਤਰਕਵਾਦੀ ਹੂਮ ਅਤੇ ਪੇਨ, ਜਿਨ੍ਹਾਂ ਤੋਂ ਕੋਲਕਾਤਾ ਦੀ ਇਕ ਸੰਸਥਾ ਬਹੁਤ ਪ੍ਰਭਾਵਿਤ ਸੀ, ਦੇ ਮੁਤਾਬਕ ਹਿੰਦੂ ਧਰਮ ਦੀ ਸਾਰੀ ਬਣਤਰ ਪੁਰਾਤਨ ਵਹਿਮਾਂ ਤੇ ਆਧਾਰਤ ਹੈ। ਅਗਲੇ ਭਾਗ ਵਿਚ ਇਤਿਹਾਸ ਤੋਂ ਪਰਭਾਵਤ ਭਾਰਤ ਦੀ ਚਿੰਤਨ ਅਤੇ ਸੰਸਕਰਿਤੀ, ਜੋ ਬਹੁ-ਗਿਣਤੀ ਭਾਰਤੀਆਂ ਵਿਚ ਹਾਵੀ ਹੈ, ਦੀ ਬਾਬਤ ਵੇਰਵੇ ਨਾਲ ਗੱਲ ਕਰਾਂਗੇ।

## 'ਵਿਗਿਆਨ ਜੋਤ' ਹੁਣ ਹਿੰਦੀ ਚ ਵੀ




ਤੁਹਾਡਾ ਹਰਮਨ ਪਿਆਰਾ ਮੈਗਜ਼ੀਨ ਵਿਗਿਆਨ ਜੋਤ ਹੁਣ ਹਿੰਦੀ ਵਿੱਚ ਵੀ ਉਪਲੱਬਧ ਹੈ। ਹਿੰਦੀ ਵਿੱਚ ਇਹ ਮੈਗਜ਼ੀਨ ਹਰਿਆਣਾ ਦੇ ਤਰਕਸ਼ੀਲ ਸਾਥੀਆਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਵਧੇਰੇ ਜਾਣਕਾਰੀ ਲਈ ਤੁਸੀਂ ਸਾਥੀ ਗੁਰਮੀਤ ਅੰਬਾਲਾ ਜੀ ਨਾਲ ਉਨ੍ਹਾਂ ਦੇ ਫੋਨ ਨੰ: 094160-36203 'ਤੇ ਸੰਪਰਕ ਕਰ ਸਕਦੇ ਹੋ।

# ਸਬਜ਼ੀਆਂ-ਫਲਾਂ ਤੋਂ ਵੀ ਹਾਸਿਲ ਹੋਣਗੇ ਫਿੰਗਰ ਪ੍ਰਿੰਟ

ਇਸ ਤੋਂ ਪਹਿਲਾ, ਕੇਵਲ ਭਾਰਤ ਅਤੇ ਸਲੋਵਾਨੀਆ ਵਿੱਚ ਹੀ ਇਸ ਤਰ੍ਹਾਂ ਦੇ ਅਧਿਐਨ ਕੀਤੇ ਗਏ ਹਨ। ਜਦੋਂਕਿ ਉਨ੍ਹਾਂ ਦੋਨਾਂ ਅਧਿਐਨਾਂ ਵਿੱਚ ਰਸਾਇਣਕ ਪਦਾਰਥਾਂ ਦਾ ਇਸਤੇਮਾਲ ਕੀਤਾ ਗਿਆ ਸੀ ਜਦੋਂਕਿ ਬ੍ਰਿਟੇਨ ਦੇ ਅਧਿਐਨ ਵਿੱਚ ਰਸਾਇਣਕ ਪਦਾਰਥਾਂ ਦਾ ਇਸਤੇਮਾਲ ਨਹੀਂ ਕੀਤਾ ਗਿਆ ਹੈ। ਇਹ ਤਕਨੀਕ ਪੁਲਿਸ ਬਲ ਅਤੇ ਮੁਕੱਦਮਿਆਂ ਨੂੰ ਨਿਪਟਾਨ ਵਿੱਚ ਵਿੱਚ ਸਹਾਇਕ ਸਾਬਿਤ ਹੋਵੇਗੀ। ਹਾਲਾਂਕਿ ਪਹਿਲਾ ਇਹ ਤਕਨੀਕ ਐਨੀ ਸਫਲ ਸਾਬਿਤ ਨਹੀਂ ਹੋਈ ਸੀ ਪਰ ਹੁਣ ਇਸ ਤਕਨੀਕ ਵਿੱਚ ਸੁਧਾਰ ਕੀਤਾ ਗਿਆ ਹੈ। ਵਿਸ਼ਵਵਿਦਿਆਲਿਆ ਦੇ ਵਿਗਿਆਨਕਾਂ ਦੀ ਟੀਮ ਨੇ ਕਿਹਾ ਹੈ ਕਿ ਪਹਿਲਾ ਇਹ ਮੰਨਿਆ ਜਾਂਦਾ ਸੀ ਕਿ ਇਸ ਕੰਮ ਨੂੰ ਨਹੀਂ ਕੀਤਾ ਜਾ ਸਕਦਾ ਪਰ ਉਨ੍ਹਾਂ ਨੇ ਇਸ ਨੂੰ ਕਰ ਦਿਖਾਇਆ ਹੈ।



**ਅਪਰਾਧੀਆਂ ਨੂੰ ਨਕੇਲ** : ਪਿਛਲੇ 10 ਸਾਲਾਂ ਤੋਂ ਵਿਸ਼ਵਵਿਦਿਆਲਿਆ ਵਿੱਚ ਕੰਮ ਕਰਨ ਵਾਲੇ ਫਾਰੈਂਸਿਕ ਮਾਹਿਰ ਡੇਨਿਸ ਜੈਨਟਲੇਸ ਕਹਿੰਦੇ ਹਨ, ''ਜਦੋਂ ਕਿ ਅਲੱਗ ਅਲੱਗ ਸਤ੍ਹਾ ਤੋਂ ਫਿੰਗਰ ਪ੍ਰਿੰਟ ਲੈਣ ਦੀਆਂ ਸਫਲ ਵਿਧੀਆਂ ਪਹਿਲਾਂ ਤੋਂ ਹੀ ਹਨ ਪਰ ਕੁਝ ਸਤ੍ਹਾਵਾਂ ਅਜਿਹੀਆਂ ਵੀ ਹਨ ਜੋ ਇਸ ਨਾਲ ਅਛੂਤੀ ਰਹਿੰਦੀ ਹੈ ਜਿਵੇਂ ਇਨਸਾਨ ਅਤੇ ਜਾਨਵਰ ਦੀ ਚਮੜੀ।'' ''ਪਹਿਲਾ ਇਸ ਸ਼੍ਰੇਣੀ ਵਿੱਚ ਫਲ ਅਤੇ ਸਬਜ਼ੀਆਂ ਵੀ ਆਉਂਦੇ ਸੀ ਕਿਉਂਕਿ ਉਨ੍ਹਾਂ ਦੀ ਪਰਤ ਇੱਕ ਦੂਸਰੇ ਤੋਂ ਬਹੁਤ ਅਲੱਗ ਹੁੰਦੀ ਹੈ ਹੁਣ ਜਦੋਂਕਿ ਅਸੀਂ ਲੋਕ ਇਸ ਤਰ੍ਹਾਂ ਦੀਆਂ ਸਤ੍ਹਾਵਾਂ ਤੋਂ ਵੀ ਫਿੰਗਰ ਪ੍ਰਿੰਟ ਲੈਣ ਵਿੱਚ ਕਾਮਯਾਬ ਹੋਏ ਹਾਂ ਤਾਂ ਇਹ ਅਪਰਾਧ ਰੋਕਨ ਦੀ ਦਿਸ਼ਾ ਵਿੱਚ ਇੱਕ ਕਦਮ ਅੱਗੇ ਦੀ ਗੱਲ ਹੋਵੇਗੀ।'' ਇਸ ਤੋਂ ਪਹਿਲਾ ਦੇ ਦੋਨਾਂ ਅਧਿਐਨਾਂ ਵਿੱਚ ਫਿੰਗਰ ਪ੍ਰਿੰਟ ਲੈਣ ਦੇ ਲਈ ਰਸਾਇਣਕ ਪਦਾਰਥਾਂ ਦਾ ਇਸਤੇਮਾਲ ਕੀਤਾ ਗਿਆ ਸੀ। ਇਸਦੀ ਬਜਾਏ ਬ੍ਰਿਟੇਨ ਦੇ ਡਾਕਟਰਾਂ ਨੇ ਇੱਕ ਪਾਊਡਰ ਵਰਗਾ ਪਦਾਰਥ ਵਿਕਸਿਤ ਕੀਤਾ ਹੈ ਜੋ ਪਿਆਜ ਅਤੇ ਟਮਾਟਰ ਅਤੇ ਦੂਸਰੇ ਚਿਕਣੇ ਫਲਾਂ ਦੀ ਸਤ੍ਹਾ ਤੋਂ ਵੀ ਉਂਗਲੀਆਂ ਦੀ ਛਾਪ (ਨਿਸ਼ਾਨ) ਨੂੰ ਪਕੜ ਲੈਂਦਾ ਹੈ। ਜੈਨਟੇਲਸ ਦਾ ਕਹਿਣਾ ਹੈ, ''ਸ਼ੁਰੂਆਤ ਵਿੱਚ ਇਸ ਤਕਨੀਕ ਦਾ ਵਿਕਾਸ ਚਿਪਕਣ ਵਾਲੇ ਟੇਪ ਤੋਂ ਪ੍ਰਿੰਟ ਹਾਸਿਲ ਕਰਨ ਦੇ ਲਈ ਕੀਤਾ ਗਿਆ ਸੀ।''

''ਜਦੋਂਕਿ ਇਹ ਵੇਖਦੇ ਹੋਏ ਇਹ ਦੂਸਰੀ ਸਤ੍ਹਾ 'ਤੇ ਵੀ ਇਹ ਕਰ ਰਹਿਤ ਸੀ ਇਸ ਲਈ ਅਸੀਂ ਸੋਚਿਆ ਕਿ ਇਹ ਖਾਦ ਪਦਾਰਥਾਂ 'ਤੇ ਵੀ ਕੰਮ ਕਰ ਸਕਦਾ ਹੈ ਅਸੀਂ ਪਾਇਆ ਕਿ ਇਹ ਦੂਸਰੀ ਵਿਧੀਆਂ ਤੋਂ ਜ਼ਿਆਦਾ ਕਾਰਗਰ ਸਾਬਿਤ ਹੋਇਆ।'' ਜਦੋਂਕਿ ਵਿਗਿਆਨੀ ਮੰਨਦੇ ਹਨ ਕਿ ਇਸ ਤਕਨੀਕ ਨੂੰ 'ਸਭ ਤਰ੍ਹਾਂ ਦੇ ਫਲਾਂ 'ਤੇ ਲਾਗੂ ਕਰਨ ਤੋਂ ਪਹਿਲਾ ਬਹੁਤ ਤਰ੍ਹਾਂ ਦੇ ਸ਼ੋਧਾਂ ਦੀ ਜ਼ਰੂਰਤ ਹੈ।' ਫਾਰੈਂਸਿਕ ਸਾਇੰਸ ਦੀ ਪੱਤਰਿਕਾ ''ਸਾਇੰਸ ਐਂਡ ਜਸਟਿਸ'' ਵਿੱਚ ਇਸ ਸੋਧ ਦੇ ਪ੍ਰਕਾਸ਼ਿਤ ਹੋਣ ਦਾ ਮਤਲਬ ਇਹ ਹੈ ਕਿ ਦੂਸਰੇ ਲੋਕ ਵੀ ਇਸ ਰਿਪੋਰਟ ਦੀ ਨਕਲ ਕਰਨਗੇ।

**– ਸ਼ਿੰਦਰਪਾਲ ਕੌਰ ਸੋਹੀ**

## ਖਤਰੇ ਵਿੱਚ ਹੈ ਮੋਟੇ ਲੋਕਾਂ ਦੀ ਕਿਡਨੀ

ਪੇਟ 'ਤੇ ਜ਼ਿਆਦਾ ਵਜਨ ਸਿਰਫ਼ ਤੁਹਾਨੂੰ ਬੇਡੌਲ ਹੀ ਨਹੀਂ ਬਣਾਉਂਦਾ ਇਸ ਨਾਲ ਗੁਰਦਿਆਂ ਦੇ ਰੋਗਾਂ ਦੀ ਚਿੰਤਾ ਵੀ ਵੱਧ ਜਾਂਦੀ ਹੈ। ਅਮਰੀਕਨ ਸੋਸਾਇਟੀ ਆਫ਼ ਨੈਫੋਲੋਜੀ ਦੇ ਜਨਰਲ ਵਿੱਚ ਛਪੇ ਸੋਧ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਇਹ ਪਹਿਲਾ ਤੋਂ ਹੀ ਮੰਨਿਆ ਜਾਂਦਾ ਹੈ ਕਿ 'ਨਾਸ਼ਪਤੀ ਦੇ ਆਕਾਰ' ਦੀ ਬਜਾਇ 'ਸੇਬ ਦੇ ਆਕਾਰ' ਦੇ ਸਰੀਰ ਵਾਲਿਆਂ ਨੂੰ ਦਿਲ ਸਬੰਧੀ ਰੋਗ ਹੋਣ ਦੀ ਚਿੰਤਾ ਜ਼ਿਆਦਾ ਹੁੰਦੀ ਹੈ। ਨੀਂਦਰਲੈਂਡ ਦੇ ਗ੍ਰੋਨੀਨਗੇਨ ਵਿਸ਼ਵ ਵਿਦਿਆਲਿਆ ਦੇ ਸਿਹਤ ਕੇਂਦਰ ਵਿੱਚ ਸੋਧਕਰਤਾਵਾਂ ਦੇ ਇੱਕ ਦਲ ਨੇ 300 ਤੋਂ ਜ਼ਿਆਦਾ ਅਜਿਹੇ ਲੋਕਾਂ ਦਾ ਅਧਿਐਨ ਕੀਤਾ ਜਿਨ੍ਹਾਂ ਦਾ ਵਜਨ ਜਾਂ ਤਾਂ ਸਿਹਤ ਦੇ ਲਿਹਾਜ ਤੋਂ ਸਹੀ ਸੀ ਜਾਂ ਉਹ ਮੋਟੇ ਸੀ।



ਤੰਦਰੁਸਤ ਲਗਦੇ ਹਨ, ਹੈ ਨਹੀਂ : ਵਿਗਿਆਨੀਆਂ ਨੇ ਦੱਸਿਆ ਕਿ ਕਮਰ ਅਤੇ ਕੂਲਿਆਂ ਦਾ ਜ਼ਿਆਦਾ ਅਨੁਪਾਤ ਰੱਖਣ ਵਾਲੇ ਮੋਟੇ ਲੋਕਾਂ ਦੇ ਗੁਰਦੇ ਘੱਟ ਕੁਸ਼ਲਤਾ ਨਾਲ ਕੰਮ ਕਰ ਰਹੇ ਸੀ। ਉਨ੍ਹਾਂ ਦੇ ਗੁਰਦੇ ਖੂਨ ਦੇ ਘੱਟ ਪ੍ਰਭਾਵ, ਅਤੇ ਉਚ ਖੂਨ ਦਬਾਅ ਤੋਂ ਪ੍ਰਭਾਵਿਤ ਸੀ। ਇਹ ਸਭ ਉਨ੍ਹਾਂ ਲੋਕਾਂ ਵਿੱਚ ਵੀ ਪਾਇਆ ਗਿਆ ਜੋ ਕਿ ਆਮ ਤੌਰ 'ਤੇ ਤੰਦਰੁਸਤ ਸੀ। ਸੋਧ ਪ੍ਰਮੁੱਖ ਅਰਜਨ ਦੇ ਵਾਕੇਰਨਾਕ ਕਹਿੰਦੇ ਹਨ, ''ਸਾਨੂੰ ਪਤਾ ਚੱਲਿਆ ਕਿ ਮੋਟੇ ਲੋਕ ਜੋ ਕਿ ਸਧਾਰਨ ਰੂਪ ਤੋਂ ਸਿਹਤਮੰਦ ਹਨ ਅਤੇ ਜਿਨ੍ਹਾਂ ਦਾ ਖੂਨ ਸਮਾਨ ਹੈ, ਉਨ੍ਹਾਂ ਦੇ ਗੁਰਦਿਆਂ ਵਿੱਚ ਵੀ ਉਚ ਰਕਤ ਪਾਇਆ ਗਿਆ ਹੈ। ਜਦੋਂ ਉਹ ਥੋੜ੍ਹੇ ਜ਼ਿਆਦਾ ਜਾਂ ਬਹੁਤ ਮੋਟੇ ਹੁੰਦੇ ਹਨ ਤਾਂ ਸਥਿਤੀ ਬਦਤਰ ਹੋ ਜਾਂਦੀ ਹੈ।''

ਖੋਜ਼ ਦੇ ਪਰਿਣਾਮਾਂ ਦੇ ਅਨੁਸਾਰ ਅਜਿਹੇ ਲੋਕਾਂ ਨੂੰ ਗੁਰਦਿਆਂ ਦੇ ਉਚ ਬਲੱਡ ਪ੍ਰੈਸ਼ਰ ਵਾਲੇ ਇਲਾਜ ਤੋਂ ਲਾਭ ਮਿਲ ਸਕਦਾ ਹੈ। ਬ੍ਰਿਟੇਨ ਦੇ ਗੁਰਦਾ ਸੋਧ ਸੰਸਥਾਨ ਦੇ ਇੱਕ ਰਿਪੋਰਟਰ ਦੇ ਅਨੁਸਾਰ, ''ਅਸੀਂ ਪਹਿਲਾ ਤੋਂ ਹੀ ਮੰਨਦੇ ਹਾਂ ਕਿ ਨਾਸ਼ਪਤੀ ਦੇ ਆਕਾਰ ਦੇ ਮੋਟਾਪੇ ਦੀ ਬਜਾਇ ਸੇਬ ਦੇ ਆਕਾਰ ਦੇ ਮੋਟਾਪੇ ਤੋਂ ਦਿਲ ਸੰਬੰਧੀ ਰੋਗ ਹੋਣ ਦੀ ਚਿੰਤਾ ਜ਼ਿਆਦਾ ਹੁੰਦੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਗੁਰਦਿਆਂ ਦੇ ਰੋਗ ਦੇ ਲਈ ਵੀ ਇਹੀ ਸਹੀ ਹੈ। ਉਹ ਅੱਗੇ ਕਹਿੰਦੇ ਹਨ, ''ਇਹ ਇਸ ਗੱਲ ਦਾ ਵੀ ਸਬੂਤ ਹੈ ਕਿ ਮੋਟਾਪੇ ਅਤੇ ਵੱਧਦੇ ਗੁਰਦਿਆਂ ਦੇ ਰੋਗਾਂ ਦੇ ਵਿੱਚ ਸੰਬੰਧ ਹੈ। ਲੋਕਾਂ ਨੂੰ ਆਪਣੇ ਗੁਰਦਿਆਂ ਨੂੰ ਸਹੀ ਰੱਖਣ ਦੇ ਲਈ ਜ਼ਿਆਦਾ ਸੁਚੇਤ ਰਹਿਣ ਦੀ ਜ਼ਰੂਰਤ ਹੈ।''

# ਅੰਨ੍ਹੇ ਵੀ ਚਲਾ ਸਕਣਗੇ ਕਾਰ?



ਗੂਗਲ ਨੇ ਪਿਛਲੇ ਸਾਲ ਇੱਕ ਵੀਡੀਓ ਜਾਰੀ ਕੀਤੀ ਸੀ ਜਿਸ ਵਿੱਚ ਇੱਕ ਅੰਨ੍ਹੇ ਨੂੰ ਕਾਰ ਚਲਾਉਂਦੇ ਦਿਖਾਇਆ ਗਿਆ ਸੀ। ਉਹ ਬਿਨ੍ਹਾਂ ਕਿਸੇ ਪਰੇਸ਼ਾਨੀ ਦੇ ਕਾਰ ਚਲਾਉਂਦੇ ਹੋਏ ਕੈਲੇਫੋਰਨੀਆ ਦੇ ਸੈਨ ਜੋਸ ਵਿੱਚ ਆਪਣੇ ਘਰ ਤੋਂ ਨਿਕਲਕੇ ਨਾਲ ਦੇ ਇੱਕ ਹੋਟਲ ਵਿੱਚ ਜਾਂਦਾ ਹੈ ਅਤੇ ਫਿਰ ਵਾਪਸੀ ਵਿੱਚ ਡ੍ਰਾਈਕਲੀਨ ਕੀਤੇ ਹੋਏ ਕੱਪੜੇ ਲੈਂਦਾ ਹੈ।

ਉਸ ਵੀਡੀਓ ਵਿੱਚ ਡਰਾਇਵਰ ਬਣੇ ਸਟੀਵ ਮੈਹਨ, 'ਸਾਂਤਾ ਕਲਾਰਾ ਵੈਲੀ ਬਲਾਇੰਡ ਸੈਂਟਰ' ਦੇ ਪ੍ਰਮੁੱਖ ਹਨ। ਅੱਠ ਸਾਲ ਪਹਿਲਾ ਉਨ੍ਹਾਂ ਦੀਆਂ ਅੱਖਾਂ ਦੀ 95 ਪ੍ਰਤੀਸ਼ਤ ਰੋਸ਼ਨੀ ਚਲੀ ਗਈ ਸੀ ਅਤੇ ਉਨ੍ਹਾਂ ਨੂੰ ਆਪਣੇ ਲਾਈਸੈਂਸ ਤੋਂ ਹੱਥ ਧੋਣਾ ਪਿਆ ਸੀ। ਉਦੋਂ ਤੋਂ ਉਹ ਚਾਲਕ ਦੀ ਸੀਟ ਉਤੇ ਨਹੀਂ ਬੈਠੇ ਸੀ।

ਪਰ ਵੀਡੀਓ ਵਿੱਚ ਇਸ ਵਾਰ ਉਨ੍ਹਾਂ ਨੇ ਕੇਵਲ ਇੱਕ ਬਟਨ ਦਬਾਇਆ ਅਤੇ ਬਾਕੀ ਦਾ ਕੰਮ ਕਾਰ ਨੇ ਖੁਦ ਕੀਤਾ। ਵੀਡੀਓ ਦਾ ਮਕਸਦ ਇਹ ਸੰਦੇਸ਼ ਦੇਣਾ ਸੀ ਕਿ ਡ੍ਰਾਈਵਿੰਗ ਸਭ ਦੇ ਲਈ ਆਸਾਨ ਅਤੇ ਸੁਰੱਖਿਅਤ ਹੋਣੀ ਚਾਹੀਦੀ ਏ।

ਮੈਂਹਨ ਨੇ ਕਿਹਾ, "ਚਾਲਕਵਿਹੀਨ ਕਾਰਾਂ ਨੂੰ ਲੈਕੇ ਅੰਨ੍ਹਿਆਂ ਵਿੱਚ ਕਾਫ਼ੀ ਉਤਸ਼ਾਹ ਅਤੇ ਚਰਚਾ ਹੈ। ਅਮਰੀਕਾ ਵਿੱਚ ਡਰਾਈਵਿੰਗ ਲਾਈਸੈਂਸ ਪਾਉਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਤੁਹਾਨੂੰ ਕਿਤੇ ਵੀ ਜਾਣ ਦੀ ਆਜ਼ਾਦੀ ਹੈ।"

**ਜ਼ਰੂਰਤ** : ਅਮਰੀਕਾ ਵਿੱਚ ਸਰਵਜਨਕ ਸਫ਼ਰ ਵਿਵਸਥਾ ਬਹੁਤ ਵਿਕਸਿਤ ਨਹੀਂ ਹੈ। ਅਜਿਹੇ ਵਿੱਚ ਕਾਰ ਨਾ ਹੋਣ ਤੋਂ ਤੁਸੀਂ ਅਲੱਗ-ਥਲੱਗ ਪੈ ਜਾਂਦੇ ਹੋ ਅਤੇ ਤੁਸੀ ਦੁਸ਼ਵਾਰੀਆ ਪੈ ਜਾਂਦੇ ਹੋ। ਇਹ ਹੀ ਵਜ੍ਹਾ ਹੈ ਕਿ ਇਹ ਅੰਨ੍ਹਿਆਂ ਦੇ ਲਈ ਇੱਕ ਭਾਵਨਾਤਮਕ ਮੁੱਦਾ ਹੈ।

ਚਾਲਕਵਿਹੀਨ ਕਾਰ ਜੀਪੀਐਸ, ਲੇਜਰ, ਰਾਡਾਰ ਅਤੇ ਥ੍ਰੀ ਡੀ ਡਾਟਾ ਦਾ ਇਸਤੇਮਾਲ ਕਰਦੀ ਹੈ। 60 ਸਾਲ ਦੇ ਮੈਹਨ ਨੂੰ ਪੂਰਾ ਭਰੋਸਾ ਹੈ ਕਿ ਉਨ੍ਹਾਂ ਦੇ ਜੀਵਨਕਾਲ ਵਿੱਚ ਹੀ ਅੰਨ੍ਹਿਆਂ ਦੇ ਲਈ ਕਾਰ ਦਾ ਸੁਪਨਾ ਸਾਕਾਰ ਹੋ ਜਾਵੇਗਾ।

ਗੂਗਲ ਦੀ ਆਟੋਮੈਟੇਡ ਕਾਰਾਂ 3,00,000 ਮੀਲ ਦਾ ਸਫਰ ਤੈਅ ਕਰ ਚੁੱਕੀ ਹੈ ਅਤੇ ਉਹ ਵੀ ਬਿਨ੍ਹਾਂ ਕਿਸੇ ਦੁਰਘਟਨਾ ਦੇ।

'ਇੰਗਮਾਰ ਪੋਸਨਰ ਆਕਸਫੋਰਡ ਵਿਸ਼ਵਵਿਦਿਆਲਿਆ ਦੇ ਮੋਬਾਇਲ ਰੋਬੋਟਿਕਸ ਗਰੁੱਪ ਵਿੱਚ ਇੰਜਨੀਅਰ ਹੈ। ਇਹ ਇੱਕ ਇੰਜਨੀਅਰਿੰਗ ਟੀਮ ਹੈ ਜੋ ਅਜਿਹੀਆਂ ਕਾਰਾਂ ਬਣਾਉਣ ਵਿੱਚ ਜੁਟੇ ਹੋਏ ਹਨ ਜੋ ਅਧੂਰੇ ਸਵੈਚਾਲਕ ਤੋਂ ਚਾਲਕ ਦਾ ਕੰਮ ਆਸਾਨ ਕਰ ਦੇਵੇਗੀ। ਉਨ੍ਹਾਂ ਨੇ ਕਿਹਾ, "ਕਲਪਨਾ ਕਰੋ ਕਿ ਤੁਸੀਂ ਕਾਰ ਰਾਹੀਂ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾ ਰਹੇ ਹੋ। ਤੁਹਾਡੇ ਡੈਸਬੋਰਡ 'ਤੇ ਇੱਕ ਚਾਨਣ ਦਾ ਪੁੰਜ ਉਭਰਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਜਾਣਦਾ ਹਾਂ ਕਿ ਇਸ ਸਮੇਂ ਮੈਂ ਕਿੱਥੇ ਹਾਂ। ਇਸਨੇ ਕਿੰਨੀ ਦੂਰੀ ਤੈਅ ਕਰ ਲਈ ਹੈ। ਜੇਕਰ ਤੁਸੀਂ ਚਾਹੋਂ ਤਾਂ ਅਗਲੇ 500 ਮੀਟਰ ਮੈਂ ਸੰਭਾਲ ਸਕਦਾ ਹਾਂ।" ਕਈ ਕੰਪਨੀਆਂ ਕਰ ਰਹੀਆਂ ਹਨ।

**ਕੋਸ਼ਿਸ਼** : ਪੂਰੀ ਤਰ੍ਹਾਂ ਸਵਚਾਲਿਤ ਵਾਹਨ ਦੀ ਕਲਪਨਾ ਸਭ ਦਾ ਧਿਆਨ ਆਕਰਸ਼ਿਤ ਕਰਦੀ ਹੈ। ਇਹ ਅਜਿਹਾ ਵਾਹਨ ਹੋਵੇਗਾ ਜਿਸ 'ਤੇ ਤੁਸੀਂ ਅਖਬਾਰ ਪੜਦੇ ਅਤੇ ਚਾਹ ਦੀ ਚੁਸਕੀ ਲੈਂਦੇ ਹੋਏ ਘਰ ਤੋਂ ਆਫਿਸ ਜਾ ਸਕੋਗੇ ਪਰ ਅਜਿਹੀ ਕਾਰ ਬਾਜ਼ਾਰ ਵਿੱਚ ਜਲਦ ਉਪਲਭਧ ਹੋਣ ਵਾਲੀ ਨਹੀਂ ਹੈ।

ਪਰ ਟ੍ਰੈਫਿਕ ਜਾਮ ਵਿੱਚ ਕਾਰ ਦਾ ਨਿਯੰਤਰਣ ਕਰਨ ਅਤੇ ਤੁਹਾਨੂੰ ਲੈਨ ਮਾਰਕਿੰਗ ਦੇ ਅੰਦਰ ਰੱਖਣ ਵਰਗੇ ਛੋਟੇ ਮੋਟੇ ਕੰਮ ਕਰਨ ਵਾਲੀਆਂ ਕਾਰਾਂ ਬਾਜ਼ਾਰ ਵਿੱਚ ਉਪਲਭਧ ਹਨ ਜਾਂ ਆਉਣ ਵਾਲੀਆਂ ਹਨ। ਟੋਯੋਟਾ, ਮਰਸਿਡੀਜ, ਬੀਐਮਡਬਲਯੂ ਅਤੇ ਹੋਰ ਕੰਪਨੀਆਂ ਅਜਿਹੀਆਂ ਕਾਰਾਂ ਬਣਾ ਰਹੀਆਂ ਹਨ।

ਪੋਸਨਰ ਨੇ ਕਿਹਾ ਕਿ ਉਨ੍ਹਾਂ ਦੀ ਕਾਰ ਨੂੰ ਬਾਜ਼ਾਰ ਵਿੱਚ ਆਉਣ ਵਿੱਚ 10 ਤੋਂ 15 ਸਾਲ ਦਾ ਸਮਾਂ ਲੱਗ ਸਕਦਾ ਹੈ ਪਰ ਪੂਰੀ ਤਰ੍ਹਾਂ ਨਾਲ ਅੰਨ੍ਹੇ ਲੋਕ ਇਸ ਕਾਰ ਨੂੰ ਨਹੀਂ ਚਲਾ ਸਕਣਗੇ। ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਕਾਰ ਦੇ ਆਉਣ ਨਾਲ ਕਈ ਅਜਿਹੇ ਲੋਕ ਵੀ ਕਾਰ ਚਲਾ ਸਕਣਗੇ ਜੋ ਕਦੇ ਕਿਸੇ ਕਮਜੋਰੀ ਦੇ ਕਾਰਨ ਅਜਿਹਾ ਨਹੀਂ ਕਰ ਪਾ ਰਹੇ ਹਨ।

ਉਨ੍ਹਾਂ ਨੇ ਕਿਹਾ, "ਮੇਰੀ ਕਲਪਨਾ ਜੇਕਰ ਸਾਕਾਰ ਹੁੰਦੀ ਹੈ ਤਾਂ ਉਨ੍ਹਾਂ ਲੋਕਾਂ ਦੀ ਵੱਡੀ ਮਦਦ ਹੋਵੇਗੀ ਜਿਨ੍ਹਾਂ ਨੂੰ ਰਾਤ ਸਮੇਂ ਵਾਹਨ ਚਲਾਉਣ ਵਿੱਚ ਦਿੱਕਤ ਆਉਂਦੀ ਹੈ। ਅੱਜ ਕੱਲ੍ਹ ਅਜਿਹੀਆਂ ਕਾਰਾਂ ਆ ਰਹੀਆਂ ਹਨ ਜੋ ਪੈਦਲ ਯਾਤਰੀਆਂ ਦੀ ਚਹਿਲਕਦਮੀ ਨੂੰ ਮਾਪ ਸਕਦੀਆਂ ਹਨ। ਪੂਰੀ ਤਰ੍ਹਾਂ ਸਵਚਾਲਿਤ ਕਾਰਾਂ ਦੇ ਆਉਣ ਨਾਲ ਇਸ ਗੱਲ ਦਾ ਫਰਕ ਮਿਟ ਜਾਵੇਗਾ ਕਿ ਸ਼ਰੀਰਕ ਰੂਪ ਵਿੱਚ ਯੋਗ ਹੈ ਜਾਂ ਨਹੀਂ।"

**ਸੁਪਨਾ** : ਬਹੁਤ ਘੱਟ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਅੰਨ੍ਹਿਆਂ ਨੂੰ ਸੜਕ 'ਤੇ ਵਾਹਨ ਚਲਾਉਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਪਰ ਮੈਹਨ ਦਾ ਮੰਨਣਾ ਹੈ ਕਿ ਕਾਰਾਂ ਵਿੱਚ ਸਵਚਾਲਿਤ ਖੂਬੀਆਂ ਆਉਣ ਨਾਲ ਉਨ੍ਹਾਂ ਦਾ ਵਾਹਨ ਚਲਾਉਣ ਦਾ ਸੁਪਨਾ ਸਾਕਾਰ ਹੋ ਸਕੇਗਾ। ਉਨ੍ਹਾਂ ਕਿਹਾ, "ਇਹ ਹੋਵੇਗਾ ਕਿ ਲੋਕਾਂ ਨੂੰ ਕਾਰ ਚਲਾਉਣ ਤੋਂ ਤਾਂ ਇਤਰਾਜ਼ ਹੋਵੇਗਾ ਪਰ ਉਨ੍ਹਾਂ ਅਜਿਹੀ ਸਵਚਾਲਿਤ ਕਾਰਾਂ ਤੋਂ ਕੋਈ ਦਿੱਕਤ ਨਹੀਂ ਹੋਵੇਗੀ ਜੋ ਅੰਨ੍ਹੇ ਚਲਾਉਣਗੇ।" ਜਦੋਂਕਿ ਉਹ ਨਾਲ ਹੀ ਮੰਨਦੇ ਹਨ ਕਿ ਕੇਵਲ ਸਵਚਾਲਿਤ ਕਾਰਾਂ ਹੀ ਉਨ੍ਹਾਂ ਦੀਆਂ ਸਭ ਚੁਣੌਤੀਆਂ ਨੂੰ ਦੂਰ ਨਹੀਂ ਕਰ ਸਕਦੀਆਂ। ਉਨ੍ਹਾਂ ਨੇ ਕਿਹਾ, "ਕਾਰ ਦੇ ਆਪਣੇ ਆਪ ਪਾਰਕ ਹੋਣ ਦੇ ਬਾਅਦ ਉਸ ਨਾਲ ਬਾਹਰ ਨਿਕਲਣ ਅਤੇ ਆਪਣੀ ਮੰਜ਼ਿਲ ਤੱਕ ਪਹੁੰਚਣ ਵਿੱਚ ਤਾਂ ਦਿੱਕਤ ਰਹੇਗੀ।"



# ਪਾਸਵਰਡ ਯਾਦ ਰੱਖਣ ਦੇ ਝੰਜਟ ਤੋਂ ਛੁਟਕਾਰਾ ?



ਆਨਲਾਈਨ ਗਤੀਵਿਧੀਆਂ ਦੇ ਲਈ ਤੁਹਾਨੂੰ ਵਿਭਿੰਨ ਫਾਰਮਾਂ ਵਿੱਚ ਆਪਣਾ ਖਾਤਾ ਖੋਲਣਾ ਹੁੰਦਾ ਹੈ ਅਤੇ ਹਰ ਖਾਤੇ ਦੇ ਨਾਲ ਇੱਕ ਪਾਸਵਰਡ ਵੀ ਬਣਾਉਣਾ ਹੁੰਦਾ ਹੈ।

ਕਈ ਵਾਰ ਤਾਂ ਇਸ ਤਰ੍ਹਾਂ ਦੇ ਅਕਾਊਂਟ ਬਣ ਜਾਂਦੇ ਹਨ ਕਿ ਉਨ੍ਹਾਂ ਦੇ ਪਾਸਵਰਡਾਂ ਨੂੰ ਸੰਭਾਲਨਾ ਵੀ ਇੱਕ ਭਾਰੀ ਮੁਸੀਬਤ ਹੋ ਜਾਂਦੀ ਹੈ।

ਪਰ ਆਉਣ ਵਾਲੇ ਦਿਨਾਂ ਵਿੱਚ ਤੁਹਾਨੂੰ ਆਪਣੇ ਇਲੈਕਟ੍ਰੋਨਿਕ ਖਾਤਿਆਂ ਨੂੰ ਖੋਲਣ ਦੇ ਲਈ ਪਾਸਵਰਡ ਟਾਇਪ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਤੁਸੀਂ ਆਪਣੇ ਦਿਮਾਗ ਵਿੱਚ ਸੋਚੋਗੇ ਅਤੇ ਤੁਹਾਡਾ ਖਾਤਾ ਖੁਲ੍ਹ ਜਾਵੇਗਾ।

**ਜੋ ਸੋਚੋਗੇ, ਉਹ ਹੀ ਪਾਸਵਰਡ** : ਇਹ ਸੰਭਵ ਹੋਵੇਗਾ ਵਾਇਰਲੈਂਸ ਹੈਡਸੈਟ ਡਿਵਾਇਸ ਦੇ ਜ਼ਰੀਏ। ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਦੇ ਬਰਕਲੇ ਸਕੂਲ ਆਫ਼ ਇਨਫਾਰਮੇਸ਼ਨ ਦੇ ਸ਼ੋਧ ਵਿਗਿਆਨੀਆਂ ਨੇ ਅਜਿਹੀ ਤਕਨੀਕ ਵਿਕਸਿਤ ਕੀਤੀ ਹੈ ਜੋ ਤੁਹਾਡੇ ਦਿਮਾਗ ਦੀਆਂ ਤਰੰਗਾਂ ਦੇ ਜ਼ਰੀਏ ਹੀ ਤੁਹਾਡੀ ਉਚਿਤਤਾ ਨੂੰ ਸਥਾਪਿਤ ਕਰ ਲਵੇਗਾ।

ਇਹ ਹੈਡਸੈਟ ਡਿਵਾਇਸ ਕੰਪਿਊਟਰ ਤੋਂ ਬਲੂਟੂਥ ਦੇ ਜ਼ਰੀਏ ਵੀ ਜੁੜ ਸਕਦਾ ਹੈ। ਜਦੋਂ ਤੁਸੀਂ ਇਸ ਨੂੰ ਪਹਿਨੋਗੇ ਤਾਂ ਤੁਹਾਡੇ ਦਿਮਾਗ ਦੇ ਇਲੈਕਟ੍ਰੋਨਸੇਪਲੋਗ੍ਰਾਮ (ਈਈਜੀ) ਤਰੰਗਾਂ ਨੂੰ ਪਕੜ ਲਵੇਗਾ। ਇਸਦੇ ਜ਼ਰੀਏ ਹੀ ਤੁਸੀਂ ਜੋ ਸੋਚੋਗੇ ਉਹ ਪਾਸਵਰਡ ਇਸ ਨੂੰ ਮਾਲੂਮ ਹੋ ਜਾਵੇਗਾ।

ਜਾਨ ਚੁਆਂਗ ਦੀ ਅਗਵਾਈ ਵਿੱਚ ਵਿਗਿਆਨਕਾਂ ਦੇ ਦਲ ਨੇ ਇਸ ਡਿਵਾਇਸ ਨੂੰ ਤਿਆਰ ਕੀਤਾ ਹੈ ਜੋ ਕਰੀਬ ਸੌ ਡਾਲਰ ਦੀ ਕੀਮਤ ’ਤੇ ਉਪਲਭਧ ਹੈ।

ਖੋਜ ਵਿਗਿਆਨੀਆਂ ਨੇ ਯੂਨੀਵਰਸਿਟੀ ਨਿਊਜ ਰਿਲੀਜ ਵਿੱਚ ਦੱਸਿਆ ਹੈ, “ਅਸੀਂ ਦਿਮਾਗ ਦੀਆਂ ਤਰੰਗਾਂ ਨੂੰ ਕੈਚ ਕੀਤਾ ਹੈ। ਇਸ ਵਿੱਚ ਬੇਹੱਦ ਸਸਤਾ ਈਈਜੀ ਸੈਂਸਰ ਦਾ ਇਸਤੇਮਾਲ ਕੀਤਾ ਗਿਆ ਹੈ। ਇਸਦੇ ਬਾਵਜੂਦ ਇਹ ਕਾਫ਼ੀ ਪ੍ਰਮਾਣਿਕਤਾ ਦੇ ਨਾਲ ਤੁਹਾਡੀ ਵਅਲਡਿਟੀ ਦੀ ਪਹਿਚਾਣ ਕਰਨ ਵਿੱਚ ਯੋਗ ਹੈ।”

**ਸੁਰੱਖਿਅਤ ਰਹੇਗਾ ਅਕਾਊਂਟ** : ਪਰ ਤੁਸੀਂ ਜੋ ਸੋਚ ਰਹੇ ਹੋ, ਉਹੀ ਕੋਈ ਦੂਸਰਾ ਸੋਚੇ ਤਾਂ ਕੀ ਹੋਵੇਗਾ। ਉਦੋਂ ਕੀ ਤੁਹਾਡਾ ਅਕਾਊਂਟ ਸੁਰੱਖਿਅਤ ਰਹੇਗਾ। ਤਾਂ ਪਰੇਸ਼ਾਨ ਨਾ ਹੋਵੋ, ਤੁਹਾਡਾ ਅਕਾਊਂਟ ਸੁਰੱਖਿਅਤ ਰਹੇਗਾ ਕਿਉਂਕਿ ਸੋਚ ਸਮਾਨ ਹੋਣ ਦੇ ਬਾਅਦ ਵੀ ਦੋਨਾਂ ਦੇ ਦਿਮਾਗ ਦੀਆਂ ਤਰੰਗਾਂ ਅਲੱਗ ਅਲੱਗ ਹੋਣਗੀਆਂ। ਇਸ ਹੈਡਸੈਟ ਦੇ ਸ਼ੁਰੂਆਤੀ ਪ੍ਰਯੋਗਾਂ ਵਿੱਚ ਸੋਧ ਵਿਗਿਆਨੀਆਂ ਨੇ ਇਸਤੇਮਾਲ ਕਰਨ ਵਾਲਿਆਂ ਤੋਂ ਸੱਤ ਤਰ੍ਹਾਂ ਦੇ ਮਾਨਸਿਕ ਕੰਮ ਕਰਨ ਨੂੰ ਕਿਹਾ। ਇਸ ਵਿੱਚ ਪਹਿਲਾ ਤਿੰਨ ਕੰਮ ਤਾਂ ਸਭ ਦੇ ਲਈ ਇੱਕ ਸਮਾਨ ਸੀ, ਜਿਸ ਵਿੱਚ ਸਾਹ ਲੈਣਾ, ਕੀ ਬੋਰਡ ’ਤੇ ਉਂਗਲੀਆਂ ਦੇ ਉਤਰਾਅ ਚੜ੍ਹਾਅ, ਆਵਾਜ਼ ਨੂੰ ਸੁਣਨ ਅਤੇ ਉਸਦੇ ਬਾਅਦ ਦੀ ਪ੍ਰਤੀਕ੍ਰਿਆ ’ਤੇ ਨਜ਼ਰ ਰੱਖੀ ਗਈ। ਇਸਦੇ ਬਾਅਦ ਦੇ ਚਾਰ ਅਲੱਗ ਅਲੱਗ ਤਰ੍ਹਾਂ ਦੇ ਮਾਨਸਿਕ ਅਭਿਆਸਾਂ ਦੇ ਜ਼ਰੀਏ ਆਦਮੀ ਦੀਆਂ ਮਾਨਸਿਕ ਤਰੰਗਾਂ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਲਗਭਗ ਇੱਕ ਫੀਸਦੀ ਗੜਬੜੀ ਦਾ ਡਰ ਦੱਸਿਆ ਗਿਆ ਹੈ।

**– ਸਿੰਦਰਪਾਲ ਕੌਰ ਸੋਹੀ**


**ਬੱਚਿਆਂ ਦੀ ਮਾਹਿਰ ਡਾਕਟਰ ਹਰਸ਼ਿੰਦਰ ਕੌਰ ਐਮ. ਡੀ. ਦੁਆਰਾ ਲਿਖੀਆਂ ਕਿਤਾਬਾਂ ਹੁਣ ਰਿਆਇਤੀ ਦਰ ’ਤੇ**




ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744



# ਦਿਮਾਗ ਦੇ ਲਈ 'ਟਾਨਿਕ' ਹੈ ਨਵਾਂ ਸੰਗੀਤ

ਕਿਸੇ ਸੰਗੀਤ ਨੂੰ ਪਹਿਲੀ ਵਾਰ ਸੁਣਨਾ ਦਿਮਾਗ ਨੂੰ ਖੁਸ਼ੀ ਦੇ ਸਕਦਾ ਹੈ। ਇਕ ਨਵੇਂ ਸੋਧ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਕਨਾਡਾ ਦੇ ਵਿਗਿਆਨਕਾਂ ਦੇ ਇੱਕ ਦਲ ਨੇ ਐਮਆਰਆਈ ਸਕੈਨ ਦੇ ਜ਼ਰੀਏ ਸੰਗੀਤ ਤਾ ਕੋਈ ਟੁਕੜਾ, ਪਹਿਲੀ ਵਾਰ, ਸੁਣਨ 'ਤੇ ਦਿਮਾਗ ਦੇ ਉਨ੍ਹਾਂ ਖੇਤਰਾਂ ਵਿੱਚ ਗਤੀਵਿਧੀਆਂ ਦਰਜ ਕੀਤੀਆਂ, ਜਿਨ੍ਹਾਂ ਨੂੰ 'ਰਿਵਾਰਡ ਸੈਂਟਰ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਜਿਵੇਂ ਜਿਵੇਂ ਸਰੋਤਾ ਸੰਗੀਤ ਨੂੰ ਪਸੰਦ ਕਰਦਾ ਜਾਂਦਾ ਹੈ ਨਿਊਜਕਲੀਯਸ ਐਕਯੂਮਬੇਨਸ ਕਹੇ ਜਾਣ ਵਾਲੇ ਦਿਮਾਗ ਦੇ ਖੇਤਰ ਤੋਂ ਉਸਦਾ ਸੰਬੰਧ ਮਜ਼ਬੂਤ ਹੁੰਦਾ ਹੈ। ਇਹ ਖੋਜ 'ਸਾਇੰਸ' ਜਨਰਲ ਵਿੱਚ ਪ੍ਰਕਾਸ਼ਿਤ ਹੋਈ ਹੈ।

ਟੋਰਾਂਟੋ ਵਿੱਚ ਰਾਟਮੈਨ ਖੋਜ ਇੰਸਟੀਚਿਊਟ ਦੇ ਡਾਕਟਰ ਵਲੌਰੀ ਸਾਲਿਮਪੁਰ ਨੇ ਬੀਬੀਸੀ ਦੇ 'ਸਾਇੰਸ ਇਨ ਐਕਸ਼ਨ ਪ੍ਰੋਗ੍ਰਾਮ' ਨੂੰ ਦੱਸਿਆ, "ਅਸੀਂ ਜਾਣਦੇ ਹਾਂ ਕਿ ਨਿਊਕਲੀਅਸ ਐਕਯੂਮਬੇਨਸ ਦਾ ਸੰਬੰਧ ਪੁਰਸਕਾਰ ਨਾਲ ਹੈ।"

ਉਹ ਕਹਿੰਦੇ ਹਨ, "ਪਰ ਸੰਗੀਤ ਭਾਵਨਾਵਾਂ ਨਾਲ ਜੁੜੀ ਹੋਈ ਚੀਜ਼ ਹੈ। ਇਹ ਅਜਿਹਾ ਨਹੀਂ ਹੈ ਕਿ ਤੁਸੀਂ ਭੁੱਖੇ ਹੋ ਅਤੇ ਤੁਹਾਨੂੰ ਭੋਜਨ ਦੇ ਲਈ ਕੁਝ ਮਿਲਣ ਵਾਲਾ ਹੈ ਅਤੇ ਤੁਸੀਂ ਇਸ ਨੂੰ ਖਾਣ ਦੇ ਬਾਰੇ ਵਿੱਚ ਉਤਸ਼ਾਹਿਤ ਹੋ। ਅਕਸਰ ਅਜਿਹੀ ਸਥਿਤੀ ਵਿੱਚ ਹੀ ਅਸੀਂ ਨਿਊਕਲੀਅਸ ਐਕਯੂਮਬੇਨਸ ਵਿੱਚ ਹਲਚਲ ਦੇਖਦੇ ਹਾਂ।" ਮਜ਼ੇਦਾਰ ਗੱਲ ਇਹ ਹੈ ਕਿ ਤੁਸੀਂ ਅਜਿਹੀ ਚੀਜ਼ ਦੇ ਬਾਰੇ ਵਿੱਚ ਅੰਦਾਜ਼ਾ ਲਗਾ ਰਹੇ ਹੋ ਅਤੇ ਉਤਸਾਹਿਤ ਹੋ ਰਹੇ ਹੋ ਜੋ ਪੂਰੀ ਤਰ੍ਹਾਂ ਭਾਵਨਾਤਮਕ ਹੈ ਅਤੇ ਇਹ ਹੈ ਸੰਗੀਤ ਦੇ ਟੁਕੜੇ ਵਿੱਚ ਆਉਣ ਵਾਲੀ ਅਗਲੀ ਆਵਾਜ਼।

**ਸੰਗੀਤ ਸੁਣਿਆ, ਚਮਕਿਆ ਦਿਮਾਗ :** ਮੈਕਿਗਲ ਵਿਸ਼ਵਵਿਦਿਆਲਿਆ ਦੇ ਮਾਂਟ੍ਰਿਯਲ ਨਿਊਜਰੋਲਾਜਿਕਲ ਸੈਂਟਰ ਵਿੱਚ ਵਿਗਿਆਨਕਾਂ ਨੇ 10 ਪ੍ਰਤੀਗਤੀਆਂ ਨੂੰ ਉਨ੍ਹਾਂ ਦੀ ਪਸੰਦ ਦੇ ਆਧਾਰ 'ਤੇ ਸੰਗੀਤ ਦੇ 60 ਟੁਕੜੇ ਪਹਿਲੀ ਵਾਰ ਸੁਣਾਏ।

ਸਭ ਨੂੰ 30 ਸੈਕਿੰਡ ਲੰਬਾ ਇੱਕ ਟੁਕੜਾ ਸੁਣਾਇਆ ਗਿਆ ਅਤੇ ਉਨ੍ਹਾਂ ਦੇ ਕੋਲ ਇਹ ਮੌਕਾ ਸੀ ਕਿ ਉਹ ਚਾਹੁਣ ਤਾਂ ਉਸ ਨੂੰ ਇੱਕ ਬਣਾਵਟੀ ਆਨ ਲਾਇਨ ਸਟੋਰ ਤੋਂ ਖਰੀਦ ਸਕਦੇ ਹਨ। ਪ੍ਰਤੀਭਾਗੀਆਂ ਨੂੰ ਇਹ ਸੰਗੀਤ ਉਦੋਂ ਸੁਣਾਇਆ ਗਿਆ ਜਦੋਂ ਉਹ ਐਮਆਰਆਈ ਮਸ਼ੀਨ ਦੇ ਅੰਦਰ ਲੇਟੇ ਹੋਏ ਸੀ।

ਸਕੈਨ ਨੂੰ ਦੇਖਕੇ ਵਿਗਿਆਨਕਾਂ ਨੂੰ ਪਤਾ ਚੱਲਿਆ ਕਿ ਨਿਊਕਲੀਅਸ ਐਕਯੂਮਬੇਨਸ 'ਚਮਕ ਰਿਹਾ' ਸੀ। ਇਸ ਹਲਚਲ ਦੇ ਆਧਾਰ 'ਤੇ ਸੋਧਕਰਤਾ ਇਹ ਅਨੁਮਾਨ ਲਗਾ ਸਕਦੇ ਸੀ ਕਿ ਪ੍ਰਤੀਭਾਗੀ ਨੂੰ ਸੰਗੀਤ ਪਸੰਦ ਆਇਆ ਜਾਂ ਨਹੀਂ।

ਡਾਕਟਰ ਸਾਲਿਮਪੂਰ ਕਹਿੰਦੇ ਹਨ, 'ਜਦੋਂ ਉਹ ਸੰਗੀਤ ਸੁਣ ਰਹੇ ਸੀ ਤਾਂ ਅਸੀਂ ਉਨ੍ਹਾਂ ਦੇ ਦਿਮਾਗ ਦੀ ਹਲਚਲ ਨੂੰ ਦੇਖਕੇ, ਉਨ੍ਹਾਂ ਦੇ ਦੱਸਣ ਤੋਂ ਪਹਿਲਾ ਹੀ, ਇਹ ਜਾਣ ਸਕਦੇ ਸੀ ਕਿ ਇਹ ਸੰਗੀਤ ਨੂੰ ਸਲਾਹ ਰਹੇ ਹਨ ਜਾਂ ਪਸੰਦ ਕਰ ਰਹੇ ਹਨ। ਨਿਯੂਰੋਸਾਇਸ ਇਸ ਨਵੀਂ ਦਿਸ਼ਾ ਵਿੱਚ ਵੱਧ ਰਹੀ ਹੈ-ਇਹ ਸਮਝਣ ਦੀ ਕੋਸ਼ਿਸ਼ ਵਿੱਚ ਕਿ ਲੋਕ ਕੀ ਸੋਚ ਰਹੇ ਹਨ। ਲੋਕਾਂ ਦੀ ਦਿਮਾਗੀ ਕਿਰਿਆ ਦੇ ਮਾਧਿਅਮ ਨਾਲ ਉਨ੍ਹਾਂ ਦੇ ਵਿਚਾਰਾਂ, ਪ੍ਰੇਰਣਾਵਾਂ ਅਤੇ ਅੰਤ ਉਨ੍ਹਾਂ ਦੇ ਵਰਤਾਅ ਦਾ ਨਤੀਜਾ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।"

ਸੋਧਕਰਤਾਵਾਂ ਨੇ ਪਾਇਆ ਕਿ ਨਿਯੂਕਲੀਅਸ ਐਕਯੂਮਬੇਨਸ ਦਿਮਾਗ ਦੇ ਇੱਕ ਦੂਸਰੇ ਖੇਤਰ ਆਡਿਟਰੀ ਕਾਰਟਿਕਲ ਸਟੋਰਸ ਨਾਲ ਵੀ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਉਹ ਖੇਤਰ ਹੈ ਜਿਸ ਵਿੱਚ ਪਹਿਲਾ ਤੋਂ ਸੁਣੇ ਹੋਏ ਸੰਗੀਤ ਦੇ ਆਧਾਰ 'ਤੇ ਆਵਾਜ਼ ਨਾਲ ਸੰਬੰਧਿਤ ਜਾਣਕਾਰੀਆਂ ਨੂੰ ਜਮ੍ਹਾ ਕੀਤਾ ਜਾਂਦਾ ਹੈ। ਡਾਕਟਰ ਸਾਲਿਮਪੂਰ ਕਹਿੰਦੇ ਹਨ, "ਦਿਮਾਗ ਦਾ ਇਹ ਖੇਤਰ ਹਰ ਵਿਅਕਤੀ ਦੇ ਲਿਹਾਜ ਨਾਲ ਵਿਸ਼ਿਸ਼ਟ ਹੁੰਦਾ ਹੈ ਕਿਉਂਕਿ ਅਸੀਂ ਸਭ ਨੇ ਅਲੱਗ ਤਰ੍ਹਾਂ ਦਾ ਸੰਗੀਤ ਸੁਣਿਆ ਹੁੰਦਾ ਹੈ।"

ਹੁਣ ਸੋਧਕਰਤਾ ਇਹ ਜਾਨਣ ਦੀ ਕੋਸ਼ਿਸ਼ ਵਿੱਚ ਹਨ ਕਿ ਇਹ ਸਾਡੇ ਸੰਗੀਤ ਦੀ ਪਸੰਦ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਅਤੇ ਕੀ ਦਿਮਾਗੀ ਹਲਚਲ ਇਹ ਦੱਸ ਸਕਦੀ ਹੈ ਕਿ ਕਿਉਂ ਲੋਕਾਂ ਦਾ ਝੁਕਾਅ ਕਿਸੇ ਖਾਸ ਕਿਸਮ ਦੇ ਸੰਗੀਤ ਵੱਲ ਹੁੰਦਾ ਹੈ ?

**– ਸਿੰਦਰਪਾਲ ਕੌਰ ਸੋਹੀ**



# ਮੈਡੀਕਲ ਸਾਇੰਸਜ਼

ਸੁਖਮੰਦਰ ਸਿੰਘ ਤੂਰ

**ਖ਼ਤਰੇ ਤੋਂ ਖਾਲੀ ਨਹੀਂ ਉੱਚੀ ਅੱਡੀ ਦਾ ਸ਼ੌਕ :** ਫੈਸ਼ਨਪ੍ਰਸਤ ਔਰਤਾਂ ਨੂੰ ਉੱਚੀ ਅੱਡੀ ਵਾਲੀਆਂ ਜੁੱਤੀਆਂ ਬੇ-ਹੱਦ ਪਸੰਦ ਹਨ, ਪਰ ਉਨ੍ਹਾਂ ਨੂੰ ਇਸ ਸ਼ੌਕ ਦਾ ਮਹਿੰਗਾ ਮੁੱਲ ਤਾਰਨਾ ਪੈ ਸਕਦਾ ਹੈ। ਹੱਡੀਆਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਉੱਚੀ ਅੱਡੀ ਦੀਆਂ ਜੁੱਤੀਆਂ ਕਾਰਨ ਹੱਡੀਆਂ ਦੇ ਜੋੜਾਂ ਦੀਆਂ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਤੋਂ ਪੀੜਤ ਔਰਤਾਂ ਉਨ੍ਹਾਂ ਦੇ ਕੋਲ ਇਲਾਜ ਲਈ ਆਉਂਦੀਆਂ ਹਨ। ਇਨ੍ਹਾਂ ਔਰਤਾਂ ਵਿੱਚ ਵੱਡੀ ਗਿਣਤੀ ਜਵਾਨ ਔਰਤਾਂ ਦੀ ਹੁੰਦੀ ਹੈ। ਇਨ੍ਹਾਂ ਔਰਤਾਂ ’ਚੋਂ ਜ਼ਿਆਦਾਤਰ ਔਰਤਾਂ ਅੰਗੂਠੇ ਦੇ ਦਰਦ ਤੇ ਅੰਗੂਠੇ ਦੇ ਅਗਲੇ ਹਿੱਸੇ ਵਿੱਚ ਦਰਦ ਦੀ ਸ਼ਿਕਾਇਤ ਕਰਦੀਆਂ ਹਨ। ਇੱਕ ਸਰਵੇਖਣ ਦੇ ਮੁਤਾਬਕ 58 ਫੀਸਦੀ ਔਰਤਾਂ ਨੇ ਮੰਨਿਆ ਹੈ ਕਿ ਉਹ ਰਾਤ ਸਮੇਂ ਜਦੋਂ ਆਪਣੀਆਂ ਉੱਚੀ ਅੱਡੀ ਦੀਆਂ ਜੁੱਤੀਆਂ ਉਤਾਰਦੀਆਂ ਹਨ ਤਾਂ ਉਨ੍ਹਾਂ ਦੇ ਪੈਰਾਂ ਦੇ ਦਰਦ ਨਾਲ ਬੁਰਾ ਹਾਲ ਹੁੰਦਾ ਹੈ, ਪਰ ਉੱਚੀ ਅੱਡੀ ਦੀਆਂ ਜੁੱਤੀਆਂ ਨੂੰ ਬਿਲਕੁਲ ਅਲਵਿਦਾ ਕਹਿਣ ਦੀ ਵੀ ਲੋੜ ਨਹੀਂ। ਮਾਹਿਰਾਂ ਦੇ ਅਨੁਸਾਰ 5 ਤੋਂ 7 ਸੈਂਟੀਮੀਟਰ ਤੱਕ ਉੱਚੀ ਅੱਡੀ ਦੀ ਜੁੱਤੀ ਚਪਟੇ ਤਲੇ ਦੀਆਂ ਜੁੱਤੀਆਂ ਨਾਲੋਂ ਬਿਹਤਰ ਹੈ।



**ਬੇ-ਔਲਾਦ ਹੋਣ ਨਾਲ ਵਧਦਾ ਹੈ ਮੌਤ ਦਾ ਖ਼ਤਰਾ :** ਕੀ ਬੇ ਔਲਾਦ ਹੋਣ ਦਾ ਮਤਲਬ ਮੌਤ ਵੱਲ ਵਧਦਾ ਹੈ। ਬਹੁਤ ਹੀ ਹੈਰਾਨ ਕਰ ਦੇਣ ਵਾਲੀ ਇਹ ਖ਼ਬਰ ਸਾਹਮਣੇ ਆਈ ਹੈ। ਡੈਨਮਾਰਕ ’ਚ ਕੀਤੇ ਗਏ ਇੱਕ ਅਧਿਐਨ ’ਚ ਇਹ ਗੱਲ ਵੱਲ ਇਸ਼ਾਰਾ ਕੀਤਾ ਗਿਆ ਹੈ ਕਿ ਜੋ ਲੋਕ ਮਾਂ-ਪਿਓ ਨਹੀਂ ਬਣ ਪਾਉਂਦੇ ਉਹ ਮੌਤ ਦੇ ਵੱਲ ਤੇਜ਼ੀ ਨਾਲ ਵਧਣ ਲੱਗਦੇ ਹਨ।

ਇਸ ਅਧਿਐਨ ’ਚ ਡੈਨਮਾਰਕ ਦੇ ਕੋਈ 21 ਹਜ਼ਾਰ ਤੋਂ ਜ਼ਿਆਦਾ ਜੋੜਿਆਂ ਨੂੰ ਸ਼ਾਮਲ ਕੀਤਾ ਗਿਆ, ਇਨ੍ਹਾਂ ’ਚ ਉਹ ਲੋਕ ਵੀ ਸ਼ਾਮਲ ਸਨ ਜੋ ਆਈ. ਵੀ. ਐੱਫ਼. ਰਾਹੀਂ ਬੱਚੇ ਪੈਦਾ ਕਰਨਾ ਚਾਹੁੰਦੇ ਸਨ। ਅਧਿਐਨ ਕਰਨ ਵਾਲਿਆਂ ਨੇ ਵੇਖਿਆ ਕਿ ਜੋ ਔਰਤਾਂ ਇਸ ਦੌਰਾਨ ਗਰਭਧਾਰਨ ਕਰਨ ’ਚ ਅਸਫਲ ਰਹੀਆਂ ਉਨ੍ਹਾਂ ਦੀ ਮੌਤ ਦਾ ਸ਼ੱਕ ਉਨ੍ਹਾਂ ਔਰਤਾਂ ਦੀ ਤੁਲਨਾ ’ਚ ਚਾਰ ਗੁਣਾਂ ਵਧ ਗਿਆ ਜੋ ਮਾਂ ਬਣ ਚੁੱਕੀਆਂ ਸਨ। ਅਧਿਐਨ ਕਰਤਾਵਾਂ ਨੇ ਹਾਲ ਹੀ ਵਿੱਚ ਡੈਨਮਾਰਕ ’ਚ ਵੱਖ-ਵੱਖ ਥਾਂਵਾਂ ’ਤੇ ਜਨਮੇ ਬੱਚਿਆਂ ਦੇ ਅੰਕੜਿਆਂ ਦੇ ਆਧਾਰ ’ਤੇ ਇਸ ਅਧਿਐਨ ’ਚ ਆਈ. ਵੀ. ਐਫ਼. ਵਾਲੇ ਜੋੜਿਆਂ ਨੂੰ ਵੀ ਸ਼ਾਮਲ ਕੀਤਾ ਗਿਆ।

**ਉਮਰਦਰਾਜ ਔਰਤਾਂ ਵਿੱਚ ਵਧ ਰਿਹਾ ਹੈ ਯੌਨ ਰੋਗ ਦਾ ਖਤਰਾ :** 45 ਵਰ੍ਹਿਆਂ ਤੋਂ ਉਪਰ ਦੀਆਂ ਔਰਤਾਂ ਵਿੱਚ ਸੈਕਸ ਦੇ ਜ਼ਰੀਏ ਫੈਲਣ ਵਾਲਾ ਇਨਫੈਕਸ਼ਨ ਪੂਰੀ ਦੁਨੀਆ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ। ਇਹ ਰਿਪੋਰਟ ਹੈ, ‘ਅਮਰੀਕਨ ਸੈਂਟਰ ਫਾਰ ਡਿਜੀਜ਼ ਕੰਟਰੋਲ’ ਅਤੇ ‘ਹੈਲਪ ਪ੍ਰੋਟੇਕਸ਼ਨ ਏਜੰਸੀ’ ਦੀ। ਆਕਸਫੋਰਡ ਸਥਿਤ ਰੈਡੀਕਿਲਫ਼ ਇੰਫਰਪਰੀ’ ਦੇ ਡਾ. ਫਰਿਆਲ ਮਹਿਰ ਅਤੇ ਡਾ. ਜੈਕੀ ਸ਼ੈਰੀਡਰ ਦੇ ਮੁਤਾਬਕ ਯੌਨ ਰੋਗਾਂ ਨਾਲ ਪੀੜਤ ਉਮਰਦਰਾਜ ਔਰਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਸ ਸਮੱਸਿਆ ਦੀ ਵਜ੍ਹਾ ਹੈ ਵਿਪਰੀਤ ਲਿੰਗੀ ਸੈਕਸ ਸੰਪਰਕ। ਰਿਪੋਰਟ ਤੋਂ ਹਾਸਲ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਐੱਚ. ਆਈ. ਵੀ. ਇਨਫੈਕਸ਼ਨ ਨਾਲ ਪੀੜਤ 18 ਫੀਸਦੀ ਔਰਤਾਂ ਦੀ ਉਮਰ 45 ਸਾਲਾਂ ਤੋਂ ਜ਼ਿਆਦਾ ਹੈ। ਸਮਝਿਆ ਜਾਂਦਾ ਹੈ ਕਿ ਮੋਨੋਪਾਜ਼ ਔਰਤਾਂ ‘ਲੋ-ਰਿਸਕ ਗਰੁੱਪ’ ਵਿੱਚ ਆਉਂਦੀਆਂ ਹਨ, ਕਿਉਂਕਿ ਉਹ ਆਮ ਤੌਰ ’ਤੇ ਕ੍ਰਿਆਸ਼ੀਲ ਸੈਕਸ ਜੀਵਨ ਨਹੀਂ ਜਿਉਂਦੀਆਂ ਤੇ ਉਨ੍ਹਾਂ ਦਾ ਪਿਆਰ ਇਸ ਉਮਰ ਵਿੱਚ ਨਿਸ਼ਠ ਹੁੰਦਾ ਹੈ। ਪਰ ਕਈ ਔਰਤਾਂ ਇਸ ਉਮਰ ਵਿੱਚ ਵੀ ਥਰਿਕ ਜਾਂਦੀਆਂ ਹਨ ਅਤੇ ਨਵੇਂ ਸਬੰਧ ਬਣਾ ਲੈਂਦੀਆਂ ਹਨ, ਕਿਉਂਕਿ ਇਸ ਉਮਰ ’ਚ ਗਰਭਧਾਰਨ ਦਾ ਡਰ ਨਹੀਂ ਰਹਿੰਦਾ।

**ਲਿਵਰ-ਕੈਂਸਰ ਤੋਂ ਬਚਾਉਂਦੀ ਹੈ ਗਰਮਾ-ਗਰਮ ਕੌਫ਼ੀ :** ਗਰਮਾ-ਗਰਮ ਕੌਫ਼ੀ ਦਾ ਪਿਆਲਾ ਨਾ ਸਿਰਫ਼ ਸਰੀਰ ਨੂੰ ਐਨਰਜੀ ਦਿੰਦਾ ਹੈ। ਸਗੋਂ ਇਹ ਆਮ ਕਿਸਮ ਦੇ ਲਿਵਰ ਕੈਂਸਰ ਤੋਂ ਹਿਫਾਜ਼ਤ ਵੀ ਕਰ ਸਕਦਾ ਹੈ। ਇਹ ਰਹੱਸ 90 ਹਜ਼ਾਰ ਤੋਂ ਵੀ ਜ਼ਿਆਦਾ ਜਾਪਾਨੀ ਨਾਗਰਿਕਾਂ ’ਤੇ ਕੀਤੇ ਗਏ ਇੱਕ ਅਧਿਐਨ ਰਾਹੀਂ ਸਾਹਮਣੇ ਆਇਆ ਹੈ। ਅਧਿਐਨ ਦੇ ਮੁਤਾਬਕ ਜਿਹੜੇ ਲੋਕ ਰੋਜ਼ਾਨਾ ਕੌਫ਼ੀ ਪੀਂਦੇ ਹਨ, ਉਨ੍ਹਾਂ ਵਿੱਚ ਕਦੀ ਵੀ ਕੌਫ਼ੀ ਨਾ ਪੀਣ ਵਾਲਿਆਂ ਦੀ ਬਜਾਏ ਲਿਵਰ-ਕੈਂਸਰ ਦਾ ਖ਼ਤਰਾ ਅੱਧਾ ਰਹਿੰਦਾ ਹੈ। ਖੋਜਕਰਤਾਵਾਂ ਦੇ ਮੁਤਾਬਕ ਲਿਵਰ-ਕੈਂਸਰ ਤੋਂ ਸੁਰੱਖਿਆ ਪਾਉਣ ਲਈ ਰੋਜ਼ਾਨਾ ਇੱਕ ਤੋਂ ਦੋ ਤੇ ਜ਼ਿਆ-ਦਾਤਰ 3 ਤੋਂ 4 ਕੱਪ ਕੌਫ਼ੀ ਪੀਣੀ ਚਾਹੀਦੀ ਹੈ। ਹਾਲਾਂਕਿ ਖੋਜਕਰਤਾ ‘ਡੀ-ਕੈਫ਼’ (ਕੈਫ਼ੀਨ ਰਹਿਤ) ਤੇ ਸਾਧਾਰਨ ਕੌਫ਼ੀ ਦੇ ਪ੍ਰਭਾਵਾਂ ਦੀ ਤੁਲਨਾ ਕਰਨ ਵਿੱਚ ਨਾਕਾਮ ਰਹੇ। ਹਾਲਾਂਕਿ ਜ਼ਿਆਦਾਤਰ ਜਾਪਾਨੀ ਸਾਧਾਰਨ ਕੌਫ਼ੀ/ਕੈਫ਼ੀਨ ਯੁਕਤ ਹੀ ਪੀਂਦੇ ਹਨ। ਕੌਫ਼ੀ ਦੇ ਔਸ਼ਧੀ ਪ੍ਰਭਾਵਾਂ/ਦੁਸ਼ਪ੍ਰਭਾਵਾਂ ਨੂੰ ਲੈ ਕੇ ਵਿਗਿਆਨੀਆਂ ਦੀ ਰਾਇ ਹਾਲਾਂਕਿ ਵੱਖ-ਵੱਖ ਹੈ, ਪਰ ਇੱਕ ਹੋਰ ਅਧਿਐਨ ਤੋਂ ਪਤਾ ਲੱਗਾ ਹੈ ਕਿ ਕੈਫ਼ੀਨ ਯੁਕਤ ਸਕਿਨ ਕਰੀਮ ਚੂਹਿਆਂ ਵਿੱਚ ਸਿਕਨ-ਕੈਂਸਰ ਦੇ ਖ਼ਤਰਿਆਂ ਨੂੰ ਘੱਟ ਕਰਦੀ ਹੈ। ਅਧਿਐਨ ਦੌਰਾਨ ਹਰੀ ਚਾਹ ਦੇ ਪ੍ਰਭਾਵਾਂ ਦੀ ਵੀ ਜਾਂਚ ਕੀਤੀ ਗਈ। ਹਰੀ ਚਾਹ ਵਿੱਚ ਕਈ ਤਰ੍ਹਾਂ ਦੇ ਐਂਟੀ ਔਕਸੀਡੇਂਟਸ ਮਿਲਦੇ ਹਨ, ਪਰ ਲਿਵਰ ਕੈਂਸਰ ਪਨਪਨ ਅਤੇ

ਹਰੀ ਚਾਹ ਪੀਣ ਵਿਚਕਾਰ ਕੋਈ ਤੁਅਲੁੱਕ ਨਹੀਂ ਪਾਇਆ ਗਿਆ।

**ਦਮੇ ਲਈ ਜ਼ਿੰਮੇਵਾਰ ਹੈ, ਫ਼ੇਫੜਿਆਂ 'ਤੇ ਪੈਣ ਵਾਲਾ ਵਾਧੂ ਭਾਰ :** ਆਮ ਤੌਰ 'ਤੇ ਦਮੇ ਲਈ ਮੋਟਾਪੇ ਨੂੰ ਜ਼ਿੰਮੇਵਾਰ ਸਮਝਿਆ ਜਾਂਦਾ ਹੈ, ਪਰ ਇੱਕ ਤਾਜ਼ਾ ਅਧਿਐਨ ਤੋਂ ਪਤਾ ਲੱਗਾ ਹੈ ਕਿ ਸਾਹਾਂ ਦੀਆਂ ਤਕਲੀਫਾਂ ਲਈ ਅਸਲੀ ਜ਼ਿੰਮੇਵਾਰ ਹੈ-ਫੇਫੜਿਆਂ 'ਤੇ ਪੈਣ ਵਾਲਾ ਵਾਧੂ ਭਾਰ। 'ਯੂਨੀਵਰਸਿਟੀ ਆਫ਼ ਓਟਾਵਾ' ਦੇ ਖੋਜਕਾਰਾਂ ਨੇ 50 ਮੋਟੀਆਂ ਔਰਤਾਂ ਨੂੰ, ਜਿਨ੍ਹਾਂ ਦਾ ਔਸਤਨ ਵਜ਼ਨ 125 ਕਿਲੋ ਗਰਾਮ ਦੇ ਲਗਭਗ ਸੀ, 6 ਮਹੀਨਿਆਂ ਲਈ ਉਨ੍ਹਾਂ ਨੂੰ ਡਾਇਟਿੰਗ 'ਤੇ ਰੱਖਿਆ। ਇਸ ਦੌਰਾਨ ਇਨ੍ਹਾਂ ਔਰਤਾਂ ਦਾ ਵਜ਼ਨ ਕੋਈ 22 ਕਿਲੋ ਗ੍ਰਾਮ ਦੇ ਕਰੀਬ ਘਟਿਆ। ਅਧਿਐਨ ਕਰਤਿਆਂ ਨੇ ਨੋਟ ਕੀਤਾ ਕਿ ਸਰੀਰ ਦੇ ਕੁਲ ਵਜ਼ਨ ਦਾ 10 ਫੀਸਦੀ ਵਜ਼ਨ ਘਟਾਉਣ 'ਤੇ ਫੇਫੜਿਆਂ ਦੀ ਕ੍ਰਿਆਸ਼ੀਲਤਾ ਤਕਰੀਬਨ 5 ਫੀਸਦੀ ਵਧ ਗਈ।

ਅਸਲ ਵਿੱਚ ਸਰੀਰ ਦਾ ਵਜ਼ਨ ਆਦਰਸ਼ ਵਜ਼ਨ ਤੋਂ ਜ਼ਿਆਦਾ ਵਧਣ ਨਾਲ ਸਾਹ ਪ੍ਰਕਿਰਿਆਂ ਨਾਲ ਜੁੜੀਆਂ ਪੇਸ਼ੀਆਂ 'ਤੇ ਜ਼ਿਆਦਾ ਬੋਝ ਪੈਣ ਲੱਗਦਾ, ਜਿਸਦੇ ਸਿੱਟੇ ਵਜੋਂ ਇਨ੍ਹਾਂ ਨੂੰ ਮਿਹਨਤ ਜ਼ਿਆਦਾ ਕਰਨੀ ਪੈਂਦੀ ਹੈ। ਇਸ ਨਾਲ ਇਨ੍ਹਾਂ ਦੀ ਪ੍ਰਭਾਵਸ਼ੀਲਤਾ ਘੱਟ ਹੋ ਜਾਂਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਫੇਫੜਿਆਂ ਵਿੱਚ ਹਵਾ ਦੀ ਆਵਾਜ਼ਾਈ ਵਿੱਚ ਰੁਕਾਵਟ ਪੈਦਾ ਹੋਣ ਕਾਰਨ ਦਮੇ ਵਰਗੇ ਲੱਛਣ ਉਭਰਨ ਲੱਗਦੇ ਹਨ।

**....ਤੇ ਅੰਤ ਵਿੱਚ :** ਜਾਣਕਾਰੀ ਦੀ ਕਮੀ 'ਚ ਮੌਸੰਮੀ ਦੇ ਜੂਸ ਨਾਲ ਕੁਝ ਦਵਾਈਆਂ ਦਾ ਸੇਵਨ ਸਿਹਤ ਲਈ ਕਾਫ਼ੀ ਨੁਕਸਾਨਦਾਇਕ ਹੋ ਸਕਦਾ ਹੈ। ਹਾਲੀਆ ਸੋਧ ਮੁਤਾਬਕ ਮੌਸੰਮੀ ਦੇ ਰਸ 'ਚ ਮੌਜੂਦ ਰਸਾਇਣ ਉਸ ਐਂਜਾਇਮ ਨੂੰ ਖ਼ਤਮ ਕਰ ਦਿੰਦੇ ਹਨ, ਜੋ ਦਵਾਈਆਂ ਵੀ ਹਜ਼ਮ ਕਰਦਾ ਹੈ। ਇਸ ਦਾ ਭਾਵ ਹੈ ਕਿ ਪਾਚਨ ਤੰਤਰ ਦਾ ਸਰੀਰ 'ਚ ਦਵਾਈ ਦੀ ਜਿੰਨੀ ਮਾਤਰਾ ਆਉਂਦੀ ਹੈ, ਸਾਡਾ ਸਰੀਰ ਉਸ ਨੂੰ ਸੰਭਾਲ ਨਹੀਂ ਪਾਉਂਦਾ। ਇਹ ਸੋਧ ਕੈਨੇਡਾ ਦੇ ਮੈਡੀਕਲ ਐਸੋਸੀਏਸ਼ਨ ਜਰਨਲ 'ਚ ਪ੍ਰਕਾਸ਼ਿਤ ਹੋਇਆ ਹੈ।

ਕੈਨੇਡਾ ਦੇ ਲਾਸਨ ਸਿਹਤ ਖੋਜ ਅਦਾਰੇ ਦੇ ਸੋਧਕਰਤਾਵਾਂ ਮੁਤਾਬਿਕ ਮੌਸੰਮੀ ਦੇ ਜੂਸ ਨਾਲ ਜਿਨ੍ਹਾਂ ਦਵਾਈਆਂ ਦਾ ਸੇਵਨ ਸਿਹਤ ਲਈ ਖ਼ਤਰਨਾਕ ਹੋ ਸਕਦਾ ਹੈ, ਉਨ੍ਹਾਂ ਦੀ ਗਿਣਤੀ ਨਾਲ 2008 'ਚ 17 ਸੀ। ਸਾਲ 2012 'ਚ ਇਨ੍ਹਾਂ ਦੀ ਗਿਣਤੀ ਵਧਕੇ 43 ਹੋ ਗਈ ਹੈ। ਸੋਧਕਰਤਾਵਾਂ ਨੇ ਇਨ੍ਹਾਂ ਦਵਾਈਆਂ ਦੀ ਇੱਕ ਸੂਚੀ ਤਿਆਰ ਕੀਤੀ ਹੈ, ਜੋ ਬਲੱਡ ਪ੍ਰੈਸ਼ਰ, ਕੈਂਸਰ, ਕੋਲੇਸਟਰੋਲ ਆਦਿ ਨੂੰ ਘਟਾਉਣ ਵਾਲੀ ਤੇ ਅੰਗ ਬਦਲੀ ਕਰਨ ਤੋਂ ਬਾਅਦ ਸਰੀਰ ਦੀ ਪ੍ਰਤੀਰੋਧਕ ਪ੍ਰਣਾਲੀ ਨੂੰ ਕੰਟਰੋਲ ਕਰਨ ਲਈ ਵਰਤੀ ਜਾਂਦੀ ਹੈ। ਸੋਧਕਾਰਾਂ ਦੇ ਅਨੁਸਾਰ ਨਿੰਬੂ ਜਿਹੇ ਖੱਟੇ ਅਤੇ ਕੁਝ ਹੋਰ ਰਸੀਲੇ ਫ਼ਲ ਵੀ ਇਸੇ ਤਰ੍ਹਾਂ ਦਾ ਮਾੜਾ ਪ੍ਰਭਾਵ ਪੈਦਾ ਕਰਦੇ ਹਨ।


**ਹੇਠ ਲਿਖੀਆਂ ਪ੍ਰਸਿੱਧ ਇਨਕਲਾਬੀ ਕਿਤਾਬਾਂ ਦਾ ਪੂਰਾ ਸੈੱਟ ਮੰਗਵਾਉਣ 'ਤੇ ਹੁਣ ਵਿਸ਼ੇਸ਼ ਡਿਸਕਾਊਂਟ**




ਕੁੱਲ ਕੀਮਤ ਲਗਭਗ **1100/-**

ਪੂਰੇ ਸੈੱਟ ਦੀ ਡਿਸਕਾਊਂਟ ਕੀਮਤ **700/-**

ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ
**01679-241744**

# ਜਾਦੂ ਦੇ ਟਰਿੱਕ

## ਸੁਰਜੀਤ ਤਲਵਾਰ

## ਜੀਭ ਕੱਟ ਕੇ ਜੋੜਨ ਦਾ ਟਰਿੱਕ

ਟਰਿੱਕ ਮਾਸਟਰ ਇਕ ਛੋਟੀ ਲੜਕੀ ਦੀ ਜੀਭ ਕੱਟਕੇ ਵਿਖਾਉਂਦਾ ਹੈ। ਲੜਕੀ ਦੇ ਮੂੰਹ ਵਿਚੋਂ ਖ਼ੂਨ ਟਪਕਦਾ ਰਹਿੰਦਾ ਹੈ। ਜੀਭ ਜੋੜਨ ਲਈ ਟਰਿੱਕ ਮਾਸਟਰ ਇੱਕ ਨਿੰਬੂ ਕੱਟਦਾ ਹੈ ਉਸ ਵਿਚੋਂ ਵੀ ਖ਼ੂਨ ਰਿਸਦਾ ਹੈ। ਉਹ ਕੱਟੀ ਹੋਈ ਜੀਭ ਵਾਪਸ ਮੂੰਹ ਵਿਚ ਰੱਖ ਕੇ ਨਿੰਬੂ ਨਿਚੋੜਦਾ ਹੈ। ਜੀਭ ਮੁੜ ਜੁੜ ਜਾਂਦੀ ਹੈ। ਦਰਸ਼ਕ ਤੋਬਾ-ਤੋਬਾ ਕਰਨ ਲੱਗਦੇ ਹਨ।

**ਲੋੜੀਂਦਾ ਸਾਮਾਨ :** ਜੀਭ ਰੰਗਾ ਬਰਾਊਨ ਚਾਕਲੇਟ, ਲਾਲ ਰੰਗ, ਚਾਕੂ ਜਾਂ ਛੁਰੀ, ਨਿੰਬੂ, ਸ਼ਰਿੰਜ, ਪੋਲੀਥੀਨ ਦਾ ਲਿਫ਼ਾਫ਼ਾ, ਮੋਮਬੱਤੀ, ਦੀਆ ਸਿਲਾਈ।

**ਪੂਰਵ ਤਿਆਰੀ :** ਚਾਕਲੇਟ ਦੇ ਪਿਛਲੇ ਪਾਸੇ ਪੋਲੀਥੀਨ ਦੇ ਛੋਟੇ ਲਿਫ਼ਾਫ਼ੇ ਵਿਚ ਲਾਲ ਰੰਗ ਦਾ ਘੋਲ ਭਰਕੇ ਮੋਮਬੱਤੀ ਨਾਲ ਗਰਮ ਕਰਕੇ ਚੰਗੀ ਤਰ੍ਹਾਂ ਜੋੜ ਲਵੋ। ਲੜਕੀ ਨੂੰ ਇਸ ਬਾਰੇ ਪਹਿਲਾਂ ਹੀ ਚੰਗੀ ਤਰ੍ਹਾਂ ਸਮਝਾ ਦੇਵੋ ਤਾਂ ਕਿ ਉਹ ਜੀਭ ਕੱਟਣ ਨਾਲ ਹੋਣ ਵਾਲੇ ਦਰਦ ਦਾ ਪੂਰਾ ਡਰਾਮਾ ਕਰੇ ਅਤੇ ਦਰਸ਼ਕ ਇਹ ਮਹਿਸੂਸ ਕਰਨ ਕਿ ਜੀਭ ਸੱਚੀ-ਮੁੱਚੀ ਹੀ ਕੱਟੀ ਗਈ ਹੈ। ਨਿੰਬੂ ਵਿਚ ਵੀ ਸਰਿੰਜ ਰਾਹੀਂ ਲਾਲ ਰੰਗ ਦਾ ਘੋਲ ਭਰ ਲਵੋ।



**ਪ੍ਰਦਰਸ਼ਨ :** ਇਕ ਲੜਕੀ ਨੂੰ (ਜੋ ਪਹਿਲਾਂ ਹੀ ਤਿਆਰ ਕੀਤੀ ਗਈ ਹੈ) ਸਟੇਜ ਤੇ ਬੁਲਾਕੇ ਟਰਿੱਕ ਮਾਸਟਰ ਕੁਰਸੀ ਤੇ ਬਿਠਾਉਂਦਾ ਹੋਇਆ ਦਰਸ਼ਕਾਂ ਨੂੰ ਆਖਦਾ ਹੈ ਕਿ ਹੁਣ ਉਹ ਇਸਦੀ ਜੀਭ ਕੱਟਣ ਜਾ ਰਿਹਾ ਹੈ ਕਿਉਂਕਿ ਇਹ ਬਹੁਤ ਬਾਤੂਨੀ ਹੈ। ਲੜਕੀ ਨੂੰ ਜੀਭ ਬਾਹਰ ਕੱਢਣ ਲਈ ਆਖਦਾ ਹੈ ਅਤੇ ਕਰਦ ਜਾਂ ਛੁਰੀ ਨਾਲ ਜੀਭ ਕੱਟਣ ਦਾ ਅਭਿਨੈ ਕਰਦਾ ਹੋਇਆ ਚਾਕਲੇਟ ਦੇ ਟੁਕੜੇ ਨੂੰ ਕੱਟਕੇ ਅੱਡ ਪਲੇਟ ਵਿਚ ਰੱਖ ਦਿੰਦਾ ਹੈ। ਲੜਕੀ ਦਾ ਮੂੰਹ ਲਹੂ ਲੁਹਾਣ ਹੋ ਜਾਂਦਾ ਹੈ। ਲੜਕੀ ਚੀਕਾਂ ਮਾਰਦੀ ਹੈ। ਤਰਸ ਖਾਂਦਾ ਟਰਿੱਕ ਮਾਸਟਰ ਜੀਭ ਜੋੜਨ ਲਈ ਨਿੰਬੂ ਨਾਲ ਢਾਲਾ ਕਰਦਾ ਹੈ। ਨਿੰਬੂ ਕੱਟਦਾ ਹੈ। ਦਰਸ਼ਕ ਹੋਰ ਵੀ ਹੈਰਾਨ ਰਹਿ ਜਾਂਦੇ ਹਨ ਜਦੋਂ ਨਿੰਬੂ ਵਿਚੋਂ ਵੀ ਖ਼ੂਨ ਨਿਕਲਣ ਲੱਗਦਾ ਹੈ। ਕੱਟੀ ਹੋਈ ਜੀਭ ਪਲੇਟ ਵਿਚੋਂ ਚੁੱਕਕੇ ਵਾਪਸ ਮੂੰਹ ਵਿਚ ਰੱਖ ਕੇ ਨਿੰਬੂ ਨਿਚੋੜਦੇ ਸਮੇਂ ਵਿਚ ਕਈ ਮੰਤਰਾਂ ਦਾ ਉਚਾਰਣ ਕੀਤਾ ਜਾਂਦਾ ਹੈ। ਕੁਝ ਦੇਰ ਬਾਅਦ ਲੜਕੀ ਦਰਸ਼ਕਾਂ ਦਾ ਸਵਾਗਤ ਕਰਦੀ ਮੁਸਕਰਾਉਂਦੀ ਹੋਈ ਪਾਣੀ ਨਾਲ ਕੁਰਲੀ ਕਰਕੇ ਆਪਣੀ ਸਹੀ ਸਲਾਮਤ ਜੀਭ ਵਿਖਾਕੇ ਦਰਸ਼ਕ ਨੂੰ ਅਚੰਭੇ ਵਿਚ ਪਾ ਦਿੰਦੀ ਹੈ।

## ਘੜੀਆਂ ਦੀ ਮੁਰੰਮਤ ਦਾ ਜਾਦੂਈ ਕਾਰਖਾਨਾ

ਟਰਿੱਕ ਮਾਸਟਰ ਇਕ ਘੜੀ ਮੰਗ ਕੇ ਇਕ ਡੱਬੇ ਵਿਚ ਪਾ ਦਿੰਦਾ ਹੈ। ਘੜੀ ਨੂੰ ਇਕ ਕੁੱਟਣੀ ਨਾਲ ਚੰਗੀ ਤਰ੍ਹਾਂ ਤੋੜ ਦਿੰਦਾ ਹੈ। ਟੁੱਟੀ ਹੋਈ ਘੜੀ ਚਕਨਾ ਚੂਰ ਕੀਤੀ ਘੜੀ ਦਰਸ਼ਕਾਂ ਨੂੰ ਵਿਖਾਕੇ ਫੇਰ ਡੱਬੇ ਵਿਚ ਪਾ ਦਿੰਦਾ ਹੈ। ਢੱਕਣ ਲਾਕੇ ਮੰਤਰ ਪੜ੍ਹਦਾ ਹੈ। ਦਰਸ਼ਕਾਂ ਦੀ ਨਵੀਂ ਘੜੀ ਪੇਸ਼ ਕਰਦਾ ਹੈ। ਦਰਸ਼ਕ ਮੂੰਹ ਵੇਖਦੇ ਹੀ ਰਹਿ ਜਾਂਦੇ ਹਨ।

**ਲੋੜੀਂਦਾ ਸਾਮਾਨ :** ਇਕ ਖਾਸ ਤਰ੍ਹਾਂ ਬਣਾਇਆ ਹੋਇਆ ਵੇਲਣਾਕਾਰ ਡੱਬਾ ਅਤੇ ਘੜੀ ਤੋੜਨ ਲਈ ਇਕ ਲੋਹੇ ਦੀ ਰੌਡ (ਮੂਸਲ)

**ਪੂਰਵ ਤਿਆਰੀ :** ਵੇਲਣਾਕਾਰ ਡੱਬੇ ਦੇ ਤਿੰਨ ਹਿੱਸੇ ਹੁੰਦੇ ਹਨ, ਜੋ ਇਕ ਦੂਜੇ ਵਿਚ ਫਿੱਟ ਆ ਜਾਂਦੇ ਹਨ। ਇਕ ਹਿੱਸੇ ਵਿਚ ਪਹਿਲਾਂ ਹੀ ਪੁਰਾਣੀ ਘੜੀ ਦੇ ਟੁੱਟੇ ਫੁੱਟੇ ਪੁਰਜੇ ਆਦਿ ਪਾਏ ਹੁੰਦੇ ਹਨ। ਇਸ ਉੱਪਰ ਇਕ ਛੋਟਾ ਢੱਕਣ ਲਾ ਦਿੱਤਾ ਜਾਂਦਾ ਹੈ ਜੋ ਖਾਸ ਵਿਧੀ ਨਾਲ ਤਿਆਰ ਕੀਤਾ ਹੁੰਦਾ ਹੈ। ਇਸ ਵਿਚ ਦਰਸ਼ਕ ਦੀ ਘੜੀ ਪਾਈ ਜਾਂਦੀ ਹੈ। ਤੀਜੇ ਡੱਬੇ ਨਾਲ ਇਨ੍ਹਾਂ ਦੋਵਾਂ ਨੂੰ ਢੱਕ ਦਿੱਤਾ ਜਾਂਦਾ ਹੈ। ਫੇਰ ਤੀਜਾ ਡੱਬਾ ਚੁੱਕ ਲਿਆ ਜਾਂਦਾ ਹੈ। ਘੜੀ ਸੁਰੱਖਿਅਤ ਢੱਕਣ ਸਮੇਤ ਇਸ ਡੱਬੇ ਵਿਚ ਦੀ ਹੀ ਬਾਹਰ ਆ ਜਾਂਦੀ ਹੈ। ਟਰਿੱਕ ਮਾਸਟਰ ਦੂਸਰੀ ਘੜੀ ਨੂੰ ਹੀ ਤੋੜ ਕੇ ਵਿਖਾਉਂਦਾ ਹੈ।

**ਪ੍ਰਦਰਸ਼ਨ :** ਦਰਸ਼ਕਾਂ ਤੋਂ ਘੜੀ ਮੰਗਦੇ ਸਮੇਂ ਪੂਰਾ ਨਾਟਕ ਕਰੋ। ਇਕ ਨਾ ਦੇਵੇ ਤਾਂ ਦੂਜੇ ਤੋਂ ਮੰਗੋ। ਘੜੀ ਤੋੜ ਕੇ ਬਹੁਤ ਅਫ਼ਸੋਸ ਕਰੋ। ਖੈਰ ਮਨੋਰੰਜਨ ਤਾਂ ਕਰਨਾ ਹੀ ਹੈ। ਦਰਸ਼ਕਾਂ ਨੂੰ ਹੈਰਾਨ ਕਰਨ ਲਈ ਟੁੱਟੀ ਘੜੀ ਨੂੰ ਮੁੜ ਡੱਬੇ ਵਿਚ ਬੰਦ ਕਰਕੇ ਫੇਰ ਤੀਜੇ ਡੱਬੇ ਨਾਲ ਢੱਕ ਦੇਵੋ। ਇਕ ਹੱਡੀ ਇਸ ਤੋਂ ਘੁਮਾਵੋ। ਲਓ ਢੱਕਣ ਖੋਹਲ ਕੇ ਨਵੀਂ ਘੜੀ ਪੈਦਾ ਕਰਕੇ ਵਿਖਾ ਦੇਵੋ। ਇਹ ਕਮਾਲ ਦਾ ਟਰਿੱਕ ਹੈ।

ਡੱਬੇ ਬਣੇ ਬਣਾਏ ਵੀ ਮਿਲ ਜਾਂਦੇ ਹਨ ਅਤੇ ਖੁਦ ਵੀ ਬਣਾਏ ਜਾਂ ਬਣਵਾਏ ਜਾ ਸਕਦੇ ਹਨ। ਇਹ ਟਰਿੱਕ ਰਿਸਪੈਸ਼ਨ ਦੇ ਨਾਲ ਵੀ ਕੀਤਾ ਜਾ ਸਕਦਾ ਹੈ। ਦਰਸ਼ਕ ਦੀ ਘੜੀ ਡੱਬੇ ਵਿਚੋਂ ਨਹੀਂ ਕਿਧਰੋਂ ਹੋਰ ਪੈਦਾ ਕਰਕੇ ਵੀ ਵਿਖਾਈ ਜਾ ਸਕਦੀ ਹੈ।

## ਚਾਰ-ਚਾਰ ਇਕੋ ਜਿਹੇ ਪੱਤੇ ਇਕੱਠੇ ਕਰਨਾ

ਟਰਿੱਕ ਮਾਸਟਰ ਤਾਸ਼ ਵਿਚੋਂ ਸੋਲ੍ਹਾਂ ਪੱਤੇ ਲੈ ਕੇ ਦਰਸ਼ਕ ਨੂੰ ਪੈਕ ਕੱਟਣ ਵਾਸਤੇ ਆਖਦਾ ਹੈ। ਫੇਰ ਚਾਰ ਢੇਰੀਆਂ ਤਰਤੀਬ



ਬਾਰ ਇਕ ਇਕ ਪੱਤਾ ਰੱਖਕੇ ਚਾਰ ਚਾਰ ਪੱਤਿਆਂ ਦੀਆਂ ਬਣਾਉਂਦਾ ਹੈ। ਜਦੋਂ ਇਹ ਢੇਰੀਆਂ ਉਲਟਾਕੇ ਵੇਖੀਆਂ ਜਾਂਦੀਆਂ ਹਨ ਕਿ ਚਾਰੇ ਯੱਕੇ ਇਕ ਥਾਂ ਹੁੰਦੇ ਹਨ। ਚਾਰੇ ਬਾਦਸ਼ਾਹ ਇਕ ਥਾਂ, ਬੇਗਮਾਂ ਇਕ ਥਾਂ ਅਤੇ ਗੁਲਾਮ ਇਕ ਥਾਂ। ਦਰਸ਼ਕ ਹੈਰਾਨ ਰਹਿ ਜਾਂਦਾ ਹੈ।

**ਲੋੜੀਂਦਾ ਸਾਮਾਨ** : ਤਾਸ਼ ਦਾ ਇਕ ਪੈਕ

**ਪੂਰਵ ਤਿਆਰੀ** : ਤਾਸ਼ ਦੇ ਪੈਕ ਵਿਚੋਂ ਚਾਰੇ ਇਕੇ, ਬਾਦਸ਼ਾਹ ਬੇਗਮਾਂ ਅਤੇ ਗੁਲਾਮ (16 ਪੱਤੇ) ਅਲੱਗ ਕਰਕੇ ਬਾਕੀ ਤਾਸ਼ ਪਾਸੇ ਰੱਖ ਦੇਵੋ। ਚਿੱਤਰ ਦੀ ਤਰਤੀਬ ਅਨੁਸਾਰ ਇਨ੍ਹਾਂ ਪੱਤਿਆਂ ਨੂੰ ਚਾਰ-ਚਾਰ ਵਿਚ ਜੋੜ ਲਵੋ। ਫੇਰ ਇਕ ਢੇਰੀ ਉੱਤੇ ਦੂਜੀ, ਦੂਜੀ ਤੇ ਤੀਜੀ ਅਤੇ ਤੀਜੀ ਉੱਪਰ ਚੌਥੀ ਰੱਖ ਲਵੋ।



**ਪ੍ਰਦਰਸ਼ਨ** : ਟਰਿੱਕ ਮਾਸਟਰ ਦਰਸ਼ਕ ਨੂੰ ਇਹ ਸੋਲ੍ਹਾਂ ਪੱਤੇ ਵਿਖਾਕੇ ਤਾਸ਼ ਨੂੰ ਕੱਟਣ (ਫੈਂਟਣ) ਲਈ ਆਖਦਾ ਹੈ। "ਕਿਉਂ ਬਾਕੀ ਥੱਕ ਤਾਂ ਨਹੀਂ ਗਿਆ - ਹੋਰ ਕੱਟ ਮਾਰ ਲਏ - ਸਾਰੇ ਪੱਤੇ ਵੱਖ-ਵੱਖ ਕਰਕੇ ਪੂਰੀ ਤਸੱਲੀ ਨਾਲ" ਟਰਿੱਕ ਮਾਸਟਰ ਨੂੰ ਫੜ੍ਹਾ ਦਿੰਦਾ ਹੈ। ਉਹ ਇਸ ਉੱਪਰ ਸੱਤ ਵਾਰੀ ਹੱਥ ਘੁੰਮਾਉਂਦਾ ਹੈ। ਅੱਖਾਂ ਬੰਦ ਕਰਕੇ ਪੈਕ ਉੱਪਰ ਸੱਤ ਫੂਕਾਂ ਮਾਰਦਾ ਹੈ ਜਿਵੇਂ ਕਿਸੇ ਸ਼ਕਤੀ ਨੂੰ ਪੁਚਕਾਰ ਰਿਹਾ ਹੋਵੇ। ਫੇਰ ਇਕ ਇਕ ਕਰਕੇ ਉਪਰੋਂ ਚਾਰ ਪੱਤੇ ਮੇਜ਼ ਤੇ ਉਲਟੇ ਰੱਖਦਾ ਹੈ। ਇਸ ਨਾਲ ਚਾਰ-ਚਾਰ ਪੱਤਿਆਂ ਦੀਆਂ ਚਾਰ ਢੇਰੀਆਂ ਬਣ ਜਾਂਦੀਆਂ ਹਨ। ਜਦੋਂ ਵਾਰੀ-ਵਾਰੀ ਇਕ-ਇਕ ਢੇਰੀ ਨੂੰ ਸਿੱਧਾ ਕਰਕੇ ਵਿਖਾਇਆ ਜਾਂਦਾ ਹੈ। ਤਾਂ ਚਾਰੇ ਯੱਕੇ ਇਕ ਥਾਂ ਹੁੰਦੇ ਹਨ, ਚਾਰੇ ਬਾਦਸ਼ਾਹ ਇਕ ਥਾਂ, ਚਾਰੇ ਬੇਗਮਾਂ ਇਕ ਢੇਰੀ ਵਿਚ ਅਤੇ ਚਾਰੇ ਗੁਲਾਮ ਇਕ ਢੇਰੀ ਵਿਚ ਇਕੱਠੇ ਹੋ ਜਾਂਦੇ ਹਨ।

ਇਹ ਆਪਨੇ ਆਪ ਹੀ ਕੰਮ ਕਰਨ ਵਾਲਾ ਟਰਿੱਕ ਹੈ। ਇਸ ਲਈ ਕੋਈ ਬਹੁਤੇ ਅਭਿਆਸ ਦੀ ਲੋੜ ਨਹੀਂ ਪੈਂਦੀ।

## ਖੇਲ ਰਾਜਾ-ਰਾਣੀ ਦਾ

ਜਾਦੂਗਰ ਇਕ ਮੋਟੇ ਕਾਰਡ ਤੇ ਦਸ ਖਾਨੇ ਬਣਾਉਂਦਾ ਹੈ। ਉੱਪਰ ਅਤੇ ਨੀਚੇ ਦੇ ਦੋ-ਦੋ ਖਾਨਿਆਂ ਵਿਚ ਲਿਖਦਾ ਹੈ, 'ਰਾਣੀ'। ਫਿਰ ਉਹ ਇਸ ਕਾਰਡ ਦੇ ਦਸ ਟੁਕੜੇ ਕਰਕੇ ਇਕ ਕੋਲ ਪਏ ਡੱਬ ਦੇ ਅੰਦਰ ਪਾ ਦਿੰਦਾ ਹੈ। ਫਿਰ ਕਿਸੇ ਦਰਸ਼ਕ ਨੂੰ ਸਟੇਜ਼ ਦੇ ਉੱਪਰ ਬੁਲਾਉਂਦਾ ਹੈ ਅਤੇ ਦਰਸ਼ਕ ਨੂੰ ਇਕ-ਇਕ ਕਰਕੇ ਕਾਰਡ ਦਾ ਟੁਕੜਾ ਫੜਾਉਣ ਦੇ ਲਈ ਆਖਦਾ ਹੈ ਅਤੇ ਆਪ ਅੱਖਾਂ ਤੇ ਪੱਟੀ ਬੰਨ੍ਹ ਲੈਂਦਾ ਹੈ। ਇਸ ਤਰ੍ਹਾਂ ਦਰਸ਼ਕ ਇਕ-ਇਕ ਟੁਕੜਾ ਚੁੱਕਦਾ ਜਾਂਦਾ ਹੈ ਅਤੇ ਜਾਦੂਗਰ ਅੱਖਾਂ ਤੇ ਪੱਟੀ ਬੰਨ੍ਹੇ ਹੋਣ ਦੇ ਬਾਵਜੂਦ ਵੀ ਸਾਰੇ ਕਾਰਡ ਉੱਪਰ ਲਿਖਿਆ ਦੱਸਦਾ ਜਾਂਦਾ ਹੈ ਕਿ ਕਿਸ ਕਾਰਡ ਉੱਪਰ 'ਰਾਜਾ' ਅਤੇ ਕਿਸ ਉੱਪਰ 'ਰਾਣੀ' ਲਿਖਿਆ ਹੈ।

**ਜਾਦੂ ਦਾ ਸਾਮਾਨ** : ਪੋਸਟ ਕਾਰਡ ਦੇ ਸਾਇਜ਼ ਦਾ ਇਕ ਸਫੈਦ ਕਾਗਜ਼, ਇਕ ਖਾਲੀ ਡੱਬਾ, ਇਕ ਪੱਟੀ ਅੱਖਾਂ ਦੇ ਉੱਪਰ ਬੰਨ੍ਹਣ ਲਈ।

**ਜਾਦੂ ਦੀ ਤਿਆਰੀ** : ਪੋਸਟ ਕਾਰਡ ਦੇ ਮਾਪ ਦਾ ਸਫੈਦ ਕਾਗਜ਼ ਲਵੋ ਅਤੇ ਕਾਲੇ ਪੈਨ ਦੀ ਸਹਾਇਤਾ ਨਾਲ ਉਸ ਉੱਪਰ ਦਸ ਖਾਨੇ ਬਣਾਓ। ਉੱਪਰ ਅਤੇ ਨੀਚੇ ਦੋ-ਦੋ ਖਾਨਿਆਂ ਦੇ ਵਿਚ 'ਰਾਜਾ' ਅਤੇ 'ਰਾਣੀ' ਅਤੇ ਬਾਕੀ ਦੇ ਵਿਚਕਾਰਲੇ ਛੇ ਖਾਨਿਆਂ ਵਿਚ 'ਰਾਣੀ' ਲਿਖ ਦੇਵੋ। ਇਹ ਕਾਰਡ ਚਾਰੇ ਪਾਸੇ ਤੋਂ ਇਕ ਸਾਰ ਹੋਣਾ ਚਾਹੀਦਾ ਹੈ ਅਰਥਾਤ ਕਾਰਡ ਦਾ ਕਿਨਾਰਾ ਖੁਰਦਰਾ ਨਹੀਂ ਹੋਣਾ ਚਾਹੀਦਾ। ਇਸ ਲਈ ਤੁਸੀਂ ਕਾਰਡ ਨੂੰ ਚਾਰੇ ਪਾਸਿਓ ਕੈਂਚੀ ਨਾਲ ਕੱਟ ਲਵੋ ਜਿਸ ਨਾਲ ਕਾਰਡ ਦੇ ਕਿਨਾਰੇ ਪੱਧਰ ਹੋ ਜਾਣਗੇ। ਬਿਲਕੁੱਲ ਪੋਸਟ ਕਾਰਡ ਦੀ ਤਰ੍ਹਾਂ।

**ਜਾਦੂ ਦਾ ਪ੍ਰਦਰਸ਼ਨ** : ਸਭ ਤੋਂ ਪਹਿਲਾਂ ਦਰਸ਼ਕਾਂ ਨੂੰ 'ਰਾਜਾ', 'ਰਾਣੀ' ਲਿਖਿਆ ਕਾਰਡ ਦਿਖਾਓ ਅਤੇ ਫਿਰ ਇਸ ਕਾਰਡ ਨੂੰ ਹੱਥ ਦੇ ਨਾਲ ਕਾਰਡ ਤੇ ਮਾਰੀਆਂ ਹੋਈਆਂ ਲਾਈਨਾਂ ਦੇ ਅਨੁਸਾਰ ਫਾੜ ਦਿਓ। ਹੱਥ ਨਾਲ ਫਾਟਣ ਤੇ ਛੋਟੇ ਟੁਕੜਿਆਂ ਦੇ ਕਿਨਾਰੇ ਖੁਰਦਰੇ ਹੋ ਜਾਣਗੇ। 'ਰਾਜੇ' ਵਾਲੇ ਕਾਰਡਾਂ ਦੇ ਦੋ ਕਿਨਾਰੇ ਪੱਧਰ ਹੋਣਗੇ ਅਤੇ ਦੋ ਕਿਨਾਰੇ ਖੁਰਦਰੇ ਅਤੇ 'ਰਾਣੀ' ਵਾਲੇ ਛੋਟੇ ਕਾਰਡਾਂ ਦੇ ਤਿੰਨ ਕਿਨਾਰੇ ਖੁਰਦਰੇ ਅਤੇ ਇਕ ਕਿਨਾਰਾ ਪੱਧਰ ਹੋਵੇਗਾ। ਜਦੋਂ ਤੁਸੀਂ ਕਾਰਡ ਨੂੰ ਆਪਨੇ ਹੱਥਾਂ ਨਾਲ ਪਾੜੋਗੇ ਤਾਂ ਤੁਹਾਨੂੰ ਇਹ ਸਟੇਜ਼ ਪ੍ਰਾਪਤ ਹੋ ਜਾਵੇਗੀ।

ਹੁਣ ਤੁਸੀਂ ਇਹ ਛੋਟੇ-ਛੋਟੇ ਕਾਰਡ ਦੇ ਟੁਕੜੇ ਇਕ ਡੱਬੇ ਦੇ ਅੰਦਰ ਪਾ ਦਿਓ ਅਤੇ ਕਿਸੇ ਦਰਸ਼ਕ ਨੂੰ ਸਟੇਜ਼ ਤੇ ਬੁਲਾਓ। ਫਿਰ ਉਸ ਨੂੰ ਕਹੋ ਕਿ ਉਹ ਇਕ-ਇਕ ਕਰਕੇ ਕਿਵੇਂ ਇਸ ਡੱਬੇ ਦੇ ਵਿਚੋਂ ਕਾਰਡ ਦਾ ਟੁਕੜਾ ਚੁਕੇਗਾ। ਫਿਰ ਤੁਸੀਂ ਆਪਨੀਆਂ ਅੱਖਾਂ ਤੇ ਪੱਟੀ ਬੰਨ੍ਹ ਲਵੋ। ਹੁਣ ਦਰਸ਼ਕ ਨੂੰ ਡੱਬੇ ਦੇ ਵਿਚੋਂ ਕਾਰਡ ਦਾ ਟੁਕੜਾ ਚੁਕਣ ਦੇ ਲਈ ਆਖੋ। ਦਰਸ਼ਕ ਤੁਹਾਨੂੰ ਕੋਈ ਵੀ ਟੁਕੜਾ ਚੁੱਕ ਦੇ ਦਿੰਦਾ ਹੈ ਤਾਂ ਤੁਸੀਂ ਉਸ ਟੁਕੜੇ ਨੂੰ ਆਪਨੇ ਹੱਥ ਵਿਚ ਪਕੜ ਲਵੋ ਅਤੇ ਇਸ ਦੇ ਕਿਨਾਰਿਆਂ ਤੇ ਹੱਥ ਫੇਰ ਦੇਖੋ ਜੇਕਰ ਕਾਰਡ ਦੇ ਦੋ ਕਿਨਾਰੇ ਪੱਧਰ ਹਨ ਅਤੇ ਦੋ ਕਿਨਾਰੇ ਖੁਰਦਰੇ ਤਾਂ ਇਹ 'ਰਾਜੇ' ਵਾਲਾ ਕਾਰਡ ਦਾ ਟੁਕੜਾ ਹੈ ਪਰ ਜੇਕਰ ਇਸ ਕਾਰ ਦੇ ਟੁਕੜੇ ਦੇ ਤਿੰਨ ਕਿਨਾਰੇ ਖੁਰਦਰੇ ਅਤੇ ਇਕ ਕਿਨਾਰਾ ਪੱਧਰ ਹੈ ਤਾਂ ਇਹ 'ਰਾਣੀ' ਵਾਲਾ ਕਾਰਡ ਦਾ ਟੁਕੜਾ ਹੈ। ਇਹ ਨਰੀਖਣ ਕਰਨ ਤੋਂ ਬਾਅਤ ਤੁਸੀਂ ਉਸ ਕਾਰਡ ਦੇ ਟੁਕੜੇ ਉੱਪਰ ਲਿਖੇ 'ਰਾਜਾ' ਜਾਂ 'ਰਾਣੀ' ਨੂੰ ਘੋਸ਼ਿਤ ਕਰ ਸਕਦੇ ਹੋ। ਦਰਸ਼ਕ ਤੁਹਾਡੀ ਇਸ ਜਾਦੂਗਰੀ ਦੀ ਪ੍ਰਸ਼ੰਸਾ ਕਰਨਗੇ। ਇਸੇ ਤਰ੍ਹਾਂ ਤੁਸੀਂ ਸਾਰੇ ਦੇ ਸਾਰੇ ਕਾਰਡਾਂ ਦੇ ਟੁਕੜਿਆਂ ਉੱਪਰ ਲਿਖੇ 'ਰਾਜਾ' ਜਾਂ 'ਰਾਣੀ' ਨੂੰ ਕਾਰਡਾਂ ਦੇ ਟੁਕੜਿਆਂ ਨੂੰ ਸਪਰਸ਼ ਕਰਕੇ ਦੱਸ ਸਕਦੇ ਹੋ।

ਸਾਰੇ ਦਰਸ਼ਕ ਹੈਰਾਨ ਹੋ ਜਾਣਗੇ।

# ਗਰੀਬਾਂ ਦੀ ਬੂੰਦੀ ਉਡਾਉਂਦੇ ਬਾਦਲ ਦੀ ਪੁਲੀਸ ਦੇ ਜੁਆਨ

ਦਿੱਲੀ ਵਾਲੇ ਰੇਪ ਕੇਸ, ਪਟਿਆਲੇ 'ਚ ਰੇਪ ਤੋਂ ਤੰਗ ਆ ਕੇ ਕਿਸੇ ਧੀ ਦਾ ਮਰਨਾ ਤੇ ਫਿਰ ਅਮ੍ਰਿਤਸਰ ਦੇ ਪੁਲਸ ਦੇ ਠਾਣੇਦਾਰ ਨੂੰ ਵੀ ਸਿਆਸੀ ਗੁੰਡਿਆਂ ਵਲੋਂ ਸ਼ਰ੍ਹੇਆਮ ਗੋਲੀਆਂ ਨਾਲ ਮਾਰਨ ਦੀ ਗੱਲ ਅਜੇ ਚਲਦੀ ਹੀ ਹੈ; ਤੇ ਹੁਣ ਫਰਿਆਦੀ ਬਾਪ-ਧੀ 'ਤੇ ਤਰਨਤਾਰਨ ਦੀ ਪੁਲਸ 'ਚ ਗੈਰਮਨੁੱਖੀ ਕਹਿਰ ਢਾਹਿਆ। ਪੰਜਾਬ ਦੀ ਜਨਤਾ ਦੀ 'ਚੰਗੀ ਤਰ੍ਹਾਂ' ਸੇਵਾ ਵਿੱਚ ਲੱਗੀ ਪੰਜਾਬ ਪੁਲੀਸ ਵੱਲੋਂ ਡਾਂਗਾਂ ਅਤੇ ਧੌਲ-ਧੱਫ਼ਿਆਂ ਨਾਲ ਇੱਕ ਬਾਪ ਅਤੇ ਉਸ ਦੀ ਨੌਜਵਾਨ ਬੇਟੀ ਤੇ ਕਹਿਰ ਦਾ ਨੰਗਾ ਨਾਚ ਹੁੰਦਾ ਇੰਟਰਨੈਟ 'ਤੇ ਵੇਖਿਆ। ਹਾਏ! ਇਸ ਅਖੌਤੀ ਆਜ਼ਾਦ ਭਾਰਤ ਵਿੱਚ ਗਰੀਬਾਂ ਦੀ ਇੰਨੀ ਮਾੜੀ ਦਸ਼ਾ? ਇਥੇ ਇਹ ਗੱਲ ਵੀ ਕਰਨ ਵਾਲੀ ਹੈ ਕਿ ਗਰੀਬੀ ਪਰਖਣ ਲਈ ਕਿਸੇ ਪੈਮਾਨੇ ਦੀ ਜਰੂਰਤ ਨਹੀਂ ਹੁੰਦੀ, ਚਿਹਰੇ ਅਤੇ ਜਿਸਮ ਦਾ ਲਿੱਸਾ ਅਤੇ ਮਾੜਕੂਪਣ ਅਤੇ ਤਨਢੱਕੇ ਪਹਿਰਾਵੇ ਨਾਲ ਝੱਟ ਪਤਾ ਲੱਗ ਜਾਂਦਾ ਹੈ। ਹਾਂ ਪੱਕਾ ਰੰਗ ਵੀ ਜ਼ਿਆਦਾਤਰ ਉਹਨਾਂ ਲੋਕਾਂ ਦਾ ਹੀ ਹੈ, ਜੋ ਹਜ਼ਾਰਾਂ ਸਾਲ ਨੀਲੇ ਅਸਮਾਨ ਹੇਠ ਬਿਨਾਂ ਕਿਸੇ ਹੱਕ, ਜਾਇਦਾਦ, ਪਾਣੀਆਂ ਦੇ ਕਾਛਲ੍ਹੇ, ਜੋ ਮਿਲਿਆ ਜਾਂ ਪਸ਼ੂ ਪੰਛੀਆਂ ਦਾ ਸ਼ਿਕਾਰ ਕਰਕੇ ਪਾਪੀ ਪੇਟ ਦੀ ਅੱਗ ਬੁਝਾਉਂਦੇ ਰਹੇ। ਵੈਦਕ ਪ੍ਰਣਾਲੀ ਨੇ ਵਰਣ ਵੰਡ ਕਰਕੇ ਇਸ ਖਿੱਤੇ ਵਿੱਚ ਮਨੁੱਖਤਾ ਲੀਰਾਂ ਵਾਂਗ ਪਾੜੀ ਰੱਖੀ ਅਤੇ ਆਪ ਪ੍ਰਿਥਮ ਬਣ ਕੇ ਆਨੰਦ ਮਾਣਦੇ ਰਹੇ। ਇਹ ਪੰਜਵਾਂ ਵਰਣ ਕਿਸੇ ਵੀ ਮਾੜੀ ਮੋਟੀ ਕੁਤਾਹੀ ਜਾਂ ਖੁਨਾਮੀ ਕਰਨ ਵਾਲਿਆਂ ਤੋਂ ਹੁੱਕਾ ਪਾਣੀ ਬੰਦ ਕਰਵਾ ਲੈਂਦਾ ਰਿਹਾ ਤੇ ਸਾਰੀ ਚੱਲ-ਅਚੱਲ ਮਾਲਕੀ ਤੋਂ ਵਿਰਵੇ ਕੀਤੇ ਜਾਂਦੇ ਸੀ। ਸਮਾਜਿਕ ਬਾਈਕਾਟ ਉਹਨਾਂ ਨੂੰ ਮਜ਼ਬੂਰ ਕਰ ਦਿੰਦਾ ਅਤੇ ਉਹ ਉਹਨਾਂ ਵਿੱਚ ਹੀ ਜਾ ਕੇ ਰਹਿੰਦੇ ਜਿਥੇ ਉਹਨਾਂ ਵਰਗੇ ਪਹਿਲਾਂ ਹੀ ਲੋਕ ਜੂਨ ਗੁਜ਼ਾਰਾ ਕਰਦੇ ਸਨ। ਸ੍ਹੁੰਗ ਵੰਸ਼ ਦੇ ਸੈਨਾਪਤੀ ਪੁਸ਼ਪਮਿੱਤਰ ਨੇ ਅਸ਼ੋਕ ਮਹਾਨ ਦੇ ਪੋਤਰੇ ਬ੍ਰਿਦ੍ਹਦ ਦਾ ਧੋਖੇ ਨਾਲ ਕਤਲ ਕਰਕੇ ਮੁੜ ਸੱਤਾ ਹਥਿਆਈ ਸੀ। ਇਸ ਰਾਜ ਵਿੱਚ ਮੰਨੂ ਮਹਾਰਾਜ ਨੇ ਮਨੂਸਿਮ੍ਰਤੀ ਲਿਖੀ। ਪੰਚਾਇਤ ਰਾਜ ਉਸ ਦੀ ਹੀ ਉਪਜ ਹੈ ਅਤੇ ਜੋ ਭਾਰਤ ਅਤੇ ਭਾਰਤ ਤੋਂ ਵੱਖ ਹੋਏ ਮੁਲਕਾਂ ਵਿੱਚ ਹੀ ਹੈ, ਦੁਨੀਆਂ ਦੇ ਕਿਸੇ ਵੀ ਹੋਰ ਖਿੱਤੇ ਵਿੱਚ ਨਹੀਂ। ਉੱਚੀ ਜਾਤ ਵਾਲਿਆਂ ਨੂੰ ਹੱਕ ਦੇ ਕੇ ਜਾਤੀ-ਪ੍ਰਥਾ ਦਾ ਡੰਡਾ ਹੋਰ ਮਜ਼ਬੂਤ ਕਰ ਦਿੱਤਾ ਗਿਆ। ਹਜ਼ਾਰਾਂ ਸਾਲਾਂ ਬਾਅਦ ਅੰਗਰੇਜ਼ ਰਾਜ ਦੇ ਭਾਰਤ ਵਿੱਚੋਂ ਖ਼ਾਤਮੇ ਮਗਰੋਂ ਪੰਜਵੇਂ ਵਰਨ ਨੂੰ ਸੰਵਿਧਾਨ ਵਿੱਚ ਰਾਖਵਾਂਕਰਨ ਦੇ ਕੇ ਵੋਟ, ਸਕੂਲ, ਨੌਕਰੀ, ਅਤੇ ਜਾਇਦਾਦ ਰੱਖਣ ਦਾ ਹੱਕ ਲਿਖਤੀ ਰੂਪ ਵਿੱਚ ਮਿਲਿਆ। ਪਰ ਸਦੀਆਂ ਦੇ ਰੜ੍ਹੇ ਹੋਏ ਚੰਮ ਤਾਂ ਹੌਲੀ ਹੌਲੀ ਬਦਲਣਗੇ।

ਨੰਨ੍ਹੀ ਛਾਂ ਤੇ ਹਲੀਮੀ ਰਾਜ ਦੇ ਦਾਅਵੇ ਥੋਥੇ ਨੇ। ਖੋਖਲੇ ਨੇ। ਇਹ ਹੁਣ ਦੋ-ਚਾਰ ਦਿਨ ਲੋਲੋ-ਪੋਪੋ ਕਰਨਗੇ। ਠਾਣੇ ਵਾਲੇ ਪੀੜਤਾਂ ਨੂੰ ਹੋਰ ਕੇਸਾਂ 'ਚ ਫਸਾਉਣ ਦੇ ਡਰਾਵੇ ਦੇ ਕੇ ਕੇਸ ਵਾਪਿਸ ਲੈਣ ਤੇ ਜੋਰ ਪਾਉਣਗੇ। ਪਰਨਾਲਾ ਉਥੇ ਦਾ ਉਥੇ ਹੀ ਰਹੇਗਾ। ਸੁਆਲਾਂ ਦਾ ਸੁਆਲ ਹੈ: ਆਏ ਦਿਨ ਬਿਨਾਂ ਕਿਸੇ ਡਰ ਡੁੱਕਰ ਦੇ ਸਰਕਾਰੀ ਤੇ ਸਮਾਜਿਕ ਅਨਸਰ ਦਾ ਹਿੱਕ ਧੱਕਾ ਇਸ ਭਾਈਚਾਰੇ ਨਾਲ਼ ਹੀ ਕਿਓਂ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਬਾਕੀ ਦਾ ਸਮਾਜ ਬੰਦੇ ਹੀ ਨਹੀਂ ਸਮਝਦਾ, ਉਨ੍ਹਾਂ ਦੀ ਤਰਫ਼ਦਾਰੀ ਕੌਣ ਕਰੇ? ਕਨੂੰਨ ਕਿਸੇ ਗਰੀਬ ਦੀ ਰਾਖੀ ਕਿੰਨੀ ਕੁ ਕਰਦਾ ਹੈ,




ਸੱਭ ਜਾਣੀ ਜਾਣ ਹੋ। ਰਾਜੇ ਸ਼ੀਂਹ ਮੁਕੱਦਮ ਕੁੱਤੇ ਦੇ ਬੋਲ ਉਠਾਉਣ ਵਾਲੇ ਬਾਬੇ ਨਾਨਕ ਦੇ ਪੈਰੋਕਾਰਾਂ ਨੇ ਵੋਟਾਂ ਲੈਣ ਵੇਲੇ ਤਾਂ ਹੱਥ ਜੋੜੇ ਹੋਣਗੇ ਪਰ ਹੁਣ ਕੁਝ ਨਹੀਂ ਕਰਨਗੇ; ਅਣਗੌਲਣਗੇ, ਨਾ ਕਿਸੇ ਨੂੰ ਮਿਲਣਗੇ ਨਾ ਫੋਨ ਚੱਕਣਗੇ। ਦਲਿਤਾਂ ਵਿਚਲੀਆਂ ਵੰਡੀਆਂ ਕਾਰਨ ਹੁਣ, ਥੋੜਾ ਚਿਰ ਪਹਿਲਾਂ ਹੋਏ ਆਸਟਰੀਆਂ ਕਤਲ ਕੇਸ ਵਾਂਗ, ਭੜਥੂ ਨਹੀਂ ਪੈਣਾ। ਪ੍ਰਸ਼ਾਸ਼ਨ ਦੀ ਨੀਂਦ ਹਰਾਮ ਨਹੀਂ ਹੋਣੀ।

ਬਾਪ ਦੀ ਦੁਰਦਸ਼ਾ ਨਾ ਸਹਾਰਦੀ ਧੀ ਆਪਣੇ ਬਾਪ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਿੱਚ ਆਪ ਵੀ ਗੰਦੀਆਂ ਗਾਲਾਂ ਅਤੇ ਮਾਰ ਕੁਟਾਈ ਦਾ ਸ਼ਿਕਾਰ ਹੋਈ। ਇਸ ਧੀ ਧਿਆਣੀ ਨੂੰ ਦੋ 'ਸੂਰਮੇ' ਪੁਲੀਸ ਵਾਲੇ ਡਾਂਗਾਂ ਅਤੇ ਧੌਲਾਂ ਨਾਲ ਤੜਫ਼ਾ ਰਹੇ ਹਨ। ਉਸ ਦੀ ਜਾਤ ਦਾ ਨਾਂ ਲੈ ਲੈ ਕੇ ਆਖਦੇ ਸਨ ਕਿ "ਚੱਲ ਕੁੱਤੀਏ ਚ..ਏ ਤੁਹਾਨੂੰ ਥਾਣੇ ਲਿਜਾਕੇ ਲੰਮਿਆਂ ਪਾਉਂਦੇ ਹਾਂ।" ਰਿਸ਼ਤੇਦਾਰਾਂ ਨੂੰ ਵੀ ਮੰਦਾ-ਚੰਗਾ ਬੋਲਦੇ ਨੇ। ਕੁਟ-ਮਾਰ ਤੋਂ ਬਾਅਦ ਬਾਪ ਵਿਚਾਰਾ ਧਰਤੀ 'ਤੇ ਡਿੱਗਿਆ ਉਠ ਕੇ ਆਪਣੇ ਸਿਰ ਉਤੇ ਨੀਲੇ ਰੰਗ ਦੀ ਰੁਲੀ ਹੋਈ ਦਸਤਾਰ ਮੁੜ ਸਿਰ ਉਤੇ ਬੰਨ੍ਹ ਲੈਂਦਾ ਹੈ। ਸ਼ਾਇਦ ਇਸ ਨੀਲੇ ਰੰਗ ਕਰਕੇ ਉਹ ਆਪਣੇ ਆਪ ਨੂੰ ਮੌਜੂਦਾ ਸਰਕਾਰ ਦਾ ਸਾਥੀ ਜਾਂ ਨੇੜਿਓਂ ਜਾਂ ਵਰਗਾ ਸਮਝਦਾ ਹੋਵੇ ਅਤੇ ਥਾਣੇ ਲਿਜਾ ਕੇ ਵੀ ਇਸ ਗੱਲ ਉਤੇ ਹੀ ਦਬਾਅ ਪਾਇਆ ਕਿ "ਇਹ ਗੱਲ ਬਾਹਰ ਨਾ ਜਾਵੇ, ਨਹੀਂ ਤਾਂ .........।" ਠਾਣੇਦਾਰ ਸਾਹਿਬ, ਬਿਲਕੁਲ ਮੁਕਰ ਗਏ: ਅਖੇ ਪੁਲਸ ਨੇ ਕੁਝ ਵੀ ਨਹੀਂ ਕੀਤਾ, ਉਨ੍ਹਾਂ ਦਾ ਕੋਈ ਆਪਸੀ ਝਗੜਾ ਹੋਇਆ ਸੀ।

ਪੰਜਾਬ ਜਾਂ ਹੋਰ ਸੂਬਿਆਂ ਵਿੱਚ ਔਰਤ ਦੀ ਖਾਸ ਕਰ ਕਮਜ਼ੋਰ ਵਰਗ ਦੀਆਂ ਔਰਤਾਂ ਦੀ ਜੋ ਦਾਸਤਾਨ ਵਾਰ ਵਾਰ ਗੈਂਗ ਰੇਪ, ਉਧਾਲਾਪਣ ਅਤੇ ਜ਼ਬਰੀ ਬਲਾਤਕਾਰਾਂ ਦਾ ਸਿਲਸਿਲਾ ਚੱਲ ਰਿਹਾ ਹੈ ਇਹ



ਤਲਵਿੰਦਰ ਸਿੰਘ ਸੱਭਰਵਾਲ

ਬਹੁਤ ਹੀ ਨਿੰਦਣਯੋਗ ਹੈ। ਪੰਜਾਬੀ ਦੀ ਕਹਾਵਤ ਹੈ ਕਿ "ਕੱਟੇ ਨੇ ਤਾਂ ਕਿੱਲੇ ਦੇ ਜ਼ੋਰ ਹੀ ਤੀਂਗੜਣਾ ਹੁੰਦਾ"। ਇਹ ਗੁੰਡਿਆਂ ਦੇ ਜੋ ਬਣਾਏ ਹੋਏ ਬ੍ਰਿਗੇਡ ਹਨ, ਸੈਨਾਵਾਂ ਹਨ, ਦਲ ਹਨ, ਸੰਗਠਨ ਹਨ, ਇਹ ਭ੍ਰਿਸ਼ਟਾਚਾਰ ਦੇ ਫੁੰਕਾਰੇ ਮਾਰ ਰਹੇ ਨਾਗ ਦੇ ਰਾਖੇ ਹਨ। ਇਹਨਾਂ ਵਿੱਚ ਭਰਤੀ ਲੋਕ ਹਮੇਸ਼ਾਂ ਵਰਤੇ ਜਾਂਦੇ ਹਨ ਪਰ ਆਪਣੇ ਆਪ ਨੂੰ ਇਸ ਸੰਗਠਨ ਵਿੱਚ ਹੋਣ ਕਰਕੇ ਜ਼ਿਆਦਾ ਤਾਕਤਵਰ ਸਮਝਦੇ ਰਹਿੰਦੇ ਹਨ। ਬਦਲਾਖੋਰੀ ਅਤੇ ਉਤਲੇ ਮਾਲਕਾਂ ਦੀ ਛਵੀ ਚਮਕਾਉਣ ਲਈ ਇਹ ਗੁੰਡਾਗਰਦੀ ਲਈ ਹਰ ਵੇਲੇ ਤਿਆਰ ਰਹਿੰਦੇ ਹਨ। ਜਿਵੇਂ ਅੱਜ ਕੱਲ ਕਲੀਨਸ਼ੇਵ, ਗੋਟੀਆਂ, ਖਤਾਂ ਵਾਲੇ, ਜਾਂ ਕੰਨਾਂ ਵਿੱਚ ਮੁੰਦਰਾਂ ਪਾਕੇ ਪੰਜਾਬ ਦੇ ਅੰਦਰ ਜਾ ਬਾਹਰ ਜਥੇਦਾਰ ਸਾਹਿਬ ਬਣੇ ਘੁੰਮ ਰਹੇ ਹਨ। ਇਹਨਾਂ ਦੀ ਸ਼ਹਿ 'ਤੇ ਜਾਂ ਸਾਥੀ ਪੁਲੀਸ ਕਰਮੀ ਵੀ ਹੋ ਸਕਦੇ ਹਨ।

ਏਦਾਂ ਹੀ ਵਾਕਿਆ ਤਰਨ ਤਾਰਨ ਦੇ ਇੱਕ ਮੈਰਿਜ ਪੈਲੇਸ ਵਿੱਚ ਚੱਲ ਰਹੇ ਇੱਕ ਵਿਆਹ ਸਮਾਗਮ ਵਿੱਚ ਵਾਪਰਿਆ। ਖ਼ਬਰਾਂ ਮੁਤਾਬਿਕ ਕੁਝ ਟੈਕਸੀ ਚਾਲਕਾਂ ਤੇ ਉਨ੍ਹਾਂ ਦੇ ਜੁੰਡੀਦਾਰਾਂ ਨੇ ਵਿਆਹ ਵੇਖਣ ਆਏ ਇੱਕ ਸਾਬਕਾ ਫੌਜੀ ਦੀ ਧੀ ਨਾਲ ਹਾਲ ਵਿੱਚ ਛੇੜ-ਛਾੜ ਕੀਤੀ। ਲੜਕੀ ਨੇ ਆਪਣੇ ਬਾਪ ਨੂੰ ਜਾ ਦੱਸਿਆ। ਹਰ ਗ਼ੈਰਤਮੰਦ ਬਾਪ ਜਾਂ ਭਾਈ ਲਈ ਇਹੋ ਜਿਹੀ ਹੱਤਕ ਝੱਲਣੀ ਮੁਸ਼ਕਿਲ ਹੁੰਦੀ ਹੈ। ਉਸੇ ਤਰ੍ਹਾਂ ਤਰ੍ਹਾਂ ਹੀ ਬਾਪ ਨੇ ਜਦੋਂ ਗੁੰਡਿਆਂ ਨੂੰ ਪੁੱਛ-ਤਾਸ਼ ਕੀਤੀ ਤਾਂ ਤਕਰਾਰ ਹੋ ਗਿਆ। ਗੁੰਡਿਆਂ ਨੇ ਪੁਲੀਸ ਬੁਲਾ ਲਈ। ਜਿਸ ਨੇ ਆਣ ਕੇ ਹਾਲ ਵਿੱਚੋਂ ਉਸ ਬਾਪ ਨੂੰ ਧੂਹ ਲਿਆ। ਬੇਟੀ ਅਤੇ ਪਰਿਵਾਰ ਨੇ ਪੁਲੀਸ ਤਸ਼ੱਦਦ ਤੋਂ ਬਾਪ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਿੰਨ੍ਹਾਂ ਦੀ ਮਾਰ ਕੁਟਾਈ ਵੀ ਕੀਤੀ ਗਈ। ਇਸ ਸਾਰੇ ਘਟਨਾਕ੍ਰਮ ਦੀ ਮੂਵੀ ਬਣਾ ਕੇ ਵਿਆਹ ਦੀ ਵੀਡੀਓ ਬਣਾ ਰਹੇ ਕੈਮਰੇ ਵਾਲੇ ਨੇ ਇੰਟਰਨੈਟ ਉਤੇ ਪਾ ਦਿੱਤੀ ਤਾਂ ਕਿ ਪੁਲੀਸ ਚਾਹੁੰਦਿਆਂ ਹੋਇਆਂ ਵੀ ਮੁਕਰ ਨਾ ਸਕੇ ਕਿ ਉਹਨਾਂ ਦਾ ਕਿਸੇ ਇਹੋ ਜਿਹੇ ਹੰਗਾਮੇ ਨਾਲ ਵਾਹ ਵਾਸਤਾ ਹੈ। ਜੇਕਰ ਇਹ ਕੈਮਰਾ ਬੰਦ ਖ਼ਬਰ ਨਾ ਹੁੰਦੀ ਤਾਂ ਇਹ ਵੀ ਅਨੇਕਾਂ ਵਾਪਰ ਰਹੀਆਂ ਵਾਰਦਾਤਾਂ ਵਾਂਗ ਗਾਇਬ ਖ਼ਬਰ ਹੁੰਦੀ। ਲੋਕਤੰਤਰ ਦੇ ਨਾਂ ਹੇਠ ਇਹ ਰਾਜਾ ਸ਼ਾਹੀ, ਕਮਜ਼ੋਰ ਜਨਤਾ ਨੂੰ ਦੇਣ ਹੈ। ਪਗੜੀ, ਟੋਪੀ, ਧੋਤੀ ਦਾ ਰੰਗ ਭਾਵੇਂ ਕੋਈ ਵੀ ਹੋਵੇ ਇਹ ਇੱਕ ਹੀ ਜਮਾਤ ਦੇ ਜ਼ਾਲਮ ਲੋਕ ਹਨ ਜਿੰਨ੍ਹਾਂ ਨੂੰ ਇਹ ਲਾਲਚੀ, ਜ਼ਮੀਰ ਤੋਂ ਗਿਰੀ ਹੋਈ ਜਨਤਾ, ਚੰਦ ਸਿੱਕਿਆਂ, ਡੋਡਿਆਂ, ਸ਼ਰਾਬ ਦੇ ਘੁੱਟ ਬਦਲੇ ਚੁਣ ਕੇ ਆਉਣ ਵਾਲੇ 4-5 ਸਾਲਾਂ ਲਈ ਆਪਣੀ ਨਕੇਲ ਫੜਾ ਦਿੰਦੇ ਹਨ। ਪੱਛੜੇ ਵਰਗਾਂ ਦੇ ਅਫ਼ਸਰ ਅਤੇ ਚੁਣੇ ਹੋਏ ਸਿਆਸੀ ਲੀਡਰ ਵੀ ਜ਼ਿਆਦਾਤਰ ਇਹਨਾਂ ਜ਼ਾਲਮ ਹਾਕਮਾਂ ਵਾਂਗ ਹੀ ਬੋਲਦੇ ਹਨ। ਬਹੁਤਿਆਂ ਦਾ ਪਿਛੋਕੜ ਆਰਥਿਕ ਪੱਖੋਂ ਮਜ਼ਬੂਤ ਨਾ ਹੋਣ ਕਰਕੇ, ਛੁੱਟੀ ਹੋਣ ਤੋਂ ਬਾਅਦ ਕੀ ਕਰਾਂਗੇ ਦਾ ਡਰ, ਹਾਂ ਵਿੱਚ ਹਾਂ ਪਾਉਣ ਲਈ ਮਜਬੂਰ ਵੀ ਕਰ ਦਿੰਦਾ ਹੈ। ਬੇਜ਼ਮੀਨੇ ਕਿਸਾਨ, ਮਜ਼ਦੂਰ ਅਤੇ ਹਰ ਕਿਰਤੀ ਪਾਸ ਹੁਣ ਇੱਕੋ ਹੀ ਹਥਿਆਰ ਹੈ ਜੋ ਇਸ ਗੰਦੇ, ਭ੍ਰਿਸ਼ਟ, ਨੀਚ, ਅਤੇ ਬੁਰਛਾਗਰਦੀ ਭਰੇ ਨਿਜ਼ਾਮ ਤੋਂ ਮੁਕਤੀ ਦਵਾ ਸਕਦਾ ਹੈ ਉਹ ਹੈ ਪੜ੍ਹਾਈ, ਸਿਰਫ਼ ਪੜ੍ਹਾਈ ਹੀ ਹੈ ਜਿਸ ਨਾਲ ਇਸ ਨਰਕੀ ਵਰਤਾਰੇ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਪੜ੍ਹਾਈ ਦਾ ਮਿਆਰ ਹਰ ਇੱਕ ਵਿਦਿਆਰਥੀ ਲਈ ਬਰਾਬਰ ਦਾ ਹੋਣਾ ਲਾਜ਼ਮੀ ਹੈ। ਨਹੀਂ ਤਾਂ ਇਹਨਾਂ ਭੇਖਧਾਰੀ ਬੀਬੀਆਂ ਸ਼ਕਲਾਂ ਵਾਲਿਆਂ ਦੇ ਰਾਜ ਵਿੱਚ ਕਮਜ਼ੋਰ ਜਨਤਾ ਦੀਆਂ ਧੀਆਂ-ਭੈਣਾਂ ਦਾ ਵਹਿਸ਼ੀਆਨਾ ਤਰੀਕੇ ਨਾਲ ਸ਼ਿਕਾਰ ਇਸੇ ਤਰ੍ਹਾਂ ਹੀ ਖੇਡਿਆ ਜਾਣਾ ਹੈ। ਇਹ ਆਪਣੀ ਭੋਂਅ ਮਾਲਕੀ ਅਤੇ ਧਾਰਮਿਕ ਪਕੜ ਕਰਕੇ ਸਦੀਆਂ ਤੋਂ ਬ੍ਰਹਮ ਸੇਵਕ (ਧਰਮ ਇਹਨਾਂ ਨੂੰ ਇਸ ਗੰਦ ਤੋਂ ਮੁਕਤ ਕਰਕੇ ਭਾਈ ਬਣਕੇ ਰਹਿਣ ਦੀ ਸਿੱਖਿਆ ਦਿੰਦਾ ਹੈ) ਬਣ ਕੇ ਪੇਂਡੂ ਕਮਜ਼ੋਰ ਵਰਗਾਂ ਦਾ ਮਾਨਸਿਕ, ਜਿਸਮਾਨੀ, ਅਤੇ ਆਰਥਿਕ ਸ਼ੋਸ਼ਣ ਕਰਦੇ ਆਏ ਹਨ ਅਤੇ ਕਰਦੇ ਰਹਿਣਗੇ। ਕਦੇ ਕਿਸੇ ਧਨਾਢ ਜਾਂ ਉਚ ਜਾਤੀ ਦੇ ਨਾਲ ਅਜਿਹਾ ਵਾਕਿਆ ਨਹੀਂ ਹੋਇਆ। ਇਹ ਹੁਣ ਕਾਮੀ ਹਵਸ ਦੇ ਭੁੱਖੇ ਨੀਚ ਕੁੱਤਿਆਂ ਵਾਂਗ ਗੁੱਟਾਂ ਵਿੱਚ ਰਲ ਕੇ ਔਰਤਾਂ 'ਤੇ ਹਮਲੇ ਕਰਦੇ ਹਨ। ਤੁਹਾਡੀ ਕਿਸੇ ਨੇ ਬਾਂਹ ਫੜਨ ਨਹੀਂ ਆਉਣਾ, ਪੁਲੀਸ ਦੀ ਮਨੁੱਖਤਾ ਲਈ ਸੇਵਾ ਅਸੀਂ-ਤੁਸੀਂ ਬਥੇਰੀ ਵੇਖ ਲਈ ਹੈ। ਹੁਣ ਉਠਣ ਦਾ ਵੇਲਾ ਹੈ। ਇਸ ਲਈ ਇੱਕੋ ਹੀ ਰਾਹ ਹੈ ਕਿ ਇੱਕਜੁੱਟ ਹੋ ਕੇ ਆਪਣੀ ਰੱਖਿਆ ਆਪ ਕਰੋ ਔਰਤਾਂ ਦੇ ਸਵੈ-ਰੱਖਿਆ ਲਈ ਮਜ਼ਬੂਤ ਕਿਸਮ ਦੇ ਸੰਗਠਨ ਬਣਾਓ।


**ਆਪਣੇ ਬੱਚਿਆਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਡਾ. ਜਤਿੰਦਰਪਾਲ ਦੁਆਰਾ ਲਿਖੀਆਂ ਹੇਠ ਲਿਖੀਆਂ ਕਿਤਾਬਾਂ ਜ਼ਰੂਰ ਪੜ੍ਹਾਓ**




ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

# ਜਦੋਂ ਪੰਜਾਬ ਕੈਲੇਫੋਰਨੀਆ ਬਣਿਆ

ਮੇਘ ਰਾਜ ਮਿੱਤਰ
ਫੋਨ ਨੰ: 98887-87440



ਸੋਹਣ ਦੇ ਇੱਕੀ ਵਰ੍ਹਿਆ ਦੇ ਇਕਲੌਤੇ ਸਪੁੱਤਰ ਨੂੰ ਸੜਕ ਦੇ ਵਿਚਕਾਰ ਖੜ੍ਹੀ ਸੀਵਰੇਜ ਦੀ ਸਫ਼ਾਈ ਕਰਨ ਵਾਲੀ ਮਸ਼ੀਨ ਅਤੇ ਡਾਕਟਰਾਂ ਦੀ ਲਾਪਰਵਾਹੀ ਖਾ ਗਈ। ਅਫਸੋਸ ਲਈ ਗਿਆ ਹੀ ਸੀ ਕਿ ਮੇਰੇ ਪੁੱਤਰ ਦਾ ਮੈਸਿਜ਼ ਆ ਗਿਆ ਕਿ ਪਟਿਆਲੇ ਦਰਸ਼ਨ ਦਾ ਇਕਲੌਤਾ ਪੁੱਤਰ ਵੀ ਆਪਣੇ ਦੋਸਤ ਸਮੇਤ ਟਰੱਕ ਐਕਸੀਡੈਂਟ ਦਾ ਸ਼ਿਕਾਰ ਹੋ ਕੇ ਚੱਲ ਵਸਿਆ। ਅੱਜ ਸਸਕਾਰ ਹੈ ਇਸ ਲਈ ਪਟਿਆਲੇ ਨੂੰ ਰਵਾਨਗੀ ਪਾ ਦਿਓ। ਦਰਸ਼ਨ ਦੀ ਕੈਂਸਰ ਦੀ ਮਰੀਜ਼ ਪਤਨੀ ਦਾ ਦੁੱਖ ਸਹਾਰ ਨਹੀਂ ਸੀ ਹੁੰਦਾ। ਇਨ੍ਹਾਂ ਦੋਹਾਂ ਸੱਥਰਾਂ ਤੋਂ ਫਾਰਗ ਹੋ ਕੇ ਮੈਂ ਦੁਖੀ ਮਨ ਨਾਲ ਰਾਤੀ ਘਰ ਪੁੱਜਿਆ ਸੀ ਕਿ ਪਤਨੀ ਬੋਲੀ "ਗੋਬਿੰਦਗੜ੍ਹ ਤੋਂ ਮੇਰੇ ਭਰਾ ਦੀ ਫਰਨੇਸ ਫੇਲ੍ਹ ਹੋ ਗਈ ਹੈ। ਕਰੋੜਾਂ ਦਾ ਘਾਟਾ ਪੈ ਗਿਆ ਹੈ।" ਇਨ੍ਹਾਂ ਦੁੱਖ ਭਰੀਆਂ ਗੱਲਾਂ ਬਾਰੇ ਸੋਚ ਹੀ ਰਿਹਾ ਸੀ ਕਿ ਕੈਲੇਫੋਰਨੀਆ ਦੇ ਸ਼ਹਿਰ ਟਰੇਸੀ ਤੋਂ ਫੋਨ ਆ ਗਿਆ ਬਚਿੱਤਰ ਬੋਲ ਰਿਹਾ ਸੀ ਕਿ "ਮੈਂ ਪੰਜਾਬ ਆ ਰਿਹਾ ਹਾਂ।" ਇਸ ਪਰਿਵਾਰ ਕੋਲ 2005 ਵਿੱਚ ਮੈਂ ਟਰੇਸੀ ਵਿਖੇ ਠਹਿਰਿਆ ਸੀ।

ਦੁੱਖ ਦੀਆਂ ਖਬਰਾਂ ਕਰਕੇ ਨੀਂਦ ਨਹੀਂ ਆ ਰਹੀ ਸੀ। ਮਨ ਬਹੁਤ ਭਾਰੀ ਸੀ, ਫਰਾਇਡ ਕਹਿੰਦਾ ਹੈ ਕਿ ਸੁਪਨੇ ਵੀ ਦਿਨ ਦੀਆਂ ਗਤੀਵਿਧੀਆਂ ਦੇ ਪ੍ਰਤੀਬਿੰਬ ਹੀ ਹੁੰਦੇ ਹਨ। ਤੀਜੇ ਪਹਿਰ ਜਾ ਕੇ ਅੱਖ ਲੱਗੀ, ਵੇਖਦਾ ਹਾਂ ਕਿ ਬਚਿੱਤਰ ਆ ਗਿਆ ਹੈ। ਉਹ ਮੈਨੂੰ ਪੰਜਾਬ ਦੇ ਪਿੰਡਾਂ ਵਿੱਚ ਰਹਿੰਦੇ ਸਾਡੇ ਵੱਖ-ਵੱਖ ਦੋਸਤਾਂ ਮਿੱਤਰਾਂ ਕੋਲ ਲੈ ਜਾਂਦਾ ਹੈ। ਰਸਤੇ ਦੀਆਂ ਸੜਕਾਂ ਬਹੁਤ ਸਾਫ਼ ਸੁਥਰੀਆਂ ਸਨ ਕਿਸੇ ਵੀ ਸੜਕ 'ਤੇ ਕੋਈ ਟੋਆ ਨਹੀਂ ਸੀ ਅਤੇ ਨਾ ਹੀ ਅਸੀਂ ਕੋਈ ਦੁਰਘਟਨਾ ਦੀ ਖਬਰ ਸੁਣੀ ਤੇ ਨਾ ਹੀ ਅਖਬਾਰ ਵਿੱਚ ਅਜਿਹੀ ਕੋਈ ਖ਼ਬਰ ਪੜ੍ਹੀ। ਮਨ ਬਹੁਤ ਖੁਸ਼ ਹੋਇਆ ਕਿ ਸਾਡੇ ਪੰਜਾਬ ਦੇ ਘਰਾਂ ਵਿੱਚ ਹੁਣ ਕੀਰਨੇ ਨਹੀਂ ਪੈਂਦੇ। ਇਸ ਤੋਂ ਬਾਅਦ ਅਸੀਂ ਮੇਰੇ ਪਿੰਡ ਪਹੁੰਚ ਗਏ। ਪਿੰਡ ਵਿੱਚ ਸਿਰਫ਼ ਬਜ਼ੁਰਗ ਹੀ ਨਜ਼ਰ ਆਏ। ਉਹ ਕਹਿਣ ਲੱਗੇ "ਹੁਣ ਤਾਂ ਹਰ ਮਹੀਨੇ ਪੰਜਾਹ-ਸੱਠ ਹਜ਼ਾਰ ਰੁਪਏ ਸਾਡੇ ਖਾਤੇ ਵਿੱਚ ਬੁਢਾਪਾ ਪੈਨਸਨਾਂ ਦੇ ਸਰਕਾਰ ਵੱਲੋਂ ਆ ਜਾਂਦੇ ਹਨ। ਪੰਜਾਬ ਵਿੱਚ ਬਹੁਤ ਖੁਸ਼ਹਾਲੀ ਆ ਗਈ ਹੈ। ਸਾਰੇ ਗੱਭਰੂ ਤੇ ਮੁਟਿਆਰਾਂ ਕੰਮਾਂ 'ਤੇ ਜਾਂਦੇ ਹਨ। ਖੇਡ ਦੇ ਮੈਦਾਨਾਂ ਵਿੱਚ ਕਬੱਡੀ ਕਬੱਡੀ ਹੀ ਹੋਈ ਜਾਂਦੀ ਹੈ। ਭੱਠੇ ਚੱਲ ਪਏ ਹਨ ਕੋਈ ਮਜ਼ਦੂਰ ਮਿਸਤਰੀ ਵੇਹਲਾ ਨਹੀਂ ਫਿਰਦਾ। ਹਰ ਕੋਈ ਲੱਖ ਦੋ ਲੱਖ ਰੁਪਇਆ ਮਹੀਨਾ ਕਮਾ ਹੀ ਲੈਂਦਾ ਹੈ। ਹਰੇਕ ਨੇ ਵੱਡੀ ਗੱਡੀ ਰੱਖੀ ਹੋਈ ਹੈ।"

ਇੱਕ ਬਜ਼ੁਰਗ ਔਰਤ ਤਾਂ ਇੱਕ ਸਰਕਾਰੀ ਚਿੱਠੀ ਹੀ ਪੜ੍ਹਾਉਣ ਲਈ ਮੇਰੇ ਕੋਲ ਲੈ ਆਈ। ਜਿਸ ਵਿੱਚ ਲਿਖਿਆ ਸੀ ਕਿ ਅਪ੍ਰੈਲ ਦੀ ਵੀਹ ਤਾਰੀਖ਼ ਨੂੰ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ ਲਈ ਦੋ ਘੰਟੇ ਬਿਜਲੀ ਬੰਦ ਰਹੇਗੀ। ਘਰ ਦੇ ਮਾਲਕ ਨੇ ਕਿਹਾ ਹੁਣ ਤਾਂ ਪੰਜਾਬ ਕੋਲ ਬਿਜਲੀ ਵਾਧੂ ਹੈ। ਉਹ ਤਾਂ ਦੂਜੇ ਸੂਬਿਆਂ ਨੂੰ ਬਿਜਲੀ ਵੇਚ ਰਿਹਾ ਹੈ। ਮੈਂ ਟਰੇਸੀ ਵਿੱਚ ਵੀ ਅਜਿਹਾ ਵੇਖਿਆ ਸੀ। ਸੱਥ ਵਿੱਚੋਂ ਹੀ ਮੈਨੂੰ ਸਕੂਲ ਦਾ ਪ੍ਰਿੰਸੀਪਲ ਸਕੂਲ ਦਿਖਾਉਣ ਲਈ ਲੈ ਤੁਰਦਾ ਹੈ। ਸਕੂਲ ਦੇ ਸਾਫ਼-ਸੁਥਰੇ ਕਮਰੇ ਫਰਨੀਚਰ ਨਾਲ ਭਰੇ ਪਏ ਹਨ। ਹਰੇਕ ਵਿਦਿਆਰਥੀ ਕੋਲ ਆਪਣਾ ਆਪਣਾ ਲੈਪਟੋਪ ਹੈ। ਅਧਿਆਪਕ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਉਹ ਕਹਿ ਰਹੇ ਸਨ ਹੁਣ ਅਸੀਂ ਠੇਕੇ 'ਤੇ ਨਹੀਂ ਸਗੋਂ ਵੱਡੀਆਂ ਤਨਖ਼ਾਹਾਂ ਲੈ ਰਹੇ ਹਾਂ। ਸਕੂਲ ਤੋਂ ਕੁਝ ਮੀਲਾਂ ਦੀ ਦੂਰੀ 'ਤੇ ਸ਼ਹਿਰ ਦਾ ਹਸਪਤਾਲ ਸੀ ਅਸੀਂ ਉਹ ਵੇਖਣ ਲਈ ਵੀ ਜਾਂਦੇ ਹਾਂ। ਸਟਾਫ਼ ਪੂਰਾ ਸੀ। ਕੈਂਸਰ ਦਾ ਮਰੀਜ਼ ਕੋਈ ਕਿਤੇ ਨਜ਼ਰ ਨਹੀਂ ਸੀ ਆ ਰਿਹਾ ਅਤੇ ਨਾ ਹੀ ਕੋਈ ਨਸ਼ੇ ਕਰਨ ਵਾਲਾ ਨੌਜਵਾਨ ਹਸਪਤਾਲ ਦਾਖ਼ਲ ਸੀ। ਨਰਸਾਂ ਤੇ ਡਾਕਟਰਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਹ ਕਹਿ ਰਹੇ ਸਨ "ਹੁਣ ਗਰੀਬ ਲੋਕਾਂ ਨੂੰ ਇਲਾਜ ਲਈ ਆਪਣੇ ਘਰ ਨਹੀਂ ਵੇਚਣੇ ਪੈਂਦੇ, ਸਗੋਂ ਹਰੇਕ ਮਰੀਜ਼ ਨੂੰ ਦਵਾਈਆਂ ਤੇ ਖਾਣੇ ਦੇ ਨਾਲ ਨਾਲ ਆਉਣ ਜਾਣ ਦਾ ਖਰਚਾ ਵੀ ਸਰਕਾਰ ਕਰਦੀ ਹੈ। ਇਸ ਤੋਂ ਬਾਅਦ ਮੈਂ ਆਪਣਾ ਡਰਾਈਵਿੰਗ ਲਾਈਸੈਂਸ ਰੀਨਿਊ ਕਰਵਾਉਣਾ ਸੀ। ਮੈਂ ਸੁਵਿਧਾ ਸੈਂਟਰ 'ਚ ਜਾ ਪੁੱਜਦਾ ਹਾਂ। ਉਥੇ ਇੱਕ ਖਿੜਕੀ ਤੋਂ ਮੈਂ ਮੁਫ਼ਤ ਹੀ ਇੱਕ ਫਾਰਮ ਲਿਆ ਅਤੇ ਭਰ ਕੇ ਲਾਈਨ ਵਿੱਚ ਖੜ੍ਹ ਗਿਆ। ਲਾਈਨ ਵਿੱਚ ਸਿਰਫ਼ ਦੋ ਹੀ ਵਿਅਕਤੀ ਸਨ। ਸੁਖਵੀਰ ਇੱਕ ਹੋਰ ਲਾਈਨ ਵਿੱਚ ਆ ਕੇ ਖੜ੍ਹ ਗਿਆ। ਕਹਿਣ ਲੱਗਿਆ "ਮੈਂ ਵੀ ਆਪਣਾ ਅਸਲਾ ਲਾਇਸੈਂਸ ਰੀਨਿਊ ਕਰਵਾਉਣਾ ਹੈ। ਅਜੇ ਦਫ਼ਤਰ ਜਾ ਕੇ ਆਪਣਾ ਮੇਜ਼ ਵੀ ਆਪ ਸਾਫ਼ ਕਰਨਾ ਹੈ। ਅੱਜ ਕੱਲ੍ਹ ਵਜ਼ੀਰਾਂ ਨੂੰ ਆਪਣੇ ਕੰਮ ਆਪ ਹੀ ਕਰਨੇ ਪੈਂਦੇ ਹਨ। ਹੋਰ ਤਾਂ ਹੋਰ ਆਪਣੇ ਪੁੱਤਰਾਂ ਧੀਆਂ ਨੂੰ ਵੀ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣਾ ਪੈਂਦਾ ਹੈ।" ਇਹ ਸਾਰੀਆਂ ਸਹੂਲਤਾਂ ਵੇਖ ਕੇ ਬਚਿੱਤਰ ਕਹਿਣ ਲੱਗਿਆ ਕਿ "ਹੁਣ ਤਾਂ ਸੱਚੀਓਂ ਹੀ ਪੰਜਾਬ ਕੈਲੇਫੋਰਨੀਆ ਬਣ ਗਿਆ ਹੈ। ਹੁਣ ਮੈਂ ਟਰੇਸੀ ਜਾ ਕੇ ਕੀ ਕਰਨਾ ਹੈ।" ਇਨ੍ਹੇ ਨੂੰ ਘਰ ਦੀ ਘੰਟੀ ਖੜਕਦੀ ਹੈ, ਮੇਰੀ ਨੀਂਦ ਟੁੱਟਦੀ ਹੈ ਬੂਹਾ ਖੋਲ੍ਹਦਾ ਹਾਂ ਦੇਖਦਾ ਹਾਂ, ਮੇਰਾ ਪੁੱਤਰ ਜੋ ਸਰਕਾਰੀ ਹਸਪਤਾਲ ਵਿੱਚ ਡਾਕਟਰ ਹੈ ਤੇ ਮੇਰੀ ਨੂੰਹ ਜੋ ਸਰਕਾਰੀ ਅਧਿਆਪਕਾਂ ਹੈ ਬੂਹੇ 'ਤੇ ਖੜ੍ਹੇ ਕਹਿ ਰਹੇ ਸਨ, "ਪਾਪਾ ਜੀ, ਦੋ ਹਜ਼ਾਰ ਰੁਪਇਆ ਦਿਓ। ਗੱਡੀ ਵਿੱਚ ਪੈਟਰੋਲ ਨਹੀਂ, ਚਾਰ ਮਹੀਨੇ ਹੋ ਗਏ ਤਨਖਾਹਾਂ ਨਹੀਂ ਮਿਲੀਆਂ।"

ਕਾਸ਼! ਮੇਰਾ ਸੁਪਨਾ ਹਕੀਕਤ ਹੁੰਦਾ।